# ਵਾਰਸ਼ਿਕ ਰਿਪੋਰਟ 2019

ਪੰਜਾਬੀ ਯੂਨੀਵਰਸਿਟੀ, ਪਟਿਆਲਾ

ਸੰਪਾਦਕ

**ਡਾ. ਮੋਹਨ ਸਿੰਘ ਤਿਆਗੀ**

ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਸਾਹਿਤ ਅਧਿਐਨ ਵਿਭਾਗ

ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਤਤਕਰਾ


1. **ਖੋਜ ਅਤੇ ਅਕਾਦਮਿਕ ਕਾਰਜਾਂ ਲਈ ਸਥਾਪਿਤ ਵਿਭਾਗ**

    1. ਗੁਰਮਤਿ ਸੰਗੀਤ ਚੇਅਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ
    2. ਸੋਸ਼ਲ ਵਰਕ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
    3. ਬੇਸਿਕ ਅਤੇ ਅਪਲਾਈਡ ਸਾਇੰਸਜ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
    4. ਫਿਲਾਸਫ਼ੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
    5. ਫ਼ਾਰਸੀ, ਉਰਦੂ ਅਤੇ ਅਰਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
    6. ਕੰਪਿਊਟਰ ਸਾਇੰਸ ਐਂਡ ਇੰਜੀਨੀਅਰਰਿੰਗ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
    7. ਆਈ.ਏ.ਐਸ. ਐਂਡ ਅਲਾਇਡ ਸਰਵਿਸਿਜ਼ ਟ੍ਰੇਨਿੰਗ ਸੈਂਟਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ
    8. ਭੌਤਿਕ ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
    9. ਪੰਜਾਬੀ ਪੀਡੀਆ ਸੈਂਟਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ
    10. ਪ੍ਰੋਫ਼ੈਸਰ ਹਰਬੰਸ ਸਿੰਘ ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
    11. ਕੈਮਿਸਟਰੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
    12. ਸ੍ਰੀ ਗੁਰੂ ਤੇਗ ਬਹਾਦਰ ਰਾਸ਼ਟਰੀ ਏਕਤਾ ਚੇਅਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ
    13. ਪੰਜਾਬ ਇਤਿਹਾਸ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
    14. ਸਕੂਲ ਆਫ਼ ਸੋਸ਼ਲ ਸਾਇੰਸਿਜ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ
    15. ਮਨੋਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
    16. ਸਟੈਟਿਸਟਿਕਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
    17. ਗੁਰਮਤਿ ਗਿਆਨ ਆਨ ਲਾਈਨ ਸਟੱਡੀ ਸੈਂਟਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ
    18. ਮਕੈਨੀਕਲ ਇੰਜੀਨੀਅਰਿੰਗ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
    19. ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
    20. ਬਾਇਓਟੈਕਨਾਲੋਜੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

21. ਥੀਸਿਜ਼ ਮੁਲਾਂਕਣ ਸੈੱਲ, ਪੰਜਾਬੀ ਯੂਨੀਵਰਸਿਟੀ, ਪਟਿਆਲਾ

22. ਪੰਜਾਬੀ ਸਾਹਿਤ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

23. ਯੂਨੀਵਰਸਿਟੀ ਸਕੂਲ ਆਫ਼ ਐਪਲਾਈਡ ਮੈਨੇਜਮੈਂਟ, ਪੰਜਾਬੀ ਯੂਨੀਵਰਸਿਟੀ, ਪਟਿਆਲਾ

24. ਅਰਥ ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

25. ਫੌਰੈਂਸਿਕ ਸਾਇੰਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

26. ਸਿਵਲ ਇੰਜੀਨੀਅਰਿੰਗ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

27. ਡਾਇਰੈਕਟੋਰੇਟ ਆਫ਼ ਸਪੋਰਟਸ , ਪੰਜਾਬੀ ਯੂਨੀਵਰਸਿਟੀ, ਪਟਿਆਲਾ

28. ਹਿਊਮਨ ਜੈਨੇਟਿਕਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

29. ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

30. ਯੁਵਕ ਭਲਾਈ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

31. ਉਸਾਰੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

32. ਅੰਗਰੇਜ਼ੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

33. ਫਿਜਿਓਥੈਰੇਪੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

34. ਜੌਗਰਫੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

35. ਟੂਰਿਜ਼ਮ, ਹੋਸਪਿਟੈਲਿਟੀ ਅਤੇ ਹੋਟਲ ਮੈਨੇਜਮੈਂਟ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

36. ਪੰਜਾਬ ਸਕੂਲ ਆਫ਼ ਲਾਅ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

37. ਸੰਸਕ੍ਰਿਤ ਅਤੇ ਪਾਲੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

38. ਔਸ਼ਧੀ ਵਿਗਿਆਨ ਅਤੇ ਦਵਾਈ ਖੋਜ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

39. ਲੋਕ ਪ੍ਰਸ਼ਾਸਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

40. ਪੱਤਰਕਾਰੀ ਅਤੇ ਜਨ ਸੰਚਾਰ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

41. ਰਾਜਨੀਤੀ ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

42. ਕਾਨੂੰਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

43. ਸਿੱਖਿਆ ਅਤੇ ਸਮੁਦਾਇ ਸੇਵਾ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

44. ਸਕੂਲ ਆਫ਼ ਮੈਨੇਜਮੈਂਟ ਸਟੱਡੀਜ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

45. ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਤਕਨੀਕੀ ਵਿਕਾਸ ਦਾ ਖੋਜ ਕੇਂਦਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ

46. ਭਾਈ ਕਾਨ੍ਹ ਸਿੰਘ ਨਾਭਾ ਲਾਇਬਰੇਰੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ

47. ਗਣਿਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

48. ਸਮਾਜ ਵਿਗਿਆਨ ਅਤੇ ਸਮਾਜਿਕ ਮਾਨਵ ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

49. ਸਰੀਰਕ ਸਿੱਖਿਆ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

50. ਵਿਦੇਸ਼ੀ ਭਾਸ਼ਾਵਾਂ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

51. ਵਿੱਤੀ ਸਾਲ 01/04/2019 ਤੋਂ 31/3/2021 ਤੱਕ ਆਮਦਨ ਦਾ ਵੇਰਵਾ ਦੇਣ ਸੰਬੰਧੀ

52. ਥੀਏਟਰ ਅਤੇ ਟੈਲੀਵਿਜਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

53. ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

54. ਭਾਸ਼ਾ ਵਿਗਿਆਨ ਅਤੇ ਪੰਜਾਬੀ ਕੋਸ਼ਕਾਰੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

55. ਕੰਪਿਊਟਰ ਸਾਇੰਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

56. ਵਿਮੈਨਜ਼ ਸਟੱਡੀਜ਼ ਸੈਂਟਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ

57. ਲਾਇਬ੍ਰੇਰੀ ਅਤੇ ਸੂਚਨਾ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

58. ਬਾਟਨੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

59. ਸੁਰੱਖਿਆ ਅਤੇ ਯੁੱਧਨੀਤੀ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

60. ਸੈਂਟਰ ਫਾਰ ਡਾਇਸਪੋਰਾ, ਸਟੱਡੀਜ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ

61. ਬਾਬਾ ਫ਼ਰੀਦ ਸੈਂਟਰ ਫਾਰ ਸੂਫ਼ੀ ਸਟੱਡੀਜ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ

62. ਭਾਈ ਵੀਰ ਸਿੰਘ ਚੇਅਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ

63. ਸੈਂਟਰ ਫਾਰ ਐਡਵਾਂਸਡ ਮੀਡੀਆ ਸਟੱਡੀਜ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ

64. ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ

65. ਮਹਾਰਿਸ਼ੀ ਵਾਲਮੀਕੀ ਚੇਅਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**2. ਰੀਜ਼ਨਲ ਸੈਂਟਰ ਅਤੇ ਨੇਬਰਹੁੱਡ ਕੈਂਪਸ**

1. ਪੰਜਾਬੀ ਯੂਨੀਵਰਸਿਟੀ ਬਾਬਾ ਜੋਗੀਪੀਰ ਨੇਬਰਹੁੱਡ ਕੈਂਪਸ ਰੱਲਾ (ਮਾਨਸਾ)
2. ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ ਫਾਰ ਇਨਫਾਰਮੇਸ਼ਨ ਤਕਨਾਲੋਜੀ ਐਂਡ ਮੈਨੇਜਮੈਂਟ, ਫੇਜ਼-7, ਮੋਹਾਲੀ
3. ਯੂਨੀਵਰਸਿਟੀ ਕਾਲਜ ਆਫ ਬਿਜਨਸ ਸਟੱਡੀਜ਼, ਤਲਵੰਡੀ ਸਾਬੋ
4. ਯੂਨੀਵਰਸਿਟੀ ਕਾਲਜ ਚੁੰਨੀ ਕਲਾਂ (ਫਤਿਹਗੜ੍ਹ ਸਾਹਿਬ)

**3. ਯੂਨੀਵਰਸਿਟੀ ਨਾਲ ਸੰਬੰਧਿਤ ਕਾਲਜ ਦੀਆਂ ਗਤੀਵਿਧੀਆਂ**

1. ਮਾਲਵਾ ਕਾਲਜ ਆਫ਼ ਐਜੂਕੇਸ਼ਨ, ਦਿਉਣ, ਬਠਿੰਡਾ
2. ਆਕਲੀਆ ਕਾਲਜ ਆਫ਼ ਐਜੂਕੇਸ਼ਨ ਫਾਰ ਵੂਮੈਨ, ਆਕਲੀਆ ਕਲਾਂ, ਬਠਿੰਡਾ
3. ਆਕਲੀਆ ਡਿਗਰੀ ਕਾਲਜ, ਆਕਲੀਆ ਕਲਾਂ, ਬਠਿੰਡਾ
4. ਐਲ.ਬੀ.ਐਮ.ਐਸ ਕਾਲਜ, ਨਾਭਾ
5. ਪਾਈਨ ਗਰੋਵ ਕਾਲਜ ਆਫ ਐਜੂਕੇਸ਼ਨ, ਬਸੀ ਪਠਾਣਾ
6. ਗਿਆਨ ਜਯੋਤੀ ਗਰਲਜ਼ ਕਾਲਜ, ਸੰਗਤ ਬਠਿੰਡਾ
7. ਪੰਜਾਬ ਕਾਲਜ ਆਫ਼ ਐਜੂਕੇਸ਼ਨ, ਰਾਏਪੁਰ, ਬਹਾਦਰਗੜ੍ਹ
8. ਪ੍ਰੋ. ਗੁਰਸੇਵਕ ਸਿੰਘ ਸਰਕਾਰੀ ਕਾਲਜ ਆਫ ਫਿਜ਼ੀਕਲ ਐਜੂਕੇਸ਼ਨ, ਪਟਿਆਲਾ
9. ਗੋਸਵਾਮੀ ਗਣੇਸ਼ ਦੱਤਾ ਸਨਾਤਨ ਧਰਮ ਕਾਲਜ, ਖੇੜੀ ਗੁਰਨਾ, ਬਨੂੜ
10. ਮੇਹਰ ਚੰਦ ਕਾਲਜ ਆਫ਼ ਐਜੂਕੇਸ਼ਨ, ਭਨੂਪਲੀ, ਨੰਗਲ, ਜਿਲ੍ਹਾ-ਰੋਪੜ
11. ਬਾਬਾ ਜ਼ੋਰਾਵਰ ਸਿੰਘ ਫਤਹਿ ਸਿੰਘ ਖਾਲਸਾ ਗਰਲਜ਼ ਕਾਲਜ, ਮੋਰਿੰਡਾ (ਰੋਪੜ)
12. ਗਾਂਧੀ ਮੈਮੋਰੀਅਲ ਕਾਲਜ ਫਾਰ ਵੂਮੈਨ, ਕੋਟਕਪੂਰਾ
13. ਕਰਨਲ ਕਾਲਜ ਆਫ਼ ਐਜੂਕੇਸ਼ਨ, ਮੰਚ, ਚੂੜਲ ਕਲਾਂ, ਸੰਗਰੂਰ
14. ਕਰਨਲ ਡਿਗਰੀ ਕਾਲਜ, ਚੂੜਲ ਕਲਾਂ (ਸੰਗਰੂਰ)
15. ਐਸ.ਐਸ.ਡੀ ਗਰਲਜ਼ ਕਾਲਜ, ਬਠਿੰਡਾ
16. ਸਰਕਾਰੀ ਬਿਕਰਮ ਕਾਲਜ ਆਫ਼ ਕਾਮਰਸ, ਪਟਿਆਲਾ
17. ਸ਼ਿਵਾਲਿਕ ਗਰਲਜ਼ ਕਾਲਜ ਭੁੱਚੋ ਮੰਡੀ (ਬਠਿੰਡਾ)
18. ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕਾਲਜ ਦਮਦਮਾ ਸਾਹਿਬ ਤਲਵੰਡੀ ਸਾਬੋ (ਬਠਿੰਡਾ)

19. ਐੱਮ.ਬੀ.ਐੱਸ.ਬੀ.ਐੱਨ.ਬੀ. ਕਾਲਜ, ਟਿੱਬਾ ਨੰਗਲ (ਰੋਪੜ)

20. ਐੱਸ.ਐੱਸ.ਡੀ. ਕਾਲਜ, ਬਰਨਾਲਾ

21. ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ

22. ਯੂਨੀਵਰਸਿਟੀ ਕਾਲਜ, ਬਹਾਦਰਪੁਰ (ਮਾਨਸਾ)

23. ਮਾਘੀ ਮੈਮੋਰੀਅਲ ਕਾਲਜ ਫਾਰ ਵਿਮੈਨ, ਅਮਲੋਹ

24. ਮਾਤਾ ਸਾਹਿਬ ਕੌਰ ਗਰਲਜ਼ ਕਾਲਜ, ਤਲਵੰਡੀ ਸਾਬੋ (ਬਠਿੰਡਾ)

25. ਬੀਬੀ ਸ਼ਰਨ ਕੌਰ ਖਾਲਸਾ ਕਾਲਜ, ਸ੍ਰੀ ਚਮਕੌਰ ਸਾਹਿਬ, ਰੋਪੜ

26. ਪਟੇਲ ਮੈਮੋਰੀਅਲ ਨੈਸ਼ਨਲ ਕਾਲਜ, ਰਾਜਪੁਰਾ

27. ਬਾਬਾ ਪਰਮਾਨੰਦ ਕੰਨਿਆ ਮਹਾਂਵਿਦਿਆਲਿਆ, ਜਖੇਪਲ

28. ਗੁਰੂਕੁਲ ਕਾਲਜ ਫਾਰ ਵੂਮੈਨ, ਕੋਠੇ (ਕੋਟਕਪੂਰਾ)

29. ਬਾਬਾ ਫ਼ਰੀਦ ਲਾਅ ਕਾਲਜ, ਫ਼ਰੀਦਕੋਟ

30. ਐੱਸ.ਬੀ.ਐੱਸ.ਬੀ.ਐੱਮ. ਯੂਨੀਵਰਸਿਟੀ ਕਾਲਜ, ਸਰਦੂਲਗੜ੍ਹ (ਮਾਨਸਾ)

31. ਸ੍ਰੀ ਲਾਲ ਬਹਾਦਰ ਸ਼ਾਸਤਰੀ ਆਰੀਆ ਮਹਿਲਾ ਕਾਲਜ, ਬਰਨਾਲਾ

32. ਅਕਾਲ ਡਿਗਰੀ ਕਾਲਜ ਫਾਰ ਵੂਮੈਨ, ਸੰਗਰੂਰ

33. ਸ੍ਰੀ ਗੁਰੂ ਹਰਿਕ੍ਰਿਸ਼ਨ ਕਾਲਜ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ, ਰਾਇਪੁਰ, ਬਹਾਦੁਰਗੜ, ਪਟਿਆਲਾ

34. ਖ਼ਾਲਸਾ ਕਾਲਜ (ਅੰਮ੍ਰਿਤਸਰ) ਆਫ਼ ਟੈਕਨਾਲੋਜੀ ਐਂਡ ਬਿਜ਼ਨਸ ਸਟੱਡੀਜ਼,ਸਾਹਿਬਜ਼ਾਦਾ ਅਜੀਤ ਸਿੰਘ ਨਗਰ

35. ਸੰਤ ਕਬੀਰ ਕਾਲਜ ਆਫ਼ ਐਜੂਕੇਸ਼ਨ ਕੌਲੀ, ਪਟਿਆਲਾ

36. ਸਰਕਾਰੀ ਰਾਜਿੰਦਰਾ ਕਾਲਜ, ਬਠਿੰਡਾ

37. ਗੁਰੂ ਗੋਬਿੰਦ ਸਿੰਘ ਡਿਗਰੀ ਕਾਲਜ, ਤਲਵੰਡੀ ਸਾਬੋ (ਬਠਿੰਡਾ)

38. ਸ. ਰਾਜਿੰਦਰ ਸਿੰਘ ਚਹਿਲ ਕਾਲਜ ਆਫ਼ ਫਿਜ਼ੀਕਲ ਐਜੂਕੇਸ਼ਨ, ਕਲਿਆਣ

39. ਅਕਾਲ ਕਾਲਜ ਆਫ਼ ਐਜੂਕੇਸ਼ਨ ਗੁਰਸਾਗਰ, ਮਸਤੂਆਣਾ ਸਾਹਿਬ (ਸੰਗਰੂਰ)

40. ਅਕਾਲ ਕਾਲਜ ਆਫ ਫਿਜ਼ੀਕਲ ਐਜੂਕੇਸ਼ਨ, ਗੁਰਸਾਗਰ, ਮਸਤੂਆਣਾ ਸਾਹਿਬ (ਸੰਗਰੂਰ)

41. ਸਰਕਾਰੀ ਬ੍ਰਿਜਿੰਦਰਾ ਕਾਲਜ, ਫ਼ਰੀਦਕੋਟ

42. ਮਾਤਾ ਮਾਈਸਰਖ਼ਾਨਾ ਕਾਲਜ ਆਫ਼ ਐਜੂਕੇਸ਼ਨ (ਫਾਰ ਗਰਲਜ਼), ਮਾਈਸਰਖ਼ਾਨਾ

43. ਕਰਨਲ ਕਾਲਜ ਆਫ਼ ਫਿਜੀਕਲ ਐਜੂਕੇਸ਼ਨ, ਚੂੜਲ ਕਲਾਂ

44. ਸੈਫ਼ਰਨ ਕਾਲਜ ਲੜਕੀਆਂ, ਕੋਟਲਾ ਬਜਵਾੜਾ, ਫਤਿਹਗੜ੍ਹ ਸਾਹਿਬ

45. ਯਾਦਵਿੰਦਰਾ ਕਾਲਜ ਆਫ਼ ਇੰਜੀਨੀਅਰਿੰਗ, ਤਲਵੰਡੀ ਸਾਬੋ

46. ਐਸ.ਐਸ.ਡੀ ਵਿਮੈਨ ਇੰਸਟੀਚਿਊਟ ਆਫ ਟੈਕਨਾਲੋਜੀ, ਅਮਰੀਕ ਰੋਡ, ਬਠਿੰਡਾ

47. ਸ਼ਿਵਾਲਿਕ ਇੰਸਟੀਚਿਊਟ ਆਫ ਐਜੂਕੇਸ਼ਨ ਐਂਡ ਰਿਸਰਚ, ਫੇਜ਼-6, ਮੋਹਾਲੀ

48. ਯੂਨੀਵਰਸਿਟੀ ਕਾਲਜ ਜੈਤੋ

49. ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ, ਖ਼ਾਲਸਾ ਕਾਲਜ, ਪਟਿਆਲਾ

50. ਸਰਕਾਰੀ ਕਾਲਜ ਲੜਕੀਆਂ, ਪਟਿਆਲਾ

51. ਪੰਜਾਬ ਕਾਲਜ ਆਫ਼ ਕਾਮਰਸ ਐਂਡ ਐਗਰੀਕਲਚਰ, ਪਿੰਡ ਸਰਕੱਪੜਾ, ਚੁੰਨੀ ਕਲਾਂ, ਫ਼ਤਿਹਗੜ੍ਹ

52. ਸੰਤ ਬਾਬਾ ਸੇਵਾ ਮੈਮੋਰੀਅਲ ਸਰਕਾਰੀ ਕਾਲਜ, ਗੁਰੂ ਕਾ ਖੂਹ, ਮੁੰਨੇ, ਨੂਰਪੁਰ ਬੇਦੀ, ਰੋਪੜ

53. ਪੰਜਾਬ ਡਿਗਰੀ ਕਾਲਜ, ਮਹਿਮੂਆਣਾ (ਫ਼ਰੀਦਕੋਟ)

54. ਐੱਸ.ਐੱਸ.ਡੀ. ਗਰਲਜ਼ ਕਾਲਜ ਆਫ਼ ਐਜੂਕੇਸ਼ਨ, ਬਠਿੰਡਾ

55. ਸਰਕਾਰੀ ਕਾਲਜ, ਡੇਰਾ ਬੱਸੀ, ਮੋਹਾਲੀ

56. ਸੰਤ ਨਾਮਦੇਵ ਕੰਨਿਆ ਮਹਾਂਵਿਦਿਆਲਾ, ਬਸੀ ਪਠਾਣਾ, ਫਤਿਹਗੜ੍ਹ ਸਾਹਿਬ

57. ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ, ਭਗਤਾ ਭਾਈ ਕਾ (ਬਠਿੰਡਾ)

58. ਸ਼ਾਂਤੀ ਤਾਰਾ ਗਰਲਜ਼ ਕਾਲਜ, ਅਹਿਮਦਗੜ੍ਹ

59. ਗੁਰੂਕੁਲ ਕਾਲਜ, ਰਿੰਗ ਰੋਡ, ਫੇਸ-2, ਮਲੋਟ ਰੋਡ ਤੋਂ ਬਾਦਲ ਰੋਡ, ਬਠਿੰਡਾ

60. ਸੰਤ ਬਾਬਾ ਅਤਰ ਸਿੰਘ ਖਾਲਸਾ ਕਾਲਜ, ਸੰਦੋੜ (ਸੰਗਰੂਰ)

61. ਡੀ.ਏ.ਵੀ. ਕਾਲਜ, ਬਠਿੰਡਾ

62. ਭਾਈ ਗੁਰਦਾਸ ਕਾਲਜ ਆਫ਼ ਲਾਅ, ਸੰਗਰੂਰ

63. ਸ਼ਹੀਦ ਊਧਮ ਸਿੰਘ ਕਾਲਜ ਆਫ਼ ਐਜੂਕੇਸ਼ਨ, ਮਹਿਲਾ ਚੌਕ, ਸੰਗਰੂਰ

64. ਐੱਸ.ਬੀ.ਆਰ.ਐੱਸ. ਕਾਲਜ ਫਾਰ ਵਿਮੈਨ, ਘੱਦੂਵਾਲਾ (ਸਾਦਿਕ) ਫਰੀਦਕੋਟ

65. ਸ੍ਰੀ ਗੁਰੂ ਤੇਗ਼ ਬਹਾਦਰ ਖ਼ਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ, ਜਿਲ੍ਹਾ ਰੂਪਨਗਰ

66. ਸਵਿਫਟ ਟੈਕਨੀਕਲ ਕੈਂਪਸ

67. ਮੁਲਤਾਨੀ ਮੱਲ ਮੋਦੀ ਕਾਲਜ, ਲੋਅਰ ਮਾਲ, ਨੇੜੇ ਸੁਨਾਮੀ ਗੇਟ ਪਟਿਆਲਾ

68. ਮਾਡਰਨ ਕਾਲਜ, ਬੀਰ ਕਲਾਂ (ਸੰਗਰੂਰ)

69. ਮਾਡਰਨ ਕਾਲਜ ਆਫ਼ ਐਜੂਕੇਸ਼ਨ, ਬੀਰ ਕਲਾਂ (ਸੰਗਰੂਰ)

70. ਮਾਤਾ ਸਾਹਿਬ ਕੌਰ ਗਰਲਜ਼ ਕਾਲਜ, ਗਹਿਲ (ਬਰਨਾਲਾ)

71. ਐਸ.ਡੀ. ਕਾਲਜ, ਬਰਨਾਲਾ

72. ਯੂਨੀਵਰਸਲ ਕਾਲਜ ਆਫ਼ ਐਜੂਕੇਸ਼ਨ ਬਲੋਪੁਰ, ਲਾਲੜੂ, ਜਿਲ੍ਹਾ-ਮੋਹਾਲੀ

73. ਯੂਨੀਵਰਸਲ ਕਾਲਜ ਆਫ਼ ਕਾਮਰਸ ਐਂਡ ਸਾਇੰਸ, ਬਲੋਪੁਰ, ਲਾਲੜੂ

74. ਗੁਰੂ ਨਾਨਕ ਕਾਲਜ ਆਫ਼ ਐਜੂਕੇਸ਼ਨ ਫਾਰ ਗਰਲਜ਼ ਧਨੌਲਾ ਰੋਡ ਭੀਖੀ (ਸਮਾਓ)

75. ਗੁਰੂ ਨਾਨਕ ਦੇਵ ਖਾਲਸਾ ਗਰਲਜ਼ ਕਾਲਜ, ਬਠਿੰਡਾ

76. ਸੰਤ ਮਹੇਸ਼ ਮੁਨੀ ਜੀ ਗਰਲਜ਼ ਕਾਲਜ, ਭਗਤਾ ਭਾਈ ਕਾ

77. ਐੱਸ.ਡੀ. ਕਾਲਜ ਆਫ਼ ਐਜੂਕੇਸ਼ਨ, ਬਰਨਾਲਾ

78. ਦੇਸ਼ ਭਗਤ ਕਾਲਜ, ਬਰੜਵਾਲ, ਧੂਰੀ

79. ਸਰਕਾਰੀ ਰਿਪੁਦਮਨ ਕਾਲਜ, ਨਾਭਾ

80. ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ, ਬੇਲਾ ਰੋਪੜ, ਪੰਜਾਬ

81. ਆਰੀਅਨਜ਼ ਗਰੁੱਪ ਆਫ਼ ਕਾਲਿਜਿਜ਼, ਰਾਜਪੁਰਾ

## ਗੁਰਮਤਿ ਸੰਗੀਤ ਚੇਅਰ

**ਮੁਖੀ:** ਡਾ. ਗੁਰਨਾਮ ਸਿੰਘ, ਪ੍ਰੋਫ਼ੈਸਰ ਤੇ ਮੁਖੀ (ਸੇਵਾ ਮੁਕਤ: 30-06-2019)

ਇਸ ਤੋਂ ਇਲਾਵਾ ਪ੍ਰਬੰਧਕੀ ਅਤੇ ਸਹਾਇਕ ਅਮਲੇ ਵਿੱਚ 01 ਤਕਨੀਕੀ ਸਹਾਇਕ, 02 ਪ੍ਰੋਜੈਕਟਰ ਅਸਿਸਟੈਂਟ, 01 ਸੀਨੀਅਰ ਅਸਿਸਟੈਂਟ, 01 ਪ੍ਰੋਗਰਾਮ ਅਸਿਸਟੈਂਟ, 01 ਫੀਲਡ ਹੈਲਪਰ ਅਤੇ 01 ਸੇਵਾਦਾਰ ਨਿਯੁਕਤ ਹਨ। ਚੇਅਰ ਵੱਲੋਂ ਦੋ ਕਾਨਫਰੰਸਾਂ ਆਯੋਜਿਤ ਕੀਤੀਆਂ ਗਈਆਂ ਹਨ ਜਿਹਨਾਂ ਦੇ ਨਾਮ ਹਨ- 1. ਬੀਬੀ ਜਸਬੀਰ ਕੌਰ ਖਾਲਸਾ ਸਿਮਰਤੀ ਸਮਾਰੋਹ- 10 ਫਰਵਰੀ, 2019 ਅਤੇ 2. ਪ੍ਰਿੰਸੀਪਲ ਸ਼ਮਸ਼ੇਰ ਸਿੰਘ ਕਰੀਰ ਸਿਮਰਤੀ ਸਮਾਰੋਹ- 15 ਮਾਰਚ, 2019, ਚੇਅਰ ਵੱਲੋਂ ਪ੍ਰਾਪਤ ਅਵਾਰਡਾਂ ਵਿੱਚ ਡਾ. ਗੁਰਨਾਮ ਸਿੰਘ ਦਾ ਫਰਵਰੀ, 2019 ਵਿੱਚ ਗੁਰਮਤਿ ਸੰਗੀਤ ਵਿੱਚ ਕੀਤੀਆਂ ਪ੍ਰਾਪਤੀਆਂ ਲਈ ਭਾਰਤ ਦੇ ਰਾਸ਼ਟਰਪਤੀ ਹੱਥੋਂ ਸੰਗੀਤ ਨਾਟਕ ਅਕਾਦਮੀ ਐਵਾਰਡ ਨਾਲ ਸਨਮਾਨਿਆ ਜਾਣਾ ਵਿਸ਼ੇਸ਼ ਸਥਾਨ ਰੱਖਦਾ ਹੈ।

## ਸੋਸ਼ਲ ਵਰਕ ਵਿਭਾਗ

**ਮੁਖੀ:** ਡਾ. ਧਰਮਪਾਲ ਸਿੰਘ

ਇਸ ਸਾਲ ਦੌਰਾਨ ਚਾਰ ਪੀਐੱਚ.ਡੀ ਡਿਗਰੀਆਂ ਅਵਾਰਡ ਹੋਈਆਂ ਹਨ। ਲਿੰਗ ਅਧਿਐਨ, ਮਨੁੱਖੀ ਸਰੋਤ ਪ੍ਰਬੰਧਨ, ਪੇਂਡੂ ਵਿਕਾਸ ਅਤੇ ਕਮਿਊਨਿਟੀ ਵੈਲਫੇਅਰ ਖੋਜ ਦੇ ਪ੍ਰਮੁੱਖ ਖੇਤਰ ਹਨ। ਵਿਭਾਗ ਦੁਆਰਾ 14 ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ ਹਨ। ਵਿਭਾਗ ਦੇ ਅਧਿਆਪਕਾਂ ਦੁਆਰਾ ਇਕ ਸੈਮੀਨਾਰ ਪੇਂਡੂ ਸਮੁਦਾਇ ਵਿਕਾਸ, ਅੰਤਰਰਾਸ਼ਟਰੀ ਵਿਭਾਗ ਵੱਲੋਂ ਦੋ ਸੱਦਾਗਤ ਭਾਸ਼ਣ ਕਰਵਾਏ ਗਏ। ਵਿਭਾਗ ਵੱਲੋਂ ਵਿਸ਼ਵ ਵਾਤਾਵਰਣ ਦਿਵਸ, ਵਿਸ਼ਵ ਮਨੁੱਖੀ ਅਧਿਕਾਰ ਦਿਵਸ, ਵਿਸ਼ਵ ਏਡਜ਼ ਦਿਵਸ, ਵਿਸ਼ਵ ਮਹਿਲਾ ਦਿਵਸ ਆਦਿ ਮਹੱਤਵਪੂਰਨ ਸਮਾਰੋਹ ਆਯੋਜਿਤ ਕੀਤੇ ਗਏ।

## ਬੇਸਿਕ ਅਤੇ ਅਪਲਾਈਡ ਸਾਇੰਸਜ਼ ਵਿਭਾਗ

**ਮੁਖੀ:** ਡਾ. ਰਾਕੇਸ਼ ਕੁਮਾਰ (ਐਸੋਸੀਏਟ ਪ੍ਰੋਫ਼ੈਸਰ, ਮੈਥੇਮੈਟਿਕਸ)

ਮੌਜੂਦਾ ਫੈਕਲਟੀ ਵਿੱਚ 01 ਪ੍ਰੋਫ਼ੈਸਰ, 03 ਐਸੋਸੀਏਟ ਪ੍ਰੋਫ਼ੈਸਰ ਅਤੇ 02 ਅਸਿਸਟੈਂਟ ਪ੍ਰੋਫ਼ੈਸਰ ਹਨ। ਸਾਲ ਵਿੱਚ ਅਵਾਰਡ ਹੋਈਆਂ ਪੀਐੱਚ.ਡੀ. ਡਿਗਰੀਆਂ ਦੀ ਗਿਣਤੀ 08 ਹੈ। ਸਾਲ ਵਿੱਚ ਦਰਜ ਪੀਐੱਚ.ਡੀ ਰਜਿਸਟ੍ਰੇਸ਼ਨਾਂ ਕਮਿਊਨੀਕੇਸ਼ਨ ਸਕਿੱਲ ਅਤੇ ਮੈਨੇਜਮੈਂਟ ਹਨ। ਫੈਕਲਟੀ ਦੁਆਰਾ ਸਾਲ 2019 ਵਿੱਚ 2 ਕਾਨਫਰੰਸ, ਸੈਮੀਨਾਰ ਆਯੋਜਿਤ ਕੀਤੀਆਂ ਗਈਆਂ। ਫੈਕਲਟੀ ਦੁਆਰਾ ਵੱਖ-ਵੱਖ ਕਾਨਫਰੰਸਾਂ/ਸੈਮੀਨਾਰਾਂ/ਸਿੰਪੋਜ਼ੀਅਮ ਅਤੇ ਵਰਕਸ਼ਾਪਾਂ ਵਿੱਚ ਸ਼ਮੂਲੀਅਤ ਕੀਤੀ ਗਈ ਜਿਹਨਾਂ ਵਿੱਚ ਮੈਥੇਮੈਟਿਕਸ ਵਿੱਚ ਡਾ. ਰਾਕੇਸ਼ ਕੁਮਾਰ, ਡਾ. ਪ੍ਰਵੀਨ ਲਤਾ, ਡਾ. ਗਰੀਮਾ ਗੁਪਤਾ, ਮਿਸ ਰੀਤੂ, ਮਿਸਟਰ ਅਮਰਿੰਦਰ ਪਾਲ ਸਿੰਘ ਅਤੇ ਡਾ. ਰਸ਼ਮੀ ਨੇ ਭਾਗ ਲਿਆ। ਫਜ਼ਿਕਸ ਵਿੱਚ ਡਾ. ਅਨੂਪ ਠਾਕੁਰ, ਡਾ. ਸੁਖਪਾਲ ਸਿੰਘ, ਡਾ. ਮੋਹਿੰਦਰ ਸਿੰਘ ਨੇ ਭਾਗ ਲਿਆ। ਕਮਿਸਟਰੀ ਵਿੱਚ ਡਾ. ਰੀਤੂ ਬਾਲਾ ਨੇ ਭਾਗ ਲਿਆ। ਕਮਿਊਨੀਕੇਸ਼ਨ ਸਕਿੱਲ ਵਿੱਚ ਡਾ. ਜੋਤੀ ਪੁਰੀ ਅਤੇ ਮਿਸ. ਕੰਚਨ ਨੇ ਭਾਗ ਲਿਆ। ਮੈਨੇਜਮੈਂਟ ਵਿੱਚ ਡਾ. ਹੀਨਾ ਅਟਵਾਲ, ਡਾ. ਜਸਲੀਨ ਕੌਰ ਅਤੇ ਡਾ. ਦੀਲਾ ਮਿੱਤਰ ਨੇ ਭਾਗ ਲਿਆ।

ਸਾਲ ਵਿੱਚ ਪ੍ਰਾਪਤ ਨਵੇਂ ਖੋਜ ਪ੍ਰੋਜੈਕਟਾਂ ਵਿੱਚ ਫੈਕਲਟੀ ਨੇ ਫਜ਼ਿਕਸ ਵਿੱਚ ਕੰਮ ਕੀਤਾ ਜਿਸ ਵਿੱਚ ਡਾ. ਅਨੁਪ ਠਾਕੁਰ DST ਪ੍ਰਾਜੈਕਟ ਅਧੀਨ "Phase transition studies of Gadoped $Ge_2$ $Sb_2$ $Te_5$ Thin Films for Data Storage Applications" ਤੇ ਕੰਮ ਕੀਤਾ। ਫੈਕਲਟੀ ਵਿੱਚ ਮੈਨੇਜਮੈਂਟ ਦੇ ਡਾ. ਹੀਨਾ ਅਟਵਾਲ ਨੇ ਬੈਸਟ ਟੀਚਰ ਐਵਾਰਡ ESN (ਚੇਨਈ) ਤੋਂ 28 ਸਤੰਬਰ 2019 ਨੂੰ ਪ੍ਰਾਪਤ ਕੀਤਾ।

ਫੈਕਲਟੀ ਵਿੱਚ ਮਹੱਤਵਪੂਰਨ ਕਮੇਟੀਆਂ ਵਿੱਚ ਮੈਂਬਰਾਂ ਦੀ ਗਿਣਤੀ 04 ਹੈ।

## ਫਿਲਾਸਫ਼ੀ ਵਿਭਾਗ

**ਮੁਖੀ:** ਡਾ. ਪਰਦੀਪ ਕੁਮਾਰ

ਇਸ ਸਾਲ ਵਿੱਚ ਇਕ ਪੀਐਚ.ਡੀ ਦੀ ਡਿਗਰੀ ਅਵਾਰਡ ਹੋਈ ਅਤੇ ਪੰਜ ਨਵੀਆਂ ਪੀਐੱਚ.ਡੀ ਰਜਿਸਟ੍ਰੇਸ਼ਨਾਂ ਹੋਈਆਂ ਹਨ। ਐਮ.ਫਿਲ ਦੇ ਵਿਦਿਆਰਥੀਆਂ ਦੀ ਗਿਣਤੀ 9 ਹੈ। ਭਾਰਤੀ ਅਤੇ ਪੱਛਮੀ ਦਰਸ਼ਨ ਦਾ ਇਤਿਹਾਸ, ਭਾਰਤੀ ਅਤੇ ਪੱਛਮੀ ਤਰਕ ਸ਼ਾਸਤਰ, ਸਿੱਖ ਧਰਮ ਦਾ ਫ਼ਲਸਫ਼ਾ, ਸਿੱਖ ਮੱਤ ਵਿਚਾਰਕ ਪਰਿਪੇਖ, ਸਮਾਜਿਕ ਅਤੇ ਰਾਜਨੀਤਕ ਫ਼ਲਸਫ਼ਾ, ਵਿਗਿਆਨ ਦਾ ਫ਼ਲਸਫ਼ਾ, ਪਰਪੰਚਵਾਦ ਅਤੇ ਅਸਤਿਤਵਵਾਦ, ਵਿਸ਼ਲੇਸ਼ੀ ਫ਼ਲਸਫ਼ਾ, ਸਭਿਆਚਾਰ ਦਾ ਫ਼ਲਸਫ਼ਾ ਅਤੇ ਸਿੱਖ ਨੀਤੀ ਸ਼ਾਸਤਰ ਖੋਜ ਦੇ ਪ੍ਰਮੁੱਖ ਖੇਤਰ ਹਨ। ਵਿਭਾਗ ਦੁਆਰਾ ਚਾਰ ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਵਿਭਾਗ ਦੀ ਅਧਿਆਪਕਾ ਡਾ. ਪਰਮਿੰਦਰ ਕੌਰ ਨੇ ਮਿਤੀ 6 ਜੁਲਾਈ, 2019 ਨੂੰ ਪ੍ਰਵਾਨਿਤ ਪੇਪਰ "ਮਨੁੱਖ ਦੀ ਨੈਤਿਕ-ਅਧਿਆਤਮਕ ਪ੍ਰਗਤੀ: ਗੁਰੂ ਨਾਨਕ ਬਾਣੀ ਦੇ ਪਰਿਪੇਖ ਤੋਂ" ਪੰਜਾਬੀ ਹੈਰੀਟੇਜ਼ ਫਾਊਂਡੇਸ਼ਨ ਆਫ਼ ਕੈਨੇਡਾ ਕਾਨਫ਼ਰੰਸ ਵਿੱਚ, ਕੈਨੇਡਾ ਵਿਖੇ ਪੇਪਰ ਪੜਿਆ।

## ਫ਼ਾਰਸੀ, ਉਰਦੂ ਅਤੇ ਅਰਬੀ ਵਿਭਾਗ

**ਮੁਖੀ:** ਡਾ. ਸਤਨਾਮ ਸਿੰਘ

ਇਸ ਸਾਲ ਦੌਰਾਨ 10 ਪੀਐਚ.ਡੀ. ਡਿਗਰੀਆਂ ਅਵਾਰਡ ਹੋਈਆਂ ਅਤੇ ਤਿੰਨ ਨਵੀਆਂ ਰਜਿਸਟ੍ਰੇਸ਼ਨਾਂ ਹੋਈਆਂ ਹਨ। ਵਿਭਾਗ ਵਿੱਚ ਜੇ.ਆਰ.ਐਫ਼. ਦਾ ਇਕ ਖੋਜ ਵਿਦਿਆਰਥੀ ਦੀ ਹੈ। ਭਾਸ਼ਾ ਅਤੇ ਸਾਹਿਤ ਖੋਜ ਦੇ ਪ੍ਰਮੁੱਖ ਖੇਤਰ ਹਨ। ਵਿਭਾਗ ਦੁਆਰਾ ਇਕ ਪੁਸਤਕ ਸੰਪਾਦਿਤ, ਇਕ ਪ੍ਰਕਾਸ਼ਿਤ ਅਤੇ ਦੋ ਖੋਜ ਪੱਤਰ ਪ੍ਰਕਾਸ਼ਿਤ ਕੀਤੇ ਗਏ ਹਨ।

## ਕੰਪਿਊਟਰ ਸਾਇੰਸ ਐਂਡ ਇੰਜੀਨੀਅਰਰਿੰਗ ਵਿਭਾਗ

**ਮੁਖੀ:** ਡਾ ਰਮਨ ਮੈਨੀ

ਵਿਭਾਗ ਵਿੱਚ ਚਾਰ ਪ੍ਰੋਫ਼ੈਸਰ, ਇਕ ਐਸੋਸੀਏਟ ਪ੍ਰੋਫ਼ੈਸਰ, 03 ਅਸਿਸਟੈਂਟ ਪ੍ਰੋਫ਼ੈਸਰ, ਪ੍ਰਬੰਧਕੀ ਅਤੇ ਸਹਾਇਕ ਅਮਲੇ ਦੀ ਗਿਣਤੀ ਪੰਜ ਹੈ। ਇਸ ਸਾਲ ਦੌਰਾਨ 10 ਪੀਐੱਚ. ਡੀ ਦੀਆਂ ਡਿਗਰੀਆਂ ਅਵਾਰਡ ਹੋਈਆਂ ਹਨ। ਇਸ ਸਾਲ ਦੌਰਾਨ 11 ਨਵੀਆਂ ਪੀਐਚ.ਡੀ. ਰਜਿਸਟਰਡ ਹੋਈਆਂ ਹਨ। ਵਿਭਾਗ ਦੁਆਰਾ 70 ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ ਹਨ। ਵਿਭਾਗ ਨੇ ਇਸ ਸਾਲ ਦੌਰਾਨ ਸੱਤ ਸੈਮੀਨਾਰ ਅਤੇ ਦੋ ਵਿਸ਼ੇਸ਼ ਭਾਸ਼ਣ ਆਯੋਜਿਤ ਕੀਤੇ। ਵਿਭਾਗ ਵੱਲੋਂ 12 ਸੱਦਾਗਤ ਭਾਸ਼ਣ ਵੀ ਕਰਵਾਏ ਗਏ।

## ਆਈ.ਏ.ਐਸ. ਐਂਡ ਅਲਾਇਡ ਸਰਵਿਸਿਜ਼ ਟ੍ਰੇਨਿੰਗ ਸੈਂਟਰ

**ਮੁਖੀ:** ਡਾ. ਅਮਰ ਇੰਦਰ ਸਿੰਘ

ਵਿਭਾਗ ਵਿੱਚ ਇਕ ਐਸੋਸੀਏਟ ਪ੍ਰੋਫ਼ੈਸਰ, ਪ੍ਰਬੰਧਕੀ ਅਤੇ ਸਹਾਇਕ ਅਮਲੇ ਦੀ ਗਿਣਤੀ ਅੱਠ ਹੈ। ਵਿਭਾਗ ਦੁਆਰਾ ਦੋ ਖੋਜ ਪੱਤਰ ਪ੍ਰਕਾਸ਼ਿਤ ਕੀਤੇ ਗਏ ਹਨ। 11ਵੀਂ ਨੈਸ਼ਨਲ ਕਾਨਫ਼ਰੰਸ ਆਨ ਰਿਸੈਂਟ ਟ੍ਰੇਂਡਜ਼ ਇਨ ਕੈਮੀਕਲ ਐਂਡ ਇਨਵਾਇਰਮੈਂਟਲ ਸਾਇੰਸਿਜ਼ 07-08 ਫਰਵਰੀ, 2019, ਕੈਮਿਸਟਰੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਨੈਸ਼ਨਲ ਕਾਨਫਰੰਸ ਆਨ ਪਲਾਂਟ ਮਾਈਕਰੋਬਾਇਲ ਰਿਸਰਚ: 18-19 ਫਰਵਰੀ 2019, ਬਾਟਨੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਨੈਸ਼ਨਲ ਕਾਨਫ਼ਰੰਸ ਆਨ ਰਿਸੈਂਟ ਅਡਵਾਂਸਿਜ਼ ਇਨ ਪਲਾਂਟ ਐਂਡ ਐਗਰੀਕਲਚਰਲ ਸਾਇੰਸਜ਼ 15-16 ਮਾਰਚ, 2019 ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਹਿਗੜ੍ਹ ਸਾਹਿਬ ਵਿਖੇ ਸ਼ਮੂਲੀਅਤ ਕੀਤੀ। ਵਿਭਾਗ ਦੁਆਰਾ ਤਿੰਨ ਵਿਸ਼ੇਸ਼ ਭਾਸ਼ਣ ਆਯੋਜਿਤ ਕਰਵਾਏ ਗਏ।

## ਭੌਤਿਕ ਵਿਗਿਆਨ ਵਿਭਾਗ

**ਮੁਖੀ:** ਡਾ. ਬੀ.ਐਸ ਸੰਧੂ।

ਮੌਜੂਦਾ ਫੈਕਲਟੀ ਵਿੱਚ 2 ਪ੍ਰੋਫ਼ੈਸਰ ਅਤੇ 8 ਅਸਿਸਟੈਂਟ ਪ੍ਰੋਫ਼ੈਸਰ ਹਨ। ਪ੍ਰਬੰਧਕੀ ਅਤੇ ਸਹਿਯੋਗੀ ਅਮਲੇ ਵਿੱਚ ਰੈਗੁਲਰ ਫੈਕਲਟੀ ਵਿੱਚ ਦਸ ਅਤੇ ਨਾਨ ਟੀਚਿੰਗ ਸਟਾਫ਼ ਵਿੱਚ ਬਾਰਾਂ, ਕੁੱਲ 22 ਕਰਮਚਾਰੀ ਹਨ। ਸਾਲ ਵਿੱਚ ਅਵਾਰਡ ਹੋਈਆਂ ਪੀਐੱਚ.ਡੀ ਡਿਗਰੀਆਂ ਦੀ ਗਿਣਤੀ 01, ਸਾਲ ਵਿੱਚ ਦਰਜ ਪੀਐੱਚ.ਡੀ ਰਜਿਸਟ੍ਰੇਸ਼ਨਾਂ ਦੀ ਗਿਣਤੀ 02, ਐਸ.ਆਰ.ਐਫ ਅਤੇ ਜੇ.ਆਰ.ਐਫ ਵਿਦਿਆਰਥੀਆਂ ਦੀ ਗਿਣਤੀ 04 ਹੈ। ਕਾਨਫ਼ਰੰਸਾਂ/ਸੈਮੀਨਾਰਾਂ/ਸਿੰਮਪੋਜ਼ੀਅਮ ਅਤੇ ਵਰਕਸ਼ਾਪਾਂ ਵਿੱਚ ਫੈਕਲਟੀ ਦੀ ਸ਼ਮੂਲੀਅਤ 9 ਵਿੱਚ ਹੈ। ਵਿਭਾਗ ਵਿੱਚ ਪ੍ਰਾਪਤ ਅਵਾਰਡਾਂ ਵਿੱਚ ICTP Travel Grant Award to Dr. Gurjeet Singh ਦਾ ਵੇਰਵਾ ਹੈ। ਸੱਦਾਗਤ ਭਾਸ਼ਣ (ਰਿਫੈਰਸ਼ਰ ਕੋਰਸਾਂ/ਓਰੀਐਨਟੇਸ਼ਨ ਕੋਰਸਾਂ ਤੋਂ ਇਲਾਵਾ) ਦੀ ਗਿਣਤੀ 16 ਹੈ।

## ਪੰਜਾਬੀ ਪੀਡੀਆ ਸੈਂਟਰ

**ਮੁਖੀ:** ਡਾ. ਦੇਵਿੰਦਰ ਸਿੰਘ (ਕੋਆਰਡੀਨੇਟਰ)

ਵਿਭਾਗ ਵਿੱਚ ਇਕ ਪ੍ਰੋਫ਼ੈਸਰ, ਦੋ ਅਸਿਸਟੈਂਟ ਪ੍ਰੋਫ਼ੈਸਰ, ਪ੍ਰਬੰਧਕੀ ਅਤੇ ਸਹਾਇਕ ਅਮਲਾ ਦੀ ਗਿਣਤੀ ਛੇ ਹੈ। ਨੈਚੂਰਲ ਲੈਂਗੁਏਜ਼ ਪ੍ਰੋਸੈਸਿੰਗ (ਐਨ.ਐਲ.ਪੀ.) ਖੋਜ ਦਾ ਪ੍ਰਮੁੱਖ ਖੇਤਰ ਹੈ। ਵਿਭਾਗ ਦੁਆਰਾ ਦੋ ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਵਿਭਾਗ ਦੁਆਰਾ ਮਿਤੀ 25-27 ਮਾਰਚ, 2019 ਨੂੰ ਪਰਵਾਸ ਦੀ ਪੇਸ਼ਕਾਰੀ ਅਤੇ ਘਾੜਤ, ਗ਼ੈਰ ਪਰਵਾਸੀ ਸਿਰਜਕਾਂ ਦੇ ਨੁਕਤਾ ਨਿਗਾਹ ਬਾਰੇ ਸੈਮੀਨਾਰ ਆਯੋਜਿਤ ਕੀਤਾ ਗਿਆ। ਡਾ. ਰਾਜਵਿੰਦਰ ਸਿੰਘ ਨੇ (ਸੰਪਾਦਕ ਅਤੇ ਕੋ-ਕੋਆਰਡੀਨੇਟਰ) ਨੈਚੂਰਲ ਲੈਂਗੁਏਜ਼ ਪ੍ਰੋਸੈਸਿੰਗ ਅੰਤਰਰਾਸ਼ਟਰੀ ਕਾਨਫ਼ਰੰਸ ਲੰਡਨ ਵਿਖੇ ਮਿਤੀ 9-10 ਮਾਰਚ, 2019 ਨੂੰ ਸ਼ਮੂਲੀਅਤ ਕੀਤੀ। ਵਿਭਾਗ ਦੁਆਰਾ ਦੋ ਵਿਸ਼ੇਸ਼ ਸੱਦਾਗਤ ਭਾਸ਼ਣ ਆਯੋਜਿਤ ਕੀਤੇ ਗਏ।

## ਪ੍ਰੋਫ਼ੈਸਰ ਹਰਬੰਸ ਸਿੰਘ ਸਿੱਖ ਵਿਸ਼ਵਕੋਸ਼ ਵਿਭਾਗ

**ਮੁਖੀ:** ਡਾ. ਪਰਮਵੀਰ ਸਿੰਘ

ਮੌਜੂਦਾ ਫ਼ੈਕਲਟੀ ਵਿੱਚ ਦੋ ਪ੍ਰੋਫ਼ੈਸਰ ਹਨ। ਪ੍ਰਬੰਧਕੀ ਅਤੇ ਸਹਾਇਕ ਅਮਲਾ ਵਿੱਚ 05 ਕਰਮਚਾਰੀ ਹਨ। ਖੋਜ ਦੇ ਪ੍ਰਮੁੱਖ ਖੇਤਰ-ਸਿੱਖ ਧਰਮ ਨਾਲ ਸੰਬੰਧਿਤ ਸਾਰੇ ਖੇਤਰ ਹਨ। ਫੈਕਲਟੀ ਦੁਆਰਾ ਪ੍ਰਕਾਸ਼ਿਤ ਖੋਜ-ਪੱਤਰਾਂ ਵਿੱਚ ਡਾ. ਪਰਮਵੀਰ ਸਿੰਘ ਦੇ ਖੋਜ ਪੱਤਰ ਛਪੇ ਹਨ ਜਿਹਨਾਂ ਵਿੱਚ ਫਰਵਰੀ-2019: ਸ੍ਰੀ ਗੁਰੂ ਹਰਿ ਰਾਏ ਜੀ ਦਾ ਜੀਵਨ ਅਤੇ ਸਖ਼ਸ਼ੀਅਤ, ਗੁਰਮਤਿ ਪ੍ਰਕਾਸ਼, ਅੰਮ੍ਰਿਤਸਰ/ਬੰਗਲਾਦੇਸ਼ ਦੇ ਗੁਰਦੁਆਰੇ: ਇਤਿਹਾਸ, ਪਰੰਪਰਾ ਅਤੇ ਪ੍ਰਬੰਧ, ਪੰਜਾਬ ਜਨਰਲ ਆਫ਼ ਸਿੱਖ ਸਟੱਡੀਜ਼। ਸ੍ਰੀ ਗੁਰੂ ਨਾਨਕ ਸਾਹਿਬ ਦਾ ਅਰਬ ਦੇਸ਼ਾਂ ਦਾ ਸਫ਼ਰਨਾਮਾ, ਗੁਰਮਤਿ ਪ੍ਰਕਾਸ਼, ਅੰਮ੍ਰਿਤਸਰ। ਡਾ. ਜਸਪ੍ਰੀਤ ਕੌਰ ਸੰਧੂ, ਪ੍ਰੋਫ਼ੈਸਰ ਨੇ 03 ਖੋਜ-ਪੱਤਰ ਪ੍ਰਕਾਸ਼ਿਤ ਕਰਵਾਏ। ਫ਼ੈਕਲਟੀ ਨੇ 13-03-2019 ਨੂੰ 'ਗੁਰੂ ਨਾਨਕ ਦੇਵ ਜੀ ਦੀ ਆਧੁਨਿਕਤਾ ਨੂੰ ਦੇਣ' ਵਿਸ਼ੇ ਤੇ ਸਰਦਾਰਨੀ ਕੈਲਾਸ਼ ਕੌਰ ਯਾਦਗਾਰੀ ਲੈਕਚਰ ਆਯੋਜਿਤ ਕੀਤਾ। ਫੈਕਲਟੀ ਦੁਆਰਾ 13 ਕਾਨਫ਼ਰੰਸਾਂ/ਸੈਮੀਨਾਰਾਂ/ਸਿੰਪੋਜ਼ੀਅਮ ਅਤੇ ਵਰਕਸ਼ਾਪਾਂ ਵਿੱਚ ਸ਼ਮੂਲੀਅਤ ਕੀਤੀ ਗਈ। ਫੈਕਲਟੀ ਨੇ ਸਾਲ 2019 ਵਿੱਚ ਸਿੱਖ ਧਰਮ ਵਿਸ਼ਵਕੋਸ਼ ਸੈਂਚੀ ਤੀਜੀ (ਜ ਤੋਂ ਪ), ਪੰਜਾਬੀ ਰੂਪਾਂਤਰਣ ਵਿਭਾਗ ਦੁਆਰਾ ਪ੍ਰਕਾਸ਼ਿਤ ਕੀਤਾ।

## ਕੈਮਿਸਟਰੀ ਵਿਭਾਗ

**ਮੁਖੀ:** ਪ੍ਰੋ. ਬਲਜੀਤ ਸਿੰਘ

ਮੌਜੂਦਾ ਫੈਕਲਟੀ ਵਿੱਚ ਤਿੰਨ ਪ੍ਰੋਫ਼ੈਸਰ, 5 ਅਸਿਸਟੈਂਟ ਪ੍ਰੋਫ਼ੈਸਰ ਤੋਂ ਇਲਾਵਾ ਪ੍ਰਬੰਧਕੀ ਅਤੇ ਸਹਾਇਕ ਅਮਲੇ ਵਿੱਚ 20 ਕਰਮਚਾਰੀ ਨਿਯੁਕਤ ਹਨ ਅਤੇ ਸਾਲ ਵਿੱਚ ਅਵਾਰਡ ਹੋਈਆਂ ਪੀਐੱਚ.ਡੀ ਡਿਗਰੀਆਂ ਦੀ ਗਿਣਤੀ 8 ਹੈ ਤੇ ਸਾਲ ਵਿੱਚ ਦਰਜ ਪੀਐੱਚ.ਡੀ ਰਜਿਸਟ੍ਰੇਸ਼ਨਾਂ ਦੀ ਗਿਣਤੀ 9 ਹੈ। ਐਸ.ਆਰ.ਐਫ ਅਤੇ ਜੇ.ਆਰ.ਐਫ ਵਿਦਿਆਰਥੀਆਂ ਦੀ ਗਿਣਤੀ 7 ਹੈ। ਐਮ.ਫਿਲ ਦੇ ਵਿਦਿਆਰਥੀਆਂ ਦੀ ਗਿਣਤੀ ਤਿੰਨ ਹੈ। ਫ਼ੈਕਲਟੀ ਦੁਆਰਾ ਪ੍ਰਕਾਸ਼ਿਤ ਖੋਜ ਪੱਤਰਾਂ ਦੀ ਗਿਣਤੀ 11 ਹੈ। ਕਾਨਫ਼ਰੰਸਾਂ, ਸੈਮੀਨਾਰਾਂ, ਸਿੰਪੋਜ਼ੀਅਮ ਅਤੇ ਵਰਕਸ਼ਾਪਾਂ ਵਿੱਚ ਫੈਕਲਟੀ ਦੀ 5 ਪ੍ਰੋਗਰਾਮਾਂ ਵਿੱਚ ਸ਼ਮੂਲੀਅਤ ਹੈ। ਫੈਕਲਟੀ ਨੂੰ ਸਾਲ ਵਿੱਚ ਇਕ ਪ੍ਰੋਜੈਕਟ (VARJA) ਪ੍ਰਾਪਤ ਹੋਇਆ। ਸਦਾਗਤ ਭਾਸ਼ਣ ਵਿੱਚ ਚਾਰ ਪ੍ਰੋਗਰਾਮਾਂ ਵਿੱਚ ਸ਼ਮੂਲੀਅਤ ਕੀਤੀ।

## ਸ੍ਰੀ ਗੁਰੂ ਤੇਗ ਬਹਾਦਰ ਰਾਸ਼ਟਰੀ ਏਕਤਾ ਚੇਅਰ

**ਮੁਖੀ:** ਡਾ. ਦਲਜੀਤ ਸਿੰਘ

ਮੌਜੂਦਾ ਫੈਕਲਟੀ ਵਿੱਚ ਇਕ ਐਸੋਸੀਏਟ ਪ੍ਰੋਫ਼ੈਸਰ ਅਤੇ ਦੋ ਅਧਿਕਾਰੀ ਪ੍ਰਬੰਧਕੀ ਅਤੇ ਸਹਾਇਕ ਅਮਲੇ ਵਿੱਚ ਨਿਯੁਕਤ ਹਨ। ਵਿਭਾਗ ਦੁਆਰਾ ਮਿਤੀ 30 ਅਪ੍ਰੈਲ 2019 ਨੂੰ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਸੈਮੀਨਾਰ ਕਰਵਾਇਆ ਗਿਆ। ਇਸੇ ਤਰ੍ਹਾਂ ਇੱਕ ਵਿਸ਼ੇਸ਼ ਭਾਸ਼ਣ ਵੀ ਕਰਵਾਇਆ ਗਿਆ। ਵਿਭਾਗ ਵਿੱਚ ਖੋਜ ਦੇ ਪ੍ਰਮੁੱਖ ਖੇਤਰ ਮੱਧਕਾਲੀਨ ਪੰਜਾਬ ਦਾ ਇਤਿਹਾਸ, ਧਰਮ ਅਤੇ ਸੱਭਿਆਚਾਰਕ ਇਤਿਹਾਸ ਹਨ। ਵਿਭਾਗ ਦੁਆਰਾ ਚਾਰ ਪੁਸਤਕਾਂ ਸੰਪਾਦਿਤ ਕੀਤੀਆਂ ਗਈਆਂ ਹਨ। ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਨੂੰ ਸਮਰਪਿਤ ਇਕ ਰੋਜ਼ਾ ਅੰਤਰਰਾਸ਼ਟਰੀ ਕਾਨਫ਼ਰੰਸ ਪੇਪਰ ਗੁਰੂ ਨਾਨਕ ਬਾਣੀ: ਸਮਾਜਿਕ ਪ੍ਰਸੰਗ (ਬਰੈਂਪਟਨ, ਕੇਨੈਡਾ) ਜੂਨ 16, 2019 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸੇ ਤਰ੍ਹਾਂ ਦੋ ਰੋਜ਼ਾ ਵਰਲਡ ਪੰਜਾਬੀ ਕਾਨਫ਼ਰੰਸ ਵਿਸ਼ਾ ਗੁਰੂ ਨਾਨਕ ਫ਼ਿਲਾਸਫੀ ਅਜੋਕੇ ਸੰਦਰਭ ਵਿੱਚ ਪੇਪਰ ਗੁਰੂ ਨਾਨਕ ਬਾਣੀ ਵਿੱਚ ਔਰਤ ਦਾ ਸਥਾਨ, ਟੋਰਾਂਟੋ 22-23 ਜੂਨ 2019 ਨੂੰ ਕਰਵਾਇਆ ਗਿਆ। ਫੈਕਲਟੀ ਦੁਆਰਾ ਵਿਭਾਗ ਵਿੱਚ ਛੇ ਸੈਮੀਨਾਰ ਅਤੇ ਗੁਰੂ ਨਾਨਕ ਦੇਵ ਜੀ ਦੇ ਪ੍ਰਸੰਗ ਵਿੱਚ ਤਿੰਨ ਐਕਸਟੈਨਸ਼ਨ ਲੈਕਚਰਜ਼ ਕਰਵਾਏ ਗਏ। ਵਿਭਾਗ ਕੋਲ ਪੰਜਾਬ ਦੀ ਵੰਡ, ਬਾਬਾ ਬੰਦਾ ਸਿੰਘ ਬਹਾਦਰ ਗੁਰਮੁਖੀ ਸਰੋਤ, ਮਹਾਰਾਜਾ ਭੁਪਿੰਦਰ ਸਿੰਘ ਅਤੇ ਪਟਿਆਲਾ ਸਟੇਟ ਨਾਲ ਸੰਬੰਧਿਤ ਪ੍ਰੋਜੈਕਟ ਹਨ। ਵਿਭਾਗ ਵਿੱਚ ਪੀਐੱਚ.ਡੀ ਲਈ ਦੋ ਖੋਜਾਰਥੀ ਐਨਰੋਲਡ ਅਤੇ ਦੋ ਰਜਿਸਟਰਡ ਹੋ ਚੁੱਕੇ ਹਨ।

## ਪੰਜਾਬ ਇਤਿਹਾਸ ਅਧਿਐਨ ਵਿਭਾਗ

**ਮੁਖੀ:** ਡਾ. ਦਲਜੀਤ ਸਿੰਘ

ਮੱਧਕਾਲੀਨ ਪੰਜਾਬ ਦਾ ਇਤਿਹਾਸ, ਧਰਮ ਅਤੇ ਸਭਿਆਚਾਰਕ ਇਤਿਹਾਸ ਖੋਜ ਦਾ ਪ੍ਰਮੁੱਖ ਖੇਤਰ ਹੈ। ਵਿਭਾਗ ਦੁਆਰਾ ਗੁਰੂ ਅਰਜਨ ਦੇਵ: ਸਿੱਖ ਧਰਮ ਦਾ ਵਿਕਾਸ ਅਤੇ ਸਿਧਾਂਤ (ਸੰਪਾਦਿਤ), ਸ੍ਰੀ ਗੁਰੂ ਤੇਗ ਬਹਾਦਰ: ਜੀਵਨ ਯਾਤਰਾਵਾਂ ਅਤੇ ਸਿਧਾਂਤ (ਸੰਪਾਦਿਤ), ਸ੍ਰੀ ਗੁਰੂ ਨਾਨਕ ਦੇਵ ਜੀ (1469-1539) (ਸੰਪਾਦਿਤ) ਆਦਿ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਗਈਆਂ। ਇਸ ਸਾਲ ਦੌਰਾਨ ਵਿਭਾਗ ਵੱਲੋਂ 51ਵੀਂ ਹਿਸਟਰੀ ਕਾਨਫ਼ਰੰਸ ਵਿਸ਼ਾ: ਗੁਰਦੁਆਰਾ ਸੁਧਾਰ ਲਹਿਰ: ਇਕ ਮੁਲਾਂਕਣ ਮਿਤੀ 28 ਫਰਵਰੀ ਤੋਂ 1 ਮਾਰਚ, 2019 ਨੂੰ ਆਯੋਜਿਤ ਕੀਤੀ ਗਈ। ਵਿਭਾਗ ਦੇ ਅਧਿਆਪਕ ਦੋ ਰੋਜ਼ਾ ਵਰਲਡ ਪੰਜਾਬੀ ਕਾਨਫ਼ਰੰਸ ਵਿਸ਼ਾ, ਗੁਰੂ ਨਾਨਕ ਫਿਲਾਸਫ਼ੀ ਅਜੋਕੇ ਸੰਦਰਭ ਵਿੱਚ ਪੇਪਰ ਗੁਰੂ ਨਾਨਕ ਬਾਣੀ ਵਿੱਚ ਔਰਤ ਦਾ ਸਥਾਨ, ਟੌਰਾਂਟੋ 22-23 ਜੂਨ, 2019, ਤਿੰਨ ਰੋਜ਼ਾ ਵਰਕਸ਼ਾਪ ਵਿਸ਼ਾ 'ਓਰਲ ਹਿਸਟਰੀ' ਜੰਮੂ ਯੂਨੀਵਰਸਿਟੀ, ਜੰਮੂ ਵਿਖੇ ਅਗਸਤ 2019, ਨੂੰ ਸ਼ਮੂਲੀਅਤ ਕੀਤੀ ਗਈ।

ਵਿਭਾਗ ਵੱਲੋਂ ਸੀਤਾ ਰਾਮ ਕੋਹਲੀ ਮੈਮੋਰੀਅਲ ਲੈਕਚਰ ਮਿਤੀ: 28-2-2019 ਅਤੇ ਡਾ. ਗੰਡਾ ਸਿੰਘ ਮੈਮੋਰੀਅਲ ਲੈਕਚਰ ਆਯੋਜਿਤ ਕੀਤੇ ਗਏ। ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦਾ ਦਾਰਸ਼ਨਿਕ ਅਧਿਐਨ, ਗੁਰੂ ਨਾਨਕ ਬਾਣੀ: ਆਰਥਿਕ ਪ੍ਰਸੰਗ ਵਿੱਚ, ਗੁਰੂ ਨਾਨਕ ਦੇਵ ਜੀ: ਜੀਵਨ, ਫਿਲਾਸਫ਼ੀ ਅਤੇ ਦੇਣ ਆਦਿ ਸੱਦਾਗਤ ਭਾਸ਼ਣ ਕਰਵਾਏ ਗਏ।

## ਸਕੂਲ ਆਫ਼ ਸੋਸ਼ਲ ਸਾਇੰਸਿਜ਼

**ਮੁਖੀ:** ਪ੍ਰੋ. ਡੀ.ਕੇ. ਮਦਾਨ

ਵਿਭਾਗ ਦੇ ਪ੍ਰਮੁੱਖ ਖੇਤਰ ਸਮਾਜ ਵਿਗਿਆਨ, ਅਰਥ-ਸ਼ਾਸਤਰ ਅਤੇ ਅੰਤਰ ਰਾਸ਼ਟਰੀ ਵਪਾਰ ਹਨ। ਫੈਕਲਟੀ ਦੁਆਰਾ ਦੋ ਖੋਜ-ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਵਿਭਾਗ ਦੁਆਰਾ ਵੱਖ-ਵੱਖ ਵਰਕਸ਼ਾਪਾਂ, ਸੈਮੀਨਾਰਾਂ ਵਿੱਚ ਸ਼ਮੂਲੀਅਤ ਕੀਤੀ ਗਈ, ਜਿਸ ਵਿੱਚ ਐਗਰੀਕਲਚਰ ਟਰਾਂਸਫਰਮਿਸ਼ਨ ਅਤੇ ਰੂਲਰ ਡਿਵੈਲਪਮੈਂਟ ਇੰਡੀਆ ਕਾਨਫ਼ਰੰਸ ਸ਼ਾਮਲ ਹਨ। ਇਸ ਤੋਂ ਇਲਾਵਾ ਵਿਸ਼ੇਸ਼ ਭਾਸ਼ਣਾਂ ਵਿੱਚ ਟੀਚਰ ਡੇ ਤੇ ਪਟਿਆਲਾ ਡੀਸੀ ਦਾ ਭਾਸ਼ਣ, ਲਿਟਰੇਸੀ ਰੇਟ ਤੇ ਭਾਸ਼ਣ ਕਰਵਾਇਆ ਗਿਆ। ਇਸ ਤੋਂ ਇਲਾਵਾ ਪੰਜ ਹੋਰ ਖ਼ਾਸ ਭਾਸ਼ਣ ਕਰਵਾਏ ਗਏ। ਵਿਭਾਗ ਦੇ ਅੱਠ ਮੈਂਬਰ ਵੱਖ-ਵੱਖ ਕਮੇਟੀਆਂ ਦੇ ਮੈਂਬਰ ਹਨ।

## ਮਨੋਵਿਗਿਆਨ ਵਿਭਾਗ

**ਮੁਖੀ:** ਡਾ. ਹਰਪ੍ਰੀਤ ਕੌਰ

ਵਿਭਾਗ ਦੁਆਰਾ ਸਾਲ ਵਿੱਚ 06 ਪੀਐੱਚ. ਡੀ. ਡਿਗਰੀਆਂ ਅਵਾਰਡ ਕੀਤੀਆਂ ਗਈਆਂ। ਵਿਭਾਗ ਵਿੱਚ 06 ਵਿਦਿਆਰਥੀਆਂ ਨੂੰ ਜੇ.ਆਰ.ਐੱਫ ਫ਼ੈਲੋਸ਼ਿਪ ਲੱਗੀ ਹੋਈ ਹੈ। ਵਿਭਾਗ ਵਿੱਚ 12 ਅਧਿਆਪਕ ਕਾਰਜਸ਼ੀਲ ਹਨ। ਵਿਭਾਗ ਦੁਆਰਾ 36 ਸੱਦਾਗਤ ਭਾਸ਼ਣ ਆਯੋਜਿਤ ਕੀਤੇ ਗਏ। ਇਸ ਤੋਂ ਇਲਾਵਾ 50 ਖੋਜ ਪੱਤਰ ਪ੍ਰਕਾਸ਼ਿਤ ਕੀਤੇ ਗਏ। ਵਿਭਾਗ ਦੁਆਰਾ 'ਆਨ ਇਨਵਾਇਰਨਮੈਂਟਲ ਸਾਈਕੋਲੋਜੀ', 'ਆਨ ਰਿਸਰਚ ਮੈਥਡੋਲੋਜੀ ਬਾਏ ਡਾ: ਐਨ.ਐਸ. ਟੰਗ', 'ਫੋਰਨ ਡੈਲੀਗੇਟਸ ਆਨ ਕੌਨਸਲਿੰਗ', ਵਿਸ਼ਿਆਂ ਤੇ ਵਿਸ਼ੇਸ਼ ਭਾਸ਼ਣ ਆਯੋਜਿਤ ਕੀਤੇ ਗਏ। ਵਿਭਾਗ ਦੁਆਰਾ ਇਕ ਮੇਜਰ ਰਿਸਰਚ ਪ੍ਰਾਜੈਕਟ ਆਈ.ਸੀ.ਐਸ.ਐਸ.ਆਰ (ਆਈ.ਐਮ.ਪੀ.ਆਰ. ਈ.ਐਸ.ਐਸ) ਪ੍ਰਾਪਤ ਕੀਤਾ ਗਿਆ। ਵਿਭਾਗ ਵੱਲੋਂ 'ਮਾਸਟਰ ਆਫ਼ ਆਰਟਸ' (40) ਪੋਸਟ ਗ੍ਰੈਜੂਏਟ ਡਿਪਲੋਮਾ ਵਿੱਚ ਕੌਨਸਲਿੰਗ ਸਾਈਕੋਲਜੀ ਕੋਰਸ ਕਰਵਾਏ ਜਾਂਦੇ ਹਨ।

## ਸਟੈਟਿਸਟਿਕਸ ਵਿਭਾਗ

**ਮੁਖੀ:** ਡਾ. ਦਵਿੰਦਰ ਕੁਮਾਰ ਗਰਗ।

ਵਿਭਾਗ ਵਿੱਚ 05 ਪ੍ਰੋਫ਼ੈਸਰ ਅਤੇ ਛੇ ਪ੍ਰਬੰਧਕੀ ਅਤੇ ਸਹਾਇਕ ਅਮਲੇ ਦੇ ਮੈਂਬਰ ਹਨ। ਵਿਭਾਗ ਵਿੱਚ ਸਾਲ ਦੌਰਾਨ ਚਾਰ ਪੀਐੱਚ.ਡੀ ਰਜਿਸਟਰੇਸ਼ਨਾਂ ਕਰਵਾਈਆਂ ਗਈਆਂ। ਵਿਦਿਆਰਥੀਆਂ ਦੀ ਗਿਣਤੀ 148 ਹੈ। ਵਿਭਾਗ ਵਿੱਚ ਖੋਜ ਦੇ ਪ੍ਰਮੁੱਖ ਖੇਤਰਾਂ ਵਿੱਚ ਸੈਂਪਲਿੰਗ ਥਿਊਰੀ ਅਤੇ ਸੈਂਪਲ-ਸਰਵੇ, ਡਿਜ਼ਾਈਨ ਆਫ਼ ਐਕਸਪੈਰੀਮੈਂਟ: ਉਪਰੇਸ਼ਨਜ਼ ਰਿਸਰਚ ਰੀਲਾਇਬਲਟੀ ਮੋਡਲਿੰਗ ਆਦਿ ਹਨ। ਵਿਭਾਗ ਦੁਆਰਾ ਚਾਰ ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਵਿਭਾਗ ਦੁਆਰਾ ਤਿੰਨ ਸੈਮੀਨਾਰ ਅਤੇ ਕਾਨਫ਼ਰੰਸਾਂ ਕਰਵਾਈਆਂ ਗਈਆਂ। ਇਸ ਤੋਂ ਇਲਾਵਾ-ਵਿਭਾਗ ਦੇ ਮੈਂਬਰ ਵੱਖ-ਵੱਖ ਮਹੱਤਵਪੂਰਨ ਕਮੇਟੀਆਂ ਦੇ ਮੈਂਬਰ ਹਨ, ਜਿਸ ਵਿੱਚ ਡਾ. ਦਵਿੰਦਰ ਕੁਮਾਰ ਗਰਗ ਐੱਫ.ਆਈ.ਐੱਮ (USA) ਆਈ.ਐੱਸ.ਏ.ਐੱਮ (ਨਿਊਂ ਦਿੱਲੀ), ਆਈ.ਐੱਸ.ਏ.ਐੱਸ, ਅਕੈਡਮੀ ਆਫ਼ ਸਾਇੰਸਜ਼ ਅਤੇ ਸੋਸਾਇਟੀ ਆਫ਼ ਅਪਲਾਇਡ ਸਟੇਟਿਸਟਿਕਸ ਅਤੇ ਕੰਪਿਊਟਰ ਸਾਇੰਸਜ਼ ਦੇ ਲਾਈਫ ਮੈਂਬਰ ਹਨ। ਡਾ. ਉਪਾਸਨਾ ਸ਼ਰਮਾ ਐੱਫ.ਆਈ.ਐੱਮ (USA) ਸੋਸਾਇਟੀ ਆਫ਼ ਅਪਲਾਇਡ ਸਟੈਟਿਸਟਿਕਸ ਅਤੇ ਕੰਪਿਊਟਰ ਸਾਇੰਸਜ਼ ਅਤੇ ਪੰਜਾਬ ਅਕੈਡਮੀ ਆਫ਼ ਸਾਇੰਸਜ਼ ਦੇ ਲਾਇਫ਼ ਮੈਂਬਰ ਹਨ। ਡਾ. ਨੀਲਮ ਕੁਮਾਰੀ, ਪੰਜਾਬ ਅਕੈਡਮੀ

ਆਫ਼ ਸਾਇੰਸਜ਼, ਆਈ.ਐੱਸ.ਆਈ.ਟੀ.ਏ ਅਤੇ ਆਈ.ਆਈ.ਐੱਸ ਦੇ ਲਾਇਫ਼ ਮੈਂਬਰ ਹਨ। ਡਾ. ਰੋਹਤਾਸ ਕੁਮਾਰ ਇੰਡੀਅਨ ਐਸੋਸੀਏਸ਼ਨ ਫਾਰ ਰੀਲਾਇਬਲਟੀ ਮੋਡਲਿੰਗ ਐਂਡ ਸਟੇਟਿਸਟਿਕਸ ਆਈ.ਐੱਸ.ਪੀ.ਐੱਸ ਦੇ ਮੈਂਬਰ ਹਨ। ਇਸ ਤੋਂ ਇਲਾਵਾ ਇੱਕ ਸੱਦਾਗਤ ਭਾਸ਼ਣ ਕਰਵਾਇਆ ਗਿਆ। ਇਸਦੇ ਨਾਲ ਹੀ ਇਸ ਸਾਲ ਵਿੱਚ ਇੱਕ 34 ਲੱਖ ਦੀ ਰਾਸ਼ੀ ਵਾਲਾ ਪ੍ਰੋਜੈਕਟ ਵਿਭਾਗ ਦੁਆਰਾ ਪ੍ਰਾਪਤ ਕੀਤਾ ਗਿਆ।

## ਗੁਰਮਤਿ ਗਿਆਨ ਆਨ ਲਾਈਨ ਸਟੱਡੀ ਸੈਂਟਰ

**ਮੁਖੀ:** ਡਾ. ਅਮ੍ਰਿਤਪਾਲ ਕੌਰ, ਡਾਇਰੈਕਟਰ ਇੰਚਾਰਜ

ਡਾਇਰੈਕਟਰ ਇੰਚਾਰਜ- ਡਾ. ਅਮ੍ਰਿਤਪਾਲ ਕੌਰ ਪ੍ਰਬੰਧਕੀ ਅਤੇ ਸਹਾਇਕ ਅਮਲੇ ਵਿੱਚ ਸੁਪਰਡੈਂਟ, ਇੱਕ ਟੈਕਨੀਕਲ ਅਸਿਸਟੈਂਟ, ਪੰਜ ਪ੍ਰੋਜੈਕਟ ਸਹਾਇਕ, ਇੱਕ ਤਬਲਾ ਪਲੇਅਰ, ਇੱਕ ਕਲਰਕ, ਇੱਕ ਸੇਵਾਦਾਰ ਸ਼ਾਮਲ ਹਨ। ਫੈਕਲਟੀ ਦੁਆਰਾ ਤਿੰਨ ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਕਾਨਫ਼ਰੰਸਾਂ ਅਤੇ ਸੈਮੀਨਾਰਾਂ ਵਿੱਚ ਪੰਜਾਬੀ ਪਰਵਾਸੀ ਨਾਵਲਕਾਰ ਰਿਸ਼ਤਿਆਂ ਦੇ ਬਦਲਦੇ ਪਰਿਪੇਖ ਅੰਤਰਰਾਸ਼ਟਰੀ ਕਾਨਫ਼ਰੰਸ, ਪੰਜਾਬੀ ਸਾਹਿਤ-ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਰਵਾਸੀ ਪੰਜਾਬੀ ਨਾਵਲ ਵਿੱਚੋਂ ਮੂਲ ਵਾਸ ਪਰਵਾਸ ਦਾ ਅੰਤਰ ਸੰਵਾਦ ਅੰਤਰਰਾਸ਼ਟਰੀ ਕਾਨਫਰੰਸ ਗੁਜਰਾਂਵਾਲਾ, ਗੁਰੂ ਨਾਨਕ ਕਾਲਜ ਲੁਧਿਆਣਾ ਸਮਕਾਲੀ ਪਰਿਵੇਸ਼ ਵਿੱਚ ਔਰਤ ਦੀ ਮਾਨਸਿਕ ਦਸ਼ਾ: ਮਾਮਲੇ ਤੇ ਚੁਣੌਤੀਆਂ, ਅੰਤਰਰਾਸ਼ਟਰੀ ਕਾਨਫ਼ਰੰਸ ਵੂਮੈਨ ਸਟੱਡੀ ਸੈਂਟਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਆਦਿ ਕਰਵਾਏ ਗਏ। ਇਸ ਤੋਂ ਇਲਾਵਾ ਵਿਭਾਗ ਦੇ ਮੈਂਬਰ ਕਮੇਟੀਆਂ ਦੇ ਮੈਂਬਰ ਵੀ ਰਹੇ।

## ਮਕੈਨੀਕਲ ਇੰਜੀਨੀਅਰਿੰਗ ਵਿਭਾਗ

**ਮੁਖੀ:** ਡਾ. ਵਿਨੇ ਕੁਮਾਰ ਗੁਪਤਾ।

ਇਸ ਵਿਭਾਗ ਵਿੱਚ 07 ਪ੍ਰੋਫ਼ੈਸਰ, 03 ਐਸੋਸੀਏਟ ਪ੍ਰੋਫ਼ੈਸਰ, 24 ਅਸਿਸਟੈਂਟ ਪ੍ਰੋਫ਼ੈਸਰ ਅਤੇ ਪ੍ਰਬੰਧਕੀ ਅਤੇ ਸਹਾਇਕ ਅਮਲੇ ਵਿੱਚ 23 (ਐੱਮ.ਈ. ਵਿਭਾਗ), 17 ਕੇਂਦਰੀ ਵਰਕਸ਼ਾਪ (ਇੰਜੀਨੀਅਰਿੰਗ ਦੇ ਸਾਰੇ ਕੋਰਸਾਂ ਵਾਸਤੇ) ਕਰਮਚਾਰੀ ਕੰਮ ਕਰਦੇ ਹਨ। ਸਾਲ ਵਿੱਚ ਸੱਤ ਪੀਐੱਚ.ਡੀ ਦੀਆਂ ਡਿਗਰੀਆਂ ਅਵਾਰਡ ਹੋਈਆਂ। ਇਸ ਤੋਂ ਇਲਾਵਾ ਸਾਲ ਵਿੱਚ ਅੱਠ ਪੀਐੱਚ.ਡੀ ਦੀਆਂ ਨਵੀਆਂ ਰਜਿਸਟਰੇਸ਼ਨਾਂ ਹੋਈਆਂ। ਐੱਮ.ਟੈਕ. ਦੇ ਵਿਦਿਆਰਥੀਆਂ ਦੀ ਗਿਣਤੀ ਚਾਲੀ ਹੈ। ਫ਼ੈਕਲਟੀ ਦੁਆਰਾ ਸੈਮੀਨਾਰਾਂ, ਕਾਨਫ਼ਰੰਸਾਂ ਦੀ ਲੜੀ ਵਿੱਚ ਦੋ ਪ੍ਰੋਗਰਾਮ ਆਯੋਜਿਤ ਕਰਵਾਏ ਗਏ। ਸੱਦਾਗਤ ਭਾਸ਼ਣਾਂ ਵਿੱਚ ਦੋ ਭਾਸ਼ਣ ਕਰਵਾਏ ਗਏ। ਸਮਾਜਿਕ ਸੇਵਾ ਦੀ ਪਹਿਲਕਦਮੀ ਵਿੱਚ ਸੱਤ ਦਿਨਾਂ ਦਾ ਕੈਂਪ, ਖ਼ੂਨਦਾਨ ਕੈਂਪ, ਸਪੋਰਟਸ ਡੇ, ਆਦਿ ਪ੍ਰੋਗਰਾਮ ਕਰਵਾਏ ਗਏ। ਹੋਰ ਮਹੱਤਵਪੂਰਨ ਕਾਰਜਾਂ ਵਿੱਚ ਵਿਦਿਆਰਥੀਆਂ ਦੁਆਰਾ ਨੋਇਡਾ ਵਿਖੇ ਹੋਏ 'ਸੁਪਰਾ ਸਾਏ ਇੰਡੀਆ' ਵਿੱਚ ਭਾਗ ਲਿਆ। ਇਸ ਤੋਂ ਇਲਾਵਾ How to Crack Gate ਸਮਾਗਮ ਕਰਵਾਇਆ ਗਿਆ।

## ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ

**ਮੁਖੀ:** ਡਾ. ਮਲਕਿੰਦਰ ਕੌਰ

ਮੌਜੂਦਾ ਫੈਕਲਟੀ ਵਿੱਚ 06 ਪ੍ਰੋਫ਼ੈਸਰ ਅਤੇ ਪ੍ਰਬੰਧਕੀ ਅਤੇ ਸਹਾਇਕ ਅਮਲੇ ਵਿੱਚ ਪੰਜ ਮੈਂਬਰ ਸ਼ਾਮਲ ਹਨ। ਸਾਲ ਵਿੱਚ ਦਸ ਪੀਐੱਚ.ਡੀ ਦੀਆਂ ਡਿਗਰੀਆਂ ਅਵਾਰਡ ਹੋਈਆਂ ਅਤੇ ਸਾਲ ਵਿੱਚ ਸੱਤ ਪੀਐੱਚ.ਡੀ ਵਿਦਿਆਰਥੀਆਂ ਦੀ ਰਜਿਸਟਰੇਸ਼ਨ ਹੋਈ। ਵਿਭਾਗ ਵਿੱਚ ਜੇ.ਆਰ.ਐੱਫ ਵਾਲੇ ਚਾਰ ਵਿਦਿਆਰਥੀ ਅਤੇ ਐੱਸ.ਆਰ.ਐੱਫ ਵਾਲੇ ਨੌਂ ਵਿਦਿਆਰਥੀ ਹਨ। ਐੱਮ.ਫਿਲ ਦੇ ਵਿਦਿਆਰਥੀਆਂ ਦੀ ਗਿਣਤੀ ਵੀਹ ਹੈ। ਪੀਐੱਚ.ਡੀ ਦੀਆਂ ਸੀਟਾਂ ਦੀ ਗਿਣਤੀ ਪੰਦਰਾਂ ਹੈ। ਵਿਭਾਗੀ ਫੈਕਲਟੀ ਦੁਆਰਾ ਤਿੰਨ ਪੁਸਤਕਾਂ ਸੰਪਾਦਿਤ ਕਰਵਾਈਆਂ ਗਈਆਂ। ਫੈਕਲਟੀ ਦੁਆਰਾ ਦੋ ਅੰਤਰ ਰਾਸ਼ਟਰੀ ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ, ਤਿੰਨ ਰਾਸ਼ਟਰੀ ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਇਸ ਤੋਂ ਇਲਾਵਾ ਕਾਨਫ਼ਰੰਸਾਂ ਤੇ ਵਰਕਸ਼ਾਪਾਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਵੱਲੋਂ ਆਯੋਜਿਤ ਸੈਮੀਨਾਰ, ਤ੍ਰੈ ਸ਼ਤਾਬਦੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਅੰਮ੍ਰਿਤਸਰ ਸਾਹਿਬ ਵਿਖੇ ਰਾਸ਼ਟਰੀ ਸੈਮੀਨਾਰ ਵਿੱਚ ਮੁੱਖ ਵਕਤਾ ਵਜੋਂ ਭਾਸ਼ਣ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਆਯੋਜਿਤ ਸਾਈਂ ਮੀਆਂ ਮੀਰ ਦਿਵਸ ਅਤੇ ਸਨਮਾਨ ਸਮਾਰੋਹ ਮਿਤੀ ਦਸ ਮਾਰਚ 2019 ਨੂੰ ਕਰਵਾਇਆ ਗਿਆ। ਇਸ ਤੋਂ ਇਲਾਵਾ ਤਿੰਨ ਵਿਸ਼ੇਸ਼ ਭਾਸ਼ਣ ਆਯੋਜਿਤ ਕਰਵਾਏ ਗਏ। ਸਾਲ ਵਿੱਚ ਅੰਡਰ ਗਰੈਜੂਏਟ ਕਲਾਸਾਂ ਲਈ ਟੈਕਸਟ ਬੁੱਕਸ ਤਿਆਰ ਕਰਕੇ ਪ੍ਰੋਜੈਕਟ ਸੰਪੂਰਨ ਕੀਤਾ ਗਿਆ। ਵਿਭਾਗ ਦੁਆਰਾ ਚਾਰ ਅਵਾਰਡ ਹਾਸਲ ਕੀਤੇ ਗਏ। ਜਿਸ ਵਿੱਚ ਬੰਦਾ ਸਿੰਘ ਬਹਾਦਰ ਅਵਾਰਡ, ਐਕਸੀਲੈਂਸ ਇਨ ਬੁੱਕ ਪਰਸਨ, 'ਦੀਜੈ ਬੁਧਿ ਬਿਬੇਕਾ' ਅਤੇ ਪੰਜਾਬੀ ਗੌਰਵ ਅਵਾਰਡ। ਇਸ ਤੋਂ ਇਲਾਵਾ ਵਿਭਾਗਾਂ ਦੇ ਵੱਖ ਵੱਖ ਮੈਂਬਰ 46 ਕਮੇਟੀਆਂ ਦੇ ਮੈਂਬਰ ਰਹੇ ਅਤੇ ਰਾਸ਼ਟਰੀ ਪੱਧਰ 'ਤੇ 15 ਵੱਖ-ਵੱਖ ਕਮੇਟੀਆਂ ਦੇ ਮੈਂਬਰ ਬਣੇ।

## ਬਾਇਓਟੈਕਨਾਲੋਜੀ ਵਿਭਾਗ

**ਮੁਖੀ:** ਪ੍ਰੋ. ਰਾਮ ਸਰੂਪ ਸਿੰਘ

ਸਾਲ ਵਿੱਚ ਛੇ ਪੀ.ਐੱਚ.ਡੀ ਦੀਆਂ ਡਿਗਰੀਆਂ ਅਵਾਰਡ ਹੋਈਆਂ। ਐੱਸ.ਆਰ.ਐੱਫ. ਅਤੇ ਜੇ.ਆਰ.ਐੱਫ ਦੇ ਚਾਰ ਵਿਦਿਆਰਥੀ ਹਨ। ਵਿਭਾਗੀ ਫੈਕਲਟੀ ਦੁਆਰਾ ਇੱਕ ਪੁਸਤਕ ਸੰਪਾਦਿਤ ਕਰਵਾਈ ਗਈ ਅਤੇ 25 ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਵਿਭਾਗ ਵਿੱਚ ਤਿੰਨ ਕਾਨਫ਼ਰੰਸਾਂ ਅਤੇ ਸੈਮੀਨਾਰ ਕਰਵਾਏ ਗਏ। ਇਸ ਤੋਂ ਇਲਾਵਾ ਸਾਲ ਵਿੱਚ ਦੋ ਪ੍ਰੋਜੈਕਟ ਸੰਪੂਰਨ ਕੀਤੇ ਗਏ। ਪ੍ਰਾਪਤ ਅਵਾਰਡਾਂ ਦੀ ਗਿਣਤੀ 02 ਹੈ। ਵਿਭਾਗ ਦੇ ਮੈਂਬਰ ਵੱਖ-ਵੱਖ 16 ਕਮੇਟੀਆਂ ਦੇ ਮੈਂਬਰ ਬਣੇ। ਇਸ ਤੋਂ ਇਲਾਵਾ ਪੰਜ ਸੱਦਾਗਤ ਭਾਸ਼ਣ ਕਰਵਾਏ ਗਏ। ਸਮਾਜਿਕ ਸੇਵਾਵਾਂ ਲਈ ਤਿੰਨ ਪ੍ਰੋਗਰਾਮ ਆਯੋਜਿਤ ਕਰਵਾਏ ਗਏ।

## ਥੀਸਿਜ਼ ਮੁਲਾਂਕਣ ਸੈੱਲ

**ਮੁਖੀ:** ਡੀਨ (ਰਿਸਰਚ)

ਸਾਲ ਵਿੱਚ 389 ਪੀਐੱਚ.ਡੀ ਦੀਆਂ ਡਿਗਰੀਆਂ ਪ੍ਰਕਾਸ਼ਿਤ ਕਰਵਾਈਆਂ ਗਈਆਂ।

## ਪੰਜਾਬੀ ਸਾਹਿਤ ਅਧਿਐਨ ਵਿਭਾਗ

**ਮੁਖੀ:** ਡਾ. ਭੀਮ ਇੰਦਰ ਸਿੰਘ

ਇਸ ਤੋਂ ਇਲਾਵਾ ਵਿਭਾਗ ਵਿੱਚ 03 ਪ੍ਰੋਫ਼ੈਸਰ, 02 ਐਸੋਸੀਏਟ ਪ੍ਰੋਫ਼ੈਸਰ ਅਤੇ 03 ਅਸਿਸਟੈਂਟ ਪ੍ਰੋਫ਼ੈਸਰ ਸੇਵਾ ਨਿਭਾ ਰਹੇ ਹਨ ਅਤੇ ਪ੍ਰਬੰਧਕੀ ਅਮਲੇ ਵਿੱਚ 05 ਕਰਮਚਾਰੀ ਨਿਯੁਕਤ ਹਨ। ਵਿਭਾਗ ਵੱਲੋਂ ਪੰਜਾਬੀ ਖੋਜ ਨਾਲ ਸੰਬੰਧਿਤ 5 ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਗਈਆ। ਵਿਭਾਗ ਦੇ ਅਧਿਆਪਕ ਡਾ. ਮੋਹਨ ਤਿਆਗੀ ਵੱਲੋਂ 'ਗੁਰੂ ਨਾਨਕ ਬਾਣੀ ਚਿੰਤਨ: ਸਿਧਾਂਤ ਤੇ ਵਿਹਾਰ ਅਤੇ ਡਾ. ਜਸਵੀਰ ਕੌਰ ਵੱਲੋਂ ਖੋਜ ਪੱਤ੍ਰਿਕਾ (ਭਾਸ਼ਾ ਵਿਗਿਆਨ ਅਤੇ ਪੰਜਾਬੀ ਭਾਸ਼ਾ) ਵਿਸ਼ੇਸ਼ ਅੰਕ ਸੰਪਾਦਿਤ ਕੀਤਾ ਗਿਆ। ਡਾ. ਅੰਮ੍ਰਿਤਪਾਲ ਕੌਰ ਵੱਲੋਂ ਪਰਵਾਸੀ ਪੰਜਾਬੀ ਸਾਹਿਤ: ਗਲੋਬਲੀ ਪਰਿਪੇਖ ਵਿਸ਼ੇਸ਼ ਲੈਕਚਰ, ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ ਲੁਧਿਆਣਾ, ਵਿਖੇ 17/01/2019 ਨੂੰ ਪੇਪਰ ਪੇਸ਼ ਕੀਤਾ ਗਿਆ। ਸ੍ਰੀ ਗੁਰੂ ਨਾਨਕ ਦੇਵ ਜੀ: ਬਾਣੀ ਦਾ ਇਤਿਹਾਸਕਾਰੀ ਵਿਸ਼ੇਸ਼ ਲੈਕਚਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੂਰਬ ਨੂੰ ਸਮਰਪਿਤ ਦੂਜੀ ਖਾਲਸਾ ਗਲੋਬਲ ਪੰਜਾਬੀ ਕਾਨਫਰੰਸ 08/03/2019 ਨੂੰ ਵੀ ਵਿਸ਼ੇਸ਼ ਲੈਕਚਰ ਦਿੱਤਾ ਗਿਆ। ਡਾ. ਪਰਮੀਤ ਕੌਰ ਵੱਲੋਂ ਵਾਰਤਕ ਵਿਭਿੰਨ ਰੰਗਾਂ ਦਾ ਸਮਾਵੇਸ਼: ਸੂਰਜ ਮੰਦਰ ਦੀਆਂ ਪੌੜੀਆਂ ਅਜੋਕੇ ਸ਼ਿਲਾਲੇਖ, ਸੁਰਜੀਤ ਪਾਤਰ ਵਿਸ਼ੇਸ਼ ਅੰਕ ਜਨਵਰੀ-ਮਾਰਚ 2019 ਪੇਸ਼ ਕੀਤਾ ਗਿਆ। ਡਾ. ਮੋਹਨ ਤਿਆਗੀ ਦੁਆਰਾ ਅਮਰੀਕੀ ਪੰਜਾਬੀ ਕਵਿਤਾ: ਗਲੋਬਲੀ ਪਰਿਪੇਖ, ਪਰਵਾਸੀ ਪੰਜਾਬੀ ਸਾਹਿਤ: ਵਿਭਿੰਨ ਸਰੋਕਾਰ (ਸੰਪਾ.) ਪ੍ਰੋ. ਸ਼ਰਨਜੀਤ ਕੌਰ, ਪ੍ਰੋ. ਹਰਪ੍ਰੀਤ ਸਿੰਘ ਦੁਆਰਾ, ਸੇਹਰਾ ਪਬਲੀਕੇਸ਼ਨ ਸਮਾਣਾ (2019) ਪੇਸ਼ ਕੀਤੇ ਗਏ। ਕਲਚਰ ਟਰਾਂਸਫਰਮੇਸ਼ਨ ਆੱਫ ਗੁਆਰ ਟਰਾਈਬ ਆਫ ਪੰਜਾਬ ਨੈਸ਼ਨਲ ਬੰਜਾਰਾ ਪਰਫੋਰਮਰਸ

ਐਸੋਸੀਏਸ਼ਨ ਇੰਡੀਆ (2019)। ਵਿਭਾਗ ਦੇ ਪ੍ਰੋ. ਡਾ. ਹਰਜੋਧ ਸਿੰਘ ਨੇ ਪੀ.ਐਮ. ਕਾਲਜ ਰਾਜਪੁਰਾ ਵਿਖੇ ਪੋਸਟ ਗ੍ਰੈਜੂਏਟ ਵਿਭਾਗ ਨੂੰ ਕਿੱਸਾ ਕਾਵਿ ਤੇ ਵਿਸ਼ੇਸ਼ ਲੈਕਚਰ ਦਿੱਤਾ। (14 ਸਿਤੰਬਰ 2019) ਡਾ. ਮੋਹਨ ਤਿਆਗੀ ਨੇ ਸਮਾਜਿਕ ਸੱਭਿਆਚਾਰਕ ਇਨਕਲਾਬੀ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ (ਕੀ-ਨੋਟ ਐਡਰਸ) ਵਿਸ਼ਵ ਪੰਜਾਬੀ ਕਾਨਫਰੰਸ (ਰਜਿ) ਟੋਰਾਂਟੋ, ਕੈਨੇਡਾ ਮਿਤੀ 23 ਨਵੰਬਰ-2019 ਨੂੰ ਵਿਸ਼ੇਸ਼ ਭਾਸ਼ਣ ਦਿੱਤਾ। ਵਿਭਾਗ ਦੇ ਦੋ ਪ੍ਰੋ. ਡਾ. ਮੋਹਨ ਤਿਆਗੀ ਨੇ ਪੰਜਾਬ ਦੇ ਕਬੀਲਿਆਂ ਦਾ ਦਸਤਾਵੇਜ਼ੀ ਮੁਲਾਂਕਣ ਤੇ ਦੋ ਸਾਲਾ ਪ੍ਰਾਜੈਕਟ (ਏਜੰਸੀ-DST) (RS. 22,83,085) ਲਿਆਂਦਾ। ਡਾਇਰੈਕਟਰ, ਗੁਰਮਤਿ ਗਿਆਨ ਆਨ ਸਟੱਡੀ ਸੈਂਟਰ ਅਤੇ ਮੁਖੀ ਭਾਈ ਵੀਰ ਸਿੰਘ ਚੇਅਰ ਦੇ ਮੁਖੀ ਰਹੇ।

## ਯੂਨੀਵਰਸਿਟੀ ਸਕੂਲ ਆਫ਼ ਐਪਲਾਈਡ ਮੈਨੇਜਮੈਂਟ

**ਮੁਖੀ:** ਡਾ. ਰਿਤੂ ਲਹਿਲ

ਇਸ ਸਾਲ ਦੌਰਾਨ 12 ਪੀਐੱਚ.ਡੀ ਦੀਆਂ ਡਿਗਰੀਆਂ ਅਵਾਰਡ ਹੋਈਆਂ ਅਤੇ 19 ਪੀਐੱਚ.ਡੀ ਰਜਿਸਟਰਡ ਹੋਈਆਂ। ਟੈਮ ਮਾਡਲ, ਕਾਰਪੋਰੇਟ ਫਾਈਨੈਂਸ, ਬੀਹੈਵਰੀਅਲ ਫਾਈਨੈਂਸ, ਲੀਡਰਸ਼ਿਪ, ਈ.ਵੀ.ਏ. ਸਰਵਿਸ ਕਵਾਲਿਟੀ ਖੋਜ ਦੇ ਪ੍ਰਮੁੱਖ ਖੇਤਰ ਹਨ। ਵਿਭਾਗ ਦੇ ਅਧਿਆਪਕਾਂ ਨੇ ਕਾਰਜ ਸਥਾਨ ਤੇ ਲਿੰਗ ਸਮਾਨਤਾ ਤੇ ਵਰਕਸ਼ਾਪ, ਅੰਤਰ ਰਾਸ਼ਟਰੀ ਕਾਨਫ਼ਰੰਸ ਟਾਈਟਲ ਹੋਲੀਸਟਿਕ ਹੈਲਥ ਆਫ਼ ਵੂਮੈਨ: ਇਸਜ਼ੂ ਐਂਡ ਚੈਲੰਜਸ ਵਿੱਚ ਸ਼ਮੂਲੀਅਤ ਕੀਤੀ। ਵਿਭਾਗ ਵੱਲੋਂ ਡਾ. ਰਿਤੂ ਲਹਿਲ ਵੱਲੋਂ ਲਿੰਗ ਸੰਵੇਦਨਾ ਅਤੇ ਪੂਜਾ ਵੋਹਰਾ ਦੁਅਰਾ ਸਖ਼ਸ਼ੀਅਤ ਦੇ ਵਿਕਾਸ ਅਤੇ ਰਿਜ਼ੂਮ ਬਿਲਡਿੰਗ ਬਾਰੇ ਸਪੈਸ਼ਲ ਲੈਕਚਰ ਕਰਵਾਇਆ ਗਿਆ। ਵਿਭਾਗ ਵੱਲੋਂ ਇਸ ਸਾਲ ਸਮਾਜਿਕ ਨਸ਼ਿਆਂ ਦੇ ਹੱਲ ਲਈ ਸੀ.ਐਸ.ਆਰ ਦੀ ਭੂਮਿਕਾ, ਲਿੰਗ ਸੰਵਦੇਨਾ ਪੰਜਾਬ ਦੇ ਕਾਲਜ ਵਿਦਿਆਰਥੀਆਂ ਲਈ ਜਾਗਰੂਕਤਾ ਅਤੇ ਨੀਤੀਗਤ ਫਰੇਮਵਰਕ ਨਵੇਂ ਖੋਜ ਪ੍ਰੋਜੈਕਟ ਸ਼ੁਰੂ ਕੀਤੇ ਗਏ। ਨਸ਼ਿਆਂ ਤੇ ਨੁੱਕੜ ਨਾਟਕ, ਉੱਨਤ ਭਾਰਤ ਮੁਹਿੰਮ ਤਹਿਤ ਡਾਟਾ ਇਕੱਤਰ ਕਰਨ ਲਈ ਸੈਫ਼ਦੀਪੁਰ ਪਿੰਡ ਦਾ ਦੌਰਾ, ਜੈਂਡਰ ਸੈਨਸੀਟਾਈਜੇਸ਼ਨ ਤੇ ਲੈਕਚਰ ਦੇ ਕੇ ਵਿਸ਼ੇਸ਼ ਪਹਿਲਕਦਮੀ ਕੀਤੀ ਗਈ।

## ਅਰਥ ਵਿਗਿਆਨ ਵਿਭਾਗ

**ਮੁਖੀ:** ਡਾ. ਬਲਵਿੰਦਰ ਸਿੰਘ

ਮੌਜੂਦਾ ਫੈਕਲਟੀ ਵਿੱਚ 08 ਪ੍ਰੋਫ਼ੈਸਰ, 06 ਅਸਿਸਟੈਂਟ ਪ੍ਰੋਫੈਸਰ ਅਤੇ ਪ੍ਰਬੰਧਕੀ ਅਤੇ ਸਹਾਇਕ ਅਮਲੇ ਵਿੱਚ 07 ਮੈਂਬਰ ਕੰਮ ਕਰਦੇ ਹਨ। ਵਿਭਾਗ ਵਿੱਚ 39 ਪੀਐੱਚ.ਡੀ ਦੀਆਂ ਡਿਗਰੀਆਂ ਅਵਾਰਡ ਹੋਈਆਂ ਅਤੇ 18 ਨਵੀਆਂ ਰਜਿਸਟਰੇਸ਼ਨ ਹੋਈਆਂ। ਐੱਸ.ਆਰ.ਐੱਫ ਅਤੇ ਜੇ.ਆਰ.ਐੱਫ ਵਾਲੇ 23 ਵਿਦਿਆਰਥੀ ਹਨ। ਫੈਕਲਟੀ ਦੁਆਰਾ 29 ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਆਯੋਜਿਤ ਕਾਨਫ਼ਰੰਸਾਂ, ਸੈਮੀਨਾਰਾਂ ਵਿੱਚ ਰਾਸ਼ਟਰੀ ਵਰਕਸ਼ਾਪ, ਅੰਤਰਰਾਸ਼ਟਰੀ ਕਾਨਫਰੰਸ (ਆਇਸਾ) ਵਿਕਾਸ ਐਕਸਪੀਰੀਐਂਸ ਇੱਕੀਵੀਂ ਸਦੀ ਆਦਿ ਕਰਵਾਏ। ਕਾਨਫ਼ਰੰਸਾਂ/ਸੈਮੀਨਾਰਾਂ ਵਿੱਚ ਰਾਸ਼ਟਰੀ ਕਾਨਫ਼ਰੰਸਾਂ ਵਿੱਚ 23, ਅੰਤਰਰਾਸ਼ਟਰੀ ਕਾਨਫ਼ਰੰਸਾਂ ਵਿੱਚ 15 ਕਾਨਫ਼ਰੰਸਾਂ ਕਰਵਾਈਆਂ ਗਈਆਂ। ਇਸ ਤੋਂ ਇਲਾਵਾ ਵਿਸ਼ੇਸ਼ ਆਯੋਜਿਤ ਭਾਸ਼ਾਵਾਂ ਵਿੱਚ ਸੱਤ ਭਾਸ਼ਣ ਆਯੋਜਿਤ ਕਰਵਾਏ ਗਏ। ਵਿਭਾਗ ਦੇ ਅਧਿਆਪਕ 14 ਵੱਖ-ਵੱਖ ਕਮੇਟੀਆਂ ਦੇ ਮੈਂਬਰ ਰਹੇ। ਸੱਦਾਗਤ ਭਾਸ਼ਾਵਾਂ ਵਿੱਚ 16 ਭਾਸ਼ਣ ਕਰਵਾਏ ਗਏ।

## ਫੌਰੈਂਸਿਕ ਸਾਇੰਸ ਵਿਭਾਗ

**ਮੁਖੀ:** ਡਾ. ਰਾਜਿੰਦਰ ਸਿੰਘ।

ਇਸ ਵਿਭਾਗ ਵਿੱਚ 03 ਪ੍ਰੋਫ਼ੈਸਰ, ਇੱਕ ਐਸੋਸੀਏਟ ਪ੍ਰੋਫ਼ੈਸਰ ਅਤੇ ਪ੍ਰਬੰਧਕੀ ਅਤੇ ਸਹਿਯੋਗੀ ਅਮਲੇ ਵਿੱਚ ਗਿਆਰਾਂ ਮੈਂਬਰ ਹਨ। ਐੱਸ.ਆਰ.ਐੱਫ ਅਤੇ ਜੇ.ਆਰ.ਐੱਫ ਵਾਲੇ ਬਾਰ੍ਹਾਂ ਵਿਦਿਆਰਥੀ ਹਨ। ਵਿਭਾਗ ਫੈਕਲਟੀ

ਵੱਲੋਂ ਚੌਦਾਂ ਪੇਪਰ ਪ੍ਰਕਾਸ਼ਿਤ ਕਰਵਾਏ ਗਏ। ਫੈਕਲਟੀ ਦੁਆਰਾ ਚਾਰ ਅੰਤਰਰਾਸ਼ਟਰੀ ਭਾਸ਼ਣ ਅਤੇ ਤਿੰਨ ਰਾਸ਼ਟਰੀ ਭਾਸ਼ਣ ਆਯੋਜਿਤ ਕਰਵਾਏ ਗਏ। ਇਸ ਤੋਂ ਇਲਾਵਾ ਡਾ. ਰਾਜਿੰਦਰ ਸਿੰਘ ਇੰਡੋ ਪੈਸੇਫਿਕ ਅਕੈਡਮੀ ਆਫ਼ ਫੌਰੈਂਸਿਕ ਓਡੋਨਟੋਲੌਜੀ ਕਮੇਟੀ ਦੇ ਖ਼ਜਾਨਚੀ ਰਹੇ। ਵਿਭਾਗ ਦੁਆਰਾ ਦੋ ਰਸਾਲੇ ਵੀ ਪ੍ਰਕਾਸ਼ਿਤ ਕਰਵਾਏ ਗਏ।

## ਸਿਵਿਲ ਇੰਜੀਨੀਅਰਿੰਗ ਵਿਭਾਗ

**ਮੁਖੀ:** ਕਰਨਬੀਰ ਸਿੰਘ ਰੰਧਾਵਾ।

ਇਸ ਵਿਭਾਗ ਵਿੱਚ ਅਸਿਸਟੈਂਟ ਪ੍ਰੋਫ਼ੈਸਰ-12 ਰੈਗੂਲਰ ਅਤੇ 06 ਕੰਟਰੈਕਟ ਉੱਤੇ ਕੰਮ ਕਰਦੇ ਹਨ। ਪ੍ਰਬੰਧਕੀ ਅਤੇ ਸਹਾਇਕ ਅਮਲੇ ਵਿੱਚ 16 ਮੈਂਬਰ ਨਿਯੁਕਤ ਹਨ। ਸਾਲ ਵਿੱਚ ਚਾਰ ਪੀਐੱਚ.ਡੀ ਦੀਆਂ ਡਿਗਰੀਆਂ ਦੀ ਰਜਿਸਟਰੇਸ਼ਨ ਹੋਈ। ਵਿਭਾਗੀ ਫੈਕਲਟੀ ਦੁਆਰਾ 05 ਖੋਜ ਪੇਪਰ ਪ੍ਰਕਾਸ਼ਿਤ ਕਰਵਾਏ ਗਏ। ਫੈਕਲਟੀ ਦੁਆਰਾ ਇੱਕ ਵਰਕਸ਼ਾਪ ਆਯੋਜਿਤ ਕੀਤੀ ਗਈ ਹੈ। ਸਮਾਜਿਕ ਸੇਵਾ ਦੀ ਪਹਿਲਕਦਮੀ ਕਰਕੇ Crispolateia 2019 ਯੂਕੇ ਵਿਖੇ ਕਰਵਾਇਆ ਗਿਆ।

## ਡਾਇਰੈਕਟੋਰੇਟ ਆਫ਼ ਸਪੋਰਟਸ

**ਮੁਖੀ:** ਡਾ. ਗੁਰਦੀਪ ਕੌਰ ਰੰਧਾਵਾ।

ਮੌਜੂਦਾ ਫੈਕਲਟੀ ਵਿੱਚ ਇੱਕ ਐਸੋਸੀਏਟ ਪ੍ਰੋਫ਼ੈਸਰ, ਤਿੰਨ ਅਸਿਸਟੈਂਟ ਪ੍ਰੋਫੈਸਰ ਕੰਮ ਕਰਦੇ ਹਨ। ਪ੍ਰਬੰਧਕੀ ਅਤੇ ਸਹਾਇਕ ਅਮਲੇ ਵਿੱਚ ਤੇਰਾਂ ਮੈਂਬਰ ਕੰਮ ਕਰਦੇ ਹਨ। ਇਸ ਤੋਂ ਇਲਾਵਾ ਉੱਤਰ-ਖੇਤਰੀ ਅਤੇ ਸਰਬ ਭਾਰਤੀ ਅੰਤਰ ਯੂਨੀਵਰਸਿਟੀ ਦੇ ਟੀਮ ਮੁਕਾਬਲਿਆਂ ਵਿੱਚ ਯੂਨੀਵਰਸਿਟੀ ਦੀਆਂ ਤਿੰਨ ਟੀਮਾਂ ਨੇ ਪਹਿਲਾ, ਪੰਜ ਟੀਮਾਂ ਨੇ ਦੂਜਾ ਅਤੇ 6 ਟੀਮਾਂ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਤਰ੍ਹਾਂ ਸਰਬ ਭਾਰਤੀ, ਅੰਤਰਰਾਸ਼ਟਰੀ ਤੇ ਵਿਅਕਤੀਗਤ ਮੁਕਾਬਲਿਆਂ ਵਿੱਚ ਖਿਡਾਰੀਆਂ ਨੇ 110 ਗੋਲਡ, 43 ਸਿਲਵਰ ਅਤੇ 83 ਬਰੌਂਜ ਮੈਡਲ ਪ੍ਰਾਪਤ ਕੀਤੇ। ਅੰਤਰ ਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਵਿੱਚ ਪੰਜਾਬੀ ਯੂਨੀਵਰਸਿਟੀ ਦੇ ਖਿਡਾਰੀਆਂ ਨੇ ਇੱਕ ਗੋਲਡ, ਇੱਕ ਸਿਲਵਰ ਅਤੇ ਤਿੰਨ ਬਰੋਂਜ ਮੈਡਲ ਪ੍ਰਾਪਤ ਕੀਤੇ।

## ਹਿਊਮਨ ਜੈਨੇਟਿਕਸ ਵਿਭਾਗ

**ਮੁਖੀ:** ਡਾ. ਰਾਜਿੰਦਰ ਕੌਰ।

ਮੌਜੂਦਾ ਫੈਕਲਟੀ ਵਿੱਚ 01 ਐਸੋਸੀਏਟ ਪ੍ਰੋਫ਼ੈਸਰ ਅਤੇ 02 ਅਸਿਸਟੈਂਟ ਪ੍ਰੋਫ਼ੈਸਰ ਹਨ। ਪ੍ਰਬੰਧਕੀ ਅਤੇ ਸਹਾਇਕ ਅਮਲੇ ਵਿੱਚ 5 ਸੀਨੀਅਰ ਸਹਾਇਕ, 2 ਜੂਨੀਅਰ ਟੈਕਨੀਕਲ ਅਸਿਟੈਂਟ, 01 ਲੈਬ ਅਸਿਸਟੈਂਟ, 01 ਮਸਾਲਚੀ (ਸੇਵਾਦਾਰ) ਹੈ। ਸਾਲ ਵਿੱਚ ਅਵਾਰਡ ਹੋਈਆਂ ਪੀਐੱਚ.ਡੀ ਡਿਗਰੀਆਂ ਦੀ ਗਿਣਤੀ 07, ਸਾਲ ਵਿੱਚ ਦਰਜ ਪੀਐੱਚ.ਡੀ ਰਜਿਸਟਰੇਸ਼ਨਾਂ ਦੀ ਗਿਣਤੀ 08 ਹੈ। ਐੱਸ.ਆਰ.ਐਫ ਅਤੇ ਜੇ.ਆਰ.ਐਫ ਵਿਦਿਆਰਥੀਆਂ ਦੀ ਗਿਣਤੀ 07 ਹੈ। ਫੈਕਲਟੀ ਦੁਆਰਾ ਪ੍ਰਕਾਸ਼ਿਤ ਪੁਸਤਕਾਂ-01, ਫੈਕਲਟੀ ਦੁਆਰਾ ਪ੍ਰਕਾਸ਼ਿਤ ਖੋਜ-ਪੱਤਰਾਂ ਦੀ ਗਿਣਤੀ 12 ਹੈ। ਵਿਸ਼ੇਸ਼ ਆਯੋਜਿਤ ਭਾਸ਼ਣਾਂ ਦੀ ਗਿਣਤੀ 03 ਹੈ।

## ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ

ਵਿਭਾਗ ਵਿੱਚ ਅਧਿਆਪਕਾਂ ਦੀ ਕੁਲ ਗਿਣਤੀ ਤਿੰਨ ਹੈ। ਵਿਭਾਗ ਵਿੱਚ ਪੀਐੱਚ.ਡੀ ਵਿਦਿਆਰਥੀਆਂ ਦੀ ਗਿਣਤੀ 53 ਹੈ। ਵਿਭਾਗ ਵਿੱਚ ਸਰਟੀਫਿਕੇਟ ਕੋਰਸ ਇਨ ਸ੍ਰੀ ਗੁਰੂ ਗ੍ਰੰਥ ਸਾਹਿਬ, ਪੀ. ਜੀ. ਡਿਪਲੋਮਾ ਇਨ ਸਿੱਖ ਥਿਆਲੋਜੀ ਅਤੇ ਐਮ.ਫਿਲ ਕੋਰਸ ਕਰਵਾਏ ਜਾਂਦੇ ਹਨ। ਫੈਕਲਟੀ ਦੁਆਰਾ ਸਾਲ ਦੌਰਾਨ ਡਾ. ਸਰਬਜਿੰਦਰ ਸਿੰਘ ਦੁਆਰਾ ਤਿੰਨ ਪੁਸਤਕਾਂ ਪ੍ਰਕਾਸ਼ਿਤ ਕਰਵਾਈਆਂ ਗਈਆਂ ਤੇ ਲਗਭਗ ਅੱਠ ਦੇ ਕਰੀਬ ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਸਾਲ ਦੌਰਾਨ ਫੈਕਲਟੀ ਦੁਆਰਾ ਅਟੈਂਡ ਕੀਤੇ ਗਏ ਸੈਮੀਨਾਰਾਂ, ਵਰਕਸ਼ਾਪਾਂ ਅਤੇ ਕਾਨਫ਼ਰੰਸਾਂ ਦੀ

ਗਿਣਤੀ ਚੌਦਾਂ ਹੈ। ਇਸੇ ਤਰ੍ਹਾਂ ਸਾਲ ਦੌਰਾਨ ਰਾਸ਼ਟਰੀ ਸੈਮੀਨਾਰ ਚਾਰ, ਅੰਤਰ ਰਾਸ਼ਟਰੀ ਸੈਮੀਨਾਰ ਇੱਕ ਅਤੇ ਸਪੈਸ਼ਲ ਲੈਕਚਰਾਂ ਦੀ ਗਿਣਤੀ ਤਿੰਨ ਹੈ। ਵਿਭਾਗ ਦੁਆਰਾ ਸਾਲ ਦੌਰਾਨ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਉਤਸਵ, ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਦਿਵਸ, ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਦੇ ਦਰਸ਼ਨ, ਜਥੇਦਾਰ ਗੁਰਚਰਨ ਸਿੰਘ ਟੋਹੜਾ 'ਤੇ ਵਿਭਾਗ ਵੱਲੋਂ ਸੈਮੀਨਾਰ ਕਰਵਾਇਆ ਗਿਆ। ਵਿਭਾਗ ਵਿੱਚ ਅੰਤਰਰਾਸ਼ਟਰੀ ਸੈਮੀਨਾਰ ਵਿੱਚ ਧਰਮ ਅਤੇ ਸ਼ਾਂਤੀ ਵਿਸ਼ੇ ਤੇ ਵਿਚਾਰ ਗੋਸ਼ਟੀ ਕਰਵਾਈ ਗਈ। ਫੈਕਲਟੀ ਦੁਆਰਾ ਸਾਲ ਦੌਰਾਨ ਤਿੰਨ ਵਿਸ਼ੇਸ਼ ਭਾਸ਼ਣ ਕਰਵਾਏ ਗਏ।

## ਯੁਵਕ ਭਲਾਈ ਵਿਭਾਗ

**ਮੁਖੀ:** ਡਾ. ਗੁਰਸੇਵਕ ਲੰਬੀ

- 'ਮੰਗਲਕਾਮਨਾ'- ਵਿਭਾਗ ਵੱਲੋਂ ਵਿਦਿਆਰਥੀਆਂ ਅਤੇ ਕੈਂਪਸ ਨਿਵਾਸੀਆਂ ਲਈ ਸੱਭਿਆਚਾਰਕ ਸ਼ਾਮ 01 ਜਨਵਰੀ ਨੂੰ ਕਲਾ ਭਵਨ ਵਿਖੇ ਕਰਵਾਈ ਗਈ।
- **ਵਿਦੇਸ਼ਾਂ ਵਿੱਚ ਪੰਜਾਬੀ ਲੋਕ ਨਾਚਾਂ ਦੀ ਸਥਿਤੀ ਬਾਰੇ ਚਰਚਾ:** ਵਿਭਾਗ ਵੱਲੋਂ ਮਿਤੀ 22 ਜਨਵਰੀ, 2019 ਨੂੰ 'ਵਿਦੇਸ਼ਾਂ ਵਿੱਚ ਪੰਜਾਬੀ ਲੋਕ ਨਾਚਾਂ ਦੀ ਸਥਿਤੀ' ਬਾਰੇ ਇਕ-ਰੋਜ਼ਾ ਚਰਚਾ ਕੀਤੀ ਗਈ ਜਿਸ ਵਿੱਚ ਕੈਨੇਡਾ ਤੋਂ ਸ. ਹਰਦੀਪ ਸਿੰਘ ਸਹੋਤਾ ਵਿਸ਼ੇਸ਼ਗ ਵਜੋਂ ਆਏ।
- 'ਮੰਗਲਕਾਮਨਾ'- ਵਿਭਾਗ ਵੱਲੋਂ ਵਿਦਿਆਰਥੀਆਂ ਅਤੇ ਕੈਂਪਸ ਨਿਵਾਸੀਆਂ ਲਈ ਸੱਭਿਆਚਾਰਕ ਸ਼ਾਮ 05 ਫਰਵਰੀ ਨੂੰ ਕਲਾ ਭਵਨ ਵਿਖੇ ਕਰਵਾਈ ਗਈ।
- ਐਸੋਸੀਏਸ਼ਨ ਆਫ਼ ਇੰਡੀਅਨ ਯੂਨੀਵਰਸਿਟੀਜ਼, ਨਵੀਂ ਦਿੱਲੀ (A.I.U) ਵੱਲੋਂ ਨੈਸ਼ਨਲ ਅੰਤਰ ਯੂਨੀਵਰਸਿਟੀ ਯੁਵਕ ਮੇਲਾ ਮਿਤੀ 06 ਤੋਂ 10 ਫਰਵਰੀ, 2019 ਨੂੰ ਚੰਡੀਗੜ੍ਹ ਯੂਨੀਵਰਸਿਟੀ, ਘੜੂੰਆਂ (ਪੰਜਾਬ) ਵਿਖੇ ਹੋਇਆ ਜਿਸ ਵਿੱਚ ਪੰਜਾਬੀ ਯੂਨੀਵਰਸਿਟੀ ਨੇ ਭੰਗੜਾ, ਕਲੇਅ ਮਾਡਲਿੰਗ ਅਤੇ ਕਲਾਸੀਕਲ ਵੋਕਲ ਵਿੱਚ ਕ੍ਰਮਵਾਰ ਪਹਿਲਾ ਸਥਾਨ ਹਾਸਿਲ ਕੀਤਾ।
- ਏ.ਆਈ.ਯੂ., ਨਵੀਂ ਦਿੱਲੀ ਵੱਲੋਂ ਮਿਤੀ 22 ਤੋਂ 26 ਫਰਵਰੀ, 2019 ਨੂੰ 12ਵਾਂ ਸਾਊਥ ਏਸ਼ੀਅਨ ਯੂਥ ਫੈਸਟੀਵਲ (12th SAUFEST), ਪੰਡਿਤ ਰਵੀਸ਼ੰਕਰ ਸ਼ੁਕਲਾ ਯੂਨੀਵਰਸਿਟੀ, ਅਮਾਨਕਾ, ਰਾਏਪੁਰ (ਛਤੀਸਗੜ੍ਹ) ਵਿਖੇ ਕਰਵਾਇਆ ਗਿਆ ਜਿਸ ਵਿੱਚ 6 ਦੇਸ਼ਾਂ ਅਤੇ ਭਾਰਤ ਦੀਆਂ ਯੂਨੀਵਰਸਿਟੀਆਂ ਦੇ ਲਗਭਗ 250 ਡੈਲੀਗੇਟਾਂ ਨੇ ਭਾਗ ਲਿਆ। ਇਸ ਮੇਲੇ ਵਿੱਚ ਪੇਸ਼ਕਾਰੀ ਲਈ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਫੋਕ ਆਰਕੈਸਟਰਾ, ਭਾਸ਼ਣ ਅਤੇ ਕਲਾਸੀਕਲ ਡਾਂਸ ਦੀਆਂ ਟੀਮਾਂ ਨੇ ਭਾਗ ਲਿਆ।
- **ਲੇਖਕਾਂ ਨਾਲ ਸਾਹਿਤਕ ਮਿਲਣੀਆਂ:** ਪਬਲੀਕੇਸ਼ਨ ਬਿਊਰੋ ਵੱਲੋਂ ਮਾਤ ਭਾਸ਼ਾ ਦਿਵਸ 'ਤੇ ਮਿਤੀ 21-25 ਫਰਵਰੀ 2019 ਨੂੰ ਲਗਵਾਏ ਗਏ ਪੁਸਤਕ ਮੇਲੇ ਵਿੱਚ ਪਬਲੀਕੇਸ਼ਨ ਬਿਊਰੋ ਅਤੇ ਪੰਜਾਬ ਸਾਹਿਤ ਅਕਾਦਮੀ ਦੇ ਸਹਿਯੋਗ ਨਾਲ ਯੁਵਕ ਭਲਾਈ ਵਿਭਾਗ ਵੱਲੋਂ ਵੱਖ-ਵੱਖ ਲੇਖਕਾਂ ਦੀਆਂ ਸਾਹਿਤਕ ਮਿਲਣੀਆਂ ਕਰਵਾਈਆਂ ਗਈਆਂ।
- 'ਮੰਗਲਕਾਮਨਾ'- ਵਿਭਾਗ ਵੱਲੋਂ ਵਿਦਿਆਰਥੀਆਂ ਅਤੇ ਕੈਂਪਸ ਨਿਵਾਸੀਆਂ ਲਈ ਸੱਭਿਆਚਾਰਕ ਸ਼ਾਮ 05 ਮਾਰਚ ਨੂੰ ਕਲਾ ਭਵਨ ਵਿਖੇ ਕਰਵਾਈ ਗਈ।
- **ਧਾਰਮਿਕ ਕਵੀ ਦਰਬਾਰ:** ਵਿਭਾਗ ਵੱਲੋਂ ਮਿਤੀ 05 ਮਾਰਚ, 2019 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਕਰਵਾਇਆ ਗਿਆ।
- **ਦੋ ਰੋਜ਼ਾ ਨਾਟ-ਉਤਸਵ:** ਵਿਭਾਗ ਵੱਲੋਂ 8, 9 ਮਾਰਚ 2019 ਨੂੰ ਵਿਸ਼ਵ ਇਸਤਰੀ ਦਿਵਸ 'ਤੇ ਦੋ ਰੋਜ਼ਾ ਨਾਟ-ਉਤਸਵ ਕੀਤਾ ਗਿਆ ਜਿਸ ਵਿੱਚ ਕੇਵਲ ਧਾਲੀਵਾਲ ਦੀ ਨਿਰਦੇਸ਼ਤਾ ਹੇਠ ਪ੍ਰਸਿੱਧ ਨਾਟਕਕਾਰ ਸਵਰਾਜਬੀਰ ਦੇ ਨਾਟਕ 'ਤਸਵੀਰਾਂ' ਅਤੇ 'ਇਹ ਗੱਲਾਂ ਕਦੇ ਫੇਰ ਕਰਾਂਗੇ' ਦੀ ਪੇਸ਼ਕਾਰੀ ਕਰਵਾਈ ਗਈ।
- 'ਮੰਗਲਕਾਮਨਾ'- ਵਿਭਾਗ ਵੱਲੋਂ ਵਿਦਿਆਰਥੀਆਂ ਅਤੇ ਕੈਂਪਸ ਨਿਵਾਸੀਆਂ ਲਈ ਸੱਭਿਆਚਾਰਕ ਸ਼ਾਮ 02 ਅਪ੍ਰੈਲ ਨੂੰ ਕਲਾ ਭਵਨ ਵਿਖੇ ਕਰਵਾਈ ਗਈ।

- **ਸੱਤ ਰੋਜ਼ਾ ਨਾਟ-ਉਤਸਵ:** ਵਿਭਾਗ ਵੱਲੋਂ ਵਿਸ਼ਵ ਰੰਗਮੰਚ ਦਿਵਸ (27 ਮਾਰਚ) ਨੂੰ ਸਮਰਪਿਤ ਸੱਤ ਰੋਜ਼ਾ ਨਾਟ-ਉਤਸਵ ਮਿਤੀ 29 ਮਾਰਚ ਤੋਂ 4 ਅਪ੍ਰੈਲ, 2019 ਨੂੰ ਕਰਵਾਇਆ ਗਿਆ।
- 'ਮੰਗਲਕਾਮਨਾ'- ਵਿਭਾਗ ਵੱਲੋਂ ਵਿਦਿਆਰਥੀਆਂ ਅਤੇ ਕੈਂਪਸ ਨਿਵਾਸੀਆਂ ਲਈ ਸੱਭਿਆਚਾਰਕ ਸ਼ਾਮ 07 ਮਈ ਨੂੰ ਕਲਾ ਭਵਨ ਵਿਖੇ ਕਰਵਾਈ ਗਈ।
- 'ਮੰਗਲਕਾਮਨਾ'- ਵਿਭਾਗ ਵੱਲੋਂ ਵਿਦਿਆਰਥੀਆਂ ਅਤੇ ਕੈਂਪਸ ਨਿਵਾਸੀਆਂ ਲਈ ਸੱਭਿਆਚਾਰਕ ਸ਼ਾਮ 04 ਜੂਨ ਨੂੰ ਕਲਾ ਭਵਨ ਵਿਖੇ ਕਰਵਾਈ ਗਈ।
- 'ਮੰਗਲਕਾਮਨਾ'- ਵਿਭਾਗ ਵੱਲੋਂ ਵਿਦਿਆਰਥੀਆਂ ਅਤੇ ਕੈਂਪਸ ਨਿਵਾਸੀਆਂ ਲਈ ਸੱਭਿਆਚਾਰਕ ਸ਼ਾਮ 02 ਜੁਲਾਈ ਨੂੰ ਕਲਾ ਭਵਨ ਵਿਖੇ ਕਰਵਾਈ ਗਈ।
- 'ਮੰਗਲਕਾਮਨਾ'- ਵਿਭਾਗ ਵੱਲੋਂ ਵਿਦਿਆਰਥੀਆਂ ਅਤੇ ਕੈਂਪਸ ਨਿਵਾਸੀਆਂ ਲਈ ਸੱਭਿਆਚਾਰਕ ਸ਼ਾਮ 06 ਅਗਸਤ ਨੂੰ ਕਲਾ ਭਵਨ ਵਿਖੇ ਕਰਵਾਈ ਗਈ।
- ਯੁਵਕ ਭਲਾਈ ਵਿਭਾਗ ਦੇ ਸੈਸ਼ਨ 2019-20 ਲਈ ਸਾਰੇ ਸਾਲਾਨਾ ਕਾਰਜਾਂ ਦੀ ਵਿਉਂਤਬੰਦੀ ਲਈ 'ਯੁਵਕ ਭਲਾਈ ਵਿਭਾਗ ਕਾਰਜਕਾਰਨੀ' ਦੀ ਇਕੱਤਰਤਾ 14 ਅਗਸਤ ਨੂੰ ਪੰਜਾਬੀ ਯੂਨੀਵਰਸਿਟੀ ਕੈਂਪਸ ਦੇ ਗੈਸਟ ਹਾਊਸ ਵਿਖੇ ਕਰਵਾਈ ਗਈ।
- ਵਿਭਾਗ ਵੱਲੋਂ ਹਰ ਸਾਲ ਕਰਵਾਏ ਜਾਣ ਵਾਲੇ 6 ਖੇਤਰੀ ਯੁਵਕ ਮੇਲਿਆਂ ਦੀ ਤਿਆਰੀ ਲਈ ਖੇਤਰੀ ਯੁਵਕ ਮੇਲਿਆਂ ਦੇ ਮੇਜ਼ਬਾਨ ਕਾਲਜਾਂ ਵਿਖੇ 29 ਤੋਂ 31 ਅਗਸਤ ਤਕ ਮੀਟਿੰਗਾਂ ਕਰਵਾਈਆਂ ਗਈਆਂ।
- 'ਮੰਗਲਕਾਮਨਾ'- ਵਿਭਾਗ ਵੱਲੋਂ ਵਿਦਿਆਰਥੀਆਂ ਅਤੇ ਕੈਂਪਸ ਨਿਵਾਸੀਆਂ ਲਈ ਸੱਭਿਆਚਾਰਕ ਸ਼ਾਮ 03 ਸੰਤਬਰ ਨੂੰ ਕਲਾ ਭਵਨ ਵਿਖੇ ਕਰਵਾਈ ਗਈ।
- ਐਸੋਸੀਏਸ਼ਨ ਆਫ਼ ਇੰਡੀਅਨ ਯੂਨੀਵਰਸਿਟੀਜ਼, ਨਵੀਂ ਦਿੱਲੀ ਵੱਲੋਂ 1st AIU International Youth Festival 25 ਤੋਂ 27 ਸਤੰਬਰ, 2019 ਨੂੰ ਚੰਡੀਗੜ੍ਹ ਯੂਨੀਵਰਸਿਟੀ, ਘੜੂਆਂ ਵਿਖੇ ਹੋਇਆ ਜਿਸ ਵਿੱਚ ਪੰਜਾਬੀ ਯੂਨੀਵਰਸਿਟੀ ਦੀ ਲੋਕ ਨਾਚ ਭੰਗੜਾ ਭਾਰਤ ਦੀ ਪ੍ਰਤੀਨਿਧਤਾ ਕੀਤੀ।
- ਰੋਪੜ-ਫਤਹਿਗੜ੍ਹ ਸਾਹਿਬ ਖੇਤਰ ਦਾ ਸੈਸ਼ਨ 2019-20 ਦਾ ਖੇਤਰੀ ਯੁਵਕ ਅਤੇ ਲੋਕ ਮੇਲਾ ਮਿਤੀ 27-28-29 ਸਤੰਬਰ, 2019 ਨੂੰ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਆਨੰਦਪੁਰ ਸਾਹਿਬ ਵਿਖੇ ਆਯੋਜਿਤ ਕੀਤਾ ਗਿਆ।
- ਸੰਗਰੂਰ ਖੇਤਰ ਦਾ ਸੈਸ਼ਨ 2019-20 ਦਾ ਖੇਤਰੀ ਯੁਵਕ ਅਤੇ ਲੋਕ ਮੇਲਾ ਮਿਤੀ 28-29-30 ਸਤੰਬਰ, 2019 ਨੂੰ ਭਾਈ ਗੁਰਦਾਸ ਇੰਸਟੀਚਿਊਟ ਆਫ਼ ਐਜੂਕੇਸ਼ਨ, ਸੰਗਰੂਰ ਵਿਖੇ ਆਯੋਜਿਤ ਕੀਤਾ ਗਿਆ।
- 'ਮੰਗਲਕਾਮਨਾ'- ਵਿਭਾਗ ਵੱਲੋਂ ਵਿਦਿਆਰਥੀਆਂ ਅਤੇ ਕੈਂਪਸ ਨਿਵਾਸੀਆਂ ਲਈ ਸੱਭਿਆਚਾਰਕ ਸ਼ਾਮ 01 ਅਕਤੂਬਰ ਨੂੰ ਕਲਾ ਭਵਨ ਵਿਖੇ ਕਰਵਾਈ ਗਈ।
- ਬਠਿੰਡਾ ਖੇਤਰ ਦਾ ਸੈਸ਼ਨ 2019-20 ਦਾ ਯੁਵਕ ਅਤੇ ਲੋਕ ਮੇਲਾ ਮਿਤੀ 04-05-06 ਅਕਤੂਬਰ, 2019 ਨੂੰ ਆਰ.ਪੀ.ਸੀ. ਡਿਗਰੀ ਕਾਲਜ, ਬਹਿਮਣ-ਦਿਵਾਨਾ (ਬਠਿੰਡਾ) ਵਿਖੇ ਆਯੋਜਿਤ ਕੀਤਾ ਗਿਆ।
- ਮਾਨਸਾ ਖੇਤਰ ਦਾ ਸੈਸ਼ਨ 2019-20 ਦਾ ਖੇਤਰੀ ਯੁਵਕ ਅਤੇ ਲੋਕ ਮੇਲਾ ਮਿਤੀ 10-11-12 ਅਕਤੂਬਰ, 2019 ਨੂੰ ਮਾਤਾ ਸੁੰਦਰੀ ਯੂਨੀਵਰਸਿਟੀ ਗਰਲਜ਼ ਕਾਲਜ, ਮਾਨਸਾ ਵਿਖੇ ਆਯੋਜਿਤ ਕੀਤਾ ਗਿਆ।
- ਪਟਿਆਲਾ ਖੇਤਰ ਦਾ ਸੈਸ਼ਨ, 2019-20 ਦਾ ਖੇਤਰੀ ਯੁਵਕ ਅਤੇ ਲੋਕ ਮੇਲਾ ਮਿਤੀ 11-12-13 ਅਕਤੂਬਰ, 2019 ਨੂੰ ਖਾਲਸਾ ਕਾਲਜ, ਪਟਿਆਲਾ ਵਿਖੇ ਆਯੋਜਿਤ ਕੀਤਾ ਗਿਆ।
- ਬਰਨਾਲਾ-ਫਰੀਦਕੋਟ ਖੇਤਰ ਦਾ ਸੈਸ਼ਨ 2019-20 ਦਾ ਖੇਤਰੀ ਯੁਵਕ ਅਤੇ ਲੋਕ ਮੇਲਾ ਮਿਤੀ 14-15-16 ਅਕਤੂਬਰ, 2019 ਨੂੰ ਗੁਰੂਕੁਲ ਕਾਲਜ ਫਾਰ ਵਿਮੈਨ, ਕੋਠੇ ਕੋਟਕਪੂਰਾ ਵਿਖੇ ਆਯੋਜਿਤ ਕੀਤਾ ਗਿਆ।
- ਵਿਭਾਗ ਵੱਲੋਂ ਅੰਤਰ-ਖੇਤਰੀ ਯੁਵਕ ਅਤੇ ਲੋਕ ਮੇਲਾ 23-24-25 ਅਕਤੂਬਰ, 2019 ਨੂੰ ਕੈਂਪਸ ਵਿਖੇ ਕਰਵਾਇਆ ਗਿਆ।

- 'ਮੰਗਲਕਾਮਨਾ'- ਵਿਭਾਗ ਵੱਲੋਂ ਵਿਦਿਆਰਥੀਆਂ ਅਤੇ ਕੈਂਪਸ ਨਿਵਾਸੀਆਂ ਲਈ ਸੱਭਿਆਚਾਰਕ ਸ਼ਾਮ 05 ਨਵੰਬਰ ਨੂੰ ਕਲਾ ਭਵਨ ਵਿਖੇ ਕਰਵਾਈ ਗਈ।
- **ਸੱਤ ਰੋਜ਼ਾ ਥੀਏਟਰ ਫੈਸਟੀਵਲ:** ਮਿਤੀ 29 ਨਵੰਬਰ ਤੋਂ 05 ਦਸੰਬਰ, 2019 ਤਕ ਸੱਤ ਰੋਜ਼ਾ ਥੀਏਟਰ ਫੈਸਟੀਵਲ ਨੌਰਥ ਜ਼ੋਨ ਕਲਚਰਲ ਸੈਂਟਰ (ਪਟਿਆਲਾ), ਸੰਗੀਤ ਨਾਟਕ ਅਕਾਦਮੀ (ਦਿੱਲੀ), ਪੰਜਾਬ ਸੰਗੀਤ ਨਾਟਕ ਅਕਾਦਮੀ (ਚੰਡੀਗੜ੍ਹ), ਪੰਜਾਬੀ ਅਕਾਦਮੀ (ਦਿੱਲੀ) ਸੰਸਥਾਵਾਂ ਦੇ ਸਹਿਯੋਗ ਨਾਲ ਕਲਾ ਭਵਨ ਵਿਖੇ ਕਰਵਾਇਆ ਗਿਆ।
- **ਸੱਤ ਰੋਜ਼ਾ ਥੀਏਟਰ ਫੈਸਟੀਵਲ:** ਮਿਤੀ 29 ਨਵੰਬਰ ਤੋਂ 05 ਦਸੰਬਰ, 2019 ਤਕ ਸੱਤ ਰੋਜ਼ਾ ਥੀਏਟਰ ਫੈਸਟੀਵਲ ਨੌਰਥ ਜ਼ੋਨ ਕਲਚਰਲ ਸੈਂਟਰ (ਪਟਿਆਲਾ), ਸੰਗੀਤ ਨਾਟਕ ਅਕਾਦਮੀ (ਦਿੱਲੀ), ਪੰਜਾਬ ਸੰਗੀਤ ਨਾਟਕ ਅਕਾਦਮੀ (ਚੰਡੀਗੜ੍ਹ), ਪੰਜਾਬੀ ਅਕਾਦਮੀ (ਦਿੱਲੀ) ਸੰਸਥਾਵਾਂ ਦੇ ਸਹਿਯਗ ਨਾਲ ਕਲਾ ਭਵਨ ਵਿਖੇ ਕਰਵਾਇਆ ਗਿਆ।
- 'ਮੰਗਲਕਾਮਨਾ'- ਵਿਭਾਗ ਵੱਲੋਂ ਵਿਦਿਆਰਥੀਆਂ ਅਤੇ ਕੈਂਪਸ ਨਿਵਾਸੀਆਂ ਲਈ ਸੱਭਿਆਚਾਰਕ ਸ਼ਾਮ 03 ਦਸੰਬਰ ਨੂੰ ਕਲਾ ਭਵਨ ਵਿਖੇ ਕਰਵਾਈ ਗਈ।
- ਐਸੋਸੀਏਸ਼ਨ ਆਫ਼ ਇੰਡੀਅਨ ਯੂਨੀਵਰਸਿਟੀਜ਼ (AIU), ਨਵੀ ਦਿੱਲੀ, ਵੱਲੋਂ ਨੌਰਥ ਜ਼ੋਨ ਇੰਟਰ ਯੂਨੀਵਰਸਿਟੀ ਯੁਵਕ ਮੇਲਾ ਮਿਤੀ 25 ਤੋਂ 29 ਦਸੰਬਰ, 2019 ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਹੋਇਆ, ਜਿਸ ਵਿੱਚ ਪੰਜਾਬੀ ਯੂਨੀਵਰਸਿਟੀ ਨੇ ਸਾਰੀਆਂ ਆਈਟਮਾਂ ਵਿੱਚ ਭਾਗ ਲਿਆ ਅਤੇ ਫੋਕ ਆਰਕੈਸਟਰਾ, ਕਲਾਸੀਕਲ ਡਾਂਸ, ਗਜ਼ਲ ਗਾਇਣ ਵਿੱਚ ਪਹਿਲਾ ਸਥਾਨ, ਕਲਾਸੀਕਲ ਇੰਸਟਰੂਮੈਂਟ ਪ੍ਰਕਸ਼ਨ ਤਬਲਾ, ਵੈਸਟਰਨ ਇੰਸਟਰੂਮੈਂਟ ਵਿੱਚ ਦੂਜਾ ਸਥਾਨ, ਰੰਗੋਲੀ ਅਤੇ ਵੈਸਟਰਨ ਸੌਂਗ ਸੋਲੋ ਵਿੱਚ ਤੀਜਾ ਸਥਾਨ, ਭੰਗੜਾ, ਵੈਸਟਰਨ ਗਰੁੱਪ ਸੌਂਗ ਵਿੱਚ ਚੌਥਾ ਸਥਾਨ ਹਾਸਿਲ ਕੀਤਾ।

## ਉਸਾਰੀ ਵਿਭਾਗ

| ਲੜੀ ਨੰ: | ਕੰਮਾਂ ਦਾ ਵੇਰਵਾ | ਅੰਦਾਜਨ ਲਾਗਤ | ਕੰਮ ਸ਼ੁਰੂ ਹੋਣ ਦੀ ਮਿਤੀ | ਕੰਮ ਮੁਕੰਮਲ ਹੋਣ ਦੀ ਮਿਤੀ | ਬਜਟ ਮੱਦ |
|---|---|---|---|---|---|
| ਵਿੱਤੀ ਸਾਲ 1-04-2019 ਤੋਂ 31-03-2020 ਦੌਰਾਨ ਹੇਠ ਲਿਖੇ ਕੰਮ ਕਰਵਾਏ ਗਏ ਸੀ:- | | | | | |
| 1. | ਪਬਲਿਕ ਪਾਲਿਸੀ ਅਤੇ ਵਿਭਾਗ ਜੋ ਕਿ ਕਲਾਸ ਰੂਮ ਬਿਲਡਿੰਗ ਦੇ ਕਮਰਾ ਨੰ. ਜੀ-7 ਐਫ-4 ਐਸ-2 ਅਤੇ 4 ਵਿਖੇ ਐਲਮੀਨੀਅਮ ਪਾਰਟੀਸ਼ਨ ਦਾ ਕੰਮ। | 1,81,613-00 | 24-09-2019 | 04-10-2019 | ਕੈਂਪਸ ਦੀ ਸਾਂਭ ਸੰਭਾਲ ਅਤੇ ਮੁਰੰਮਤ। |

| | | | | | |
|---|---|---|---|---|---|
| 2. | ਹੋਮੀ ਭਾਭਾ ਹੋਸਟਲ, ਭਾਈ ਵੀਰ ਸਿੰਘ ਹੋਸਟਲ, ਸ਼ਹੀਦ ਭਗਤ ਸਿੰਘ ਹੋਸਟਲ ਅਤੇ ਭਗਤ ਪੂਰਨ ਸਿੰਘ ਲੜਕਿਆਂ ਦੇ ਹੋਸਟਲਾਂ ਵਿਖੇ ਰੰਗ ਸਫ਼ੈਦੀ ਪੇਂਟਿੰਗ ਅਤੇ ਰੈਨੋਵੇਸ਼ਨ ਦਾ ਕੰਮ। | 27,66,072-00 | 23-01-2019 | 15-04-2019 | ਯੂਨੀਵਰਸਿਟੀ ਨੂੰ ਪ੍ਰਾਪਤ ਹੋਈ ਰੂਸ ਦੀ ਗ੍ਰਾਂਟ ਵਿੱਚੋਂ |
| 3. | ਬੀਬੀ ਸਾਹਿਬ ਕੌਰ ਹੋਸਟਲ, ਮਾਤਾ ਗੁਜਰੀ ਹੋਸਟਲ, ਸਿਲਵਰ ਜੁਬਲੀ ਹੋਸਟਲ ਅਤੇ ਅਮ੍ਰਿਤਾ ਸ਼ੇਰਗਿੱਲ ਲੜਕੀਆਂ ਦੇ ਹੋਸਟਲਾਂ ਵਿਖੇ ਰੰਗ ਸਫੈਦੀ ਪੇਂਟਿੰਗ ਅਤੇ ਰੈਨੋਵੇਸ਼ਨ ਦਾ ਕੰਮ। | 29,27,634-00 | 23-01-2019 | 15-04-2019 | ਯੂਨੀਵਰਸਿਟੀ ਨੂੰ ਪ੍ਰਾਪਤ ਹੋਈ ਰੂਸ ਦੀ ਗ੍ਰਾਂਟ ਵਿੱਚੋਂ |
| 4. | ਹੋਮੀ ਭਾਭਾ ਹੋਸਟਲ, ਭਾਈ ਵੀਰ ਸਿੰਘ ਹੋਸਟਲ, ਸਿਲਵਰ ਜੁਬਲੀ ਹੋਸਟਲ, ਭਗਤ ਪੂਰਨ ਸਿੰਘ ਲੜਕਿਆਂ ਦੇ ਹੋਸਟਲਾਂ ਅਤੇ ਬੀਬੀ ਸਾਹਿਬ ਕੌਰ ਹੋਸਟਲ, ਮਾਤਾ ਗੁਜਰੀ ਹੋਸਟਲ, ਸਿਲਵਰ ਜੁਬਲੀ ਹੋਸਟਲ, ਅਮ੍ਰਿਤਾ ਸ਼ੇਰਗਿੱਲ ਹੋਸਟਲ ਅਤੇ ਡਾ. ਭੀਮ ਰਾਓ ਅੰਬੇਦਕਰ ਲੜਕੀਆਂ ਦੇ ਹੋਸਟਲਾਂ ਵਿਖੇ ਬਾਥਰੂਮਾਂ ਦੀ ਰਿਪੇਅਰ ਅਤੇ ਰੈਨੋਵੇਸ਼ਨ ਦਾ ਕੰਮ ਅਤੇ ਮਾਈ ਭਾਗੋ ਲੜਕੀਆਂ ਦੇ ਹੋਸਟਲ ਵਿਖੇ ਟਾਈਲਾਂ ਅਤੇ ਡਿਸਟੇਮਪਰ ਆਦਿ ਦਾ ਕੰਮ। | 15,89,139-00 | 16-02-2019 | 31-05-2019 | ਯੂਨੀਵਰਸਿਟੀ ਨੂੰ ਪ੍ਰਾਪਤ ਹੋਈ ਰੂਸਾਂ ਦੀ ਗ੍ਰਾਂਟ ਵਿੱਚੋਂ |
| 5. | ਕੰਪਿਊਟਰ ਸਾਇੰਸ ਵਿਭਾਗ ਦੀ ਮਲਟੀਲਿੰਗੁਅਲ ਲੈਬ ਜੋ ਕਿ ਵਿਭਾਗ ਦੀ ਤੀਜੀ ਮੰਜਿਲ ਤੇ ਸਥਿਤ ਹੈ ਵਿਖੇ ਟਾਈਲਾਂ ਲਗਾਉਣ, ਪੇਂਟ, ਪਰਦੇ ਆਦਿ ਰੈਨੋਵੇਸ਼ਨ ਦਾ ਕੰਮ ਅਤੇ ਕੰਪਿਊਟਰ ਟੇਬਲ, ਕੁਰਸੀਆਂ ਆਦਿ ਦੀ ਖਰੀਦ ਸਬੰਧੀ | 9,86,157-00 | 23-09-2019 | 13-12-2019 | Building (upgradation/argumentation extension of existing Laboratory for housing and installation of new equipments) |

| | | | | | |
|---|---|---|---|---|---|
| 6. | ਪੰਜਾਬੀ ਵਿਭਾਗ ਜੋ ਕਿ ਆਰਟਸ ਬਲਾਕ ਨੰ. 5 ਵਿਖੇ ਸਥਿਤ ਹੈ ਦੇ ਸੈਪ ਰੂਮ ਅਤੇ ਦਫ਼ਤਰ ਵਿਖੇ ਰੈਨੋਵੇਸ਼ਨ ਅਤੇ ਪਬਲਿਕ ਹੈਲਥ ਦਾ ਕੰਮ। | 3,73,156-00 | 28-02-2020 | 13-03-2020 | ਪੰਜਾਬੀ ਵਿਭਾਗ ਨੂੰ ਅਲਾਟ ਕੀਤੀ ਗਈ ਸੈਪ ਸਕੀਮ ਅਧੀਨ ਨਾਨ-ਰੈਕਿੰਗ ਗ੍ਰਾਂਟ ਦੀ ਬਜਟ ਮੱਦ "Bulding up-gradation" ਵਾਸਤੇ 10 ਲੱਖ ਰੁਪਏ ਦੀ Sanction ਕੀਤੀ ਗਰਾਂਟ ਵਿਰੁੱਧ ਪ੍ਰਾਪਤ ਹੋਏ 5 ਲੱਖ ਰੁਪਏ ਅਤੇ ਬਾਕੀ 5 ਲੱਖ ਰੁਪਏ ਦਾ ਖਰਚਾ ਯੂ.ਜੀ.ਸੀ. ਸੇਵਿੰਗ ਬੈਂਕ ਖਾਤਾ ਨੰ: 55081436884 ਵਿਚੋਂ ਕੀਤਾ ਜਾਣਾ ਹੈ। |
| 7. | ਪੰਜਾਬੀ ਵਿਭਾਗ ਜੋ ਕਿ ਆਰਟਸ ਬਲਾਕ ਨੰ. 5 ਵਿਖੇ ਸਥਿਤ ਹੈ ਦੇ ਅਧਿਆਪਕਾਂ ਦੇ ਕਮਰੇ, ਕੰਪਿਊਟਰ ਲੈਬ ਅਤੇ ਸੈਮੀਨਾਰ ਰੂਮ ਦੀ ਫਰਨੀਸ਼ਿੰਗ ਜਿਵੇਂ ਕਿ ਵੀਟਰੀਫਾਇਡ ਟਾਈਲ ਫਲੋਰਿੰਗ ਫਾਲਸ ਸੀਲਿੰਗ ਅਤੇ ਐਲੂਮੀਨੀਅਮ ਪਾਰਟੀਸ਼ਨ ਆਦਿ ਦਾ ਕੰਮ। | 4,09,846-00 | 28-02-2020 | 13-03-2020 | -ਉਹੀ- |

| | | | | | |
|---|---|---|---|---|---|
| 8. | ਫੈਕਲਟੀ ਡਿਵੈਲਪਮੈਂਟ ਸੈਂਟਰ ਦੇ ਪ੍ਰੋਜੈਕਟ ਕੋਆਰਡੀਨੇਟਰ ਦੇ ਦਫ਼ਤਰ ਅਤੇ ਕੰਪਿਊਟਰ ਲੈਬ ਜੋ ਕਿ ਨਵੇਂ ਕਲਾਸ ਰੂਮ ਬਲਾਕ (ਸਥਿਤ ਆਰਟਸ ਬਲਾਕ ਨੰ. 1 ਅਤੇ 2 ਦੇ ਵਿਚਕਾਰ ਹੈ) ਵਿਖੇ ਰੈਨੋਵੇਸ਼ਨ ਅਤੇ ਫਰਨੀਸ਼ਿੰਗ ਦਾ ਕੰਮ। | 2,19,316-00 | 31-01-2020 | 11-03-2020 | Pandit Madan Mohan Malaviya National Mission on Teachers and Teaching (MMMNMTT), Deptt. of Higher Education, MHRD, New Delhi ਵੱਲੋਂ ਪ੍ਰਾਪਤ ਗ੍ਰਾਂਟ ਵਿੱਚੋਂ। |
| 9. | ਫੈਕਲਟੀ ਡਿਵੈਲਪਮੈਂਟ ਸੈਂਟਰ (ਸਥਿਤ ਆਰਟਸ ਬਲਾਕ ਨੰ. 5) ਵਿਖੇ ਰੈਨੋਵੈਸ਼ਨ ਦਾ ਕੰਮ ਜਿਵੇਂ ਕਿ ਵੀਟਰੀਫਾਇਡ ਟਾਈਲ ਫਲੋਰਿੰਗ, ਕੱਪ ਬੋਰਡ ਸਟੋਰ, ਕਲਾਸ ਰੂਮ ਦੇ ਬੈਂਚਾਂ ਵਿੱਚ ਫੋਮ ਭਰਨ ਅਤੇ ਛੱਤ ਦੀਆਂ ਟਾਈਲਾਂ ਨੂੰ ਪੁੱਟਕੇ ਦੁਬਾਰਾ ਲਗਾਉਣ ਆਦਿ ਦਾ ਕੰਮ। | 11,51,238-00 | 13-03-2020 | 18-06-2020 | Pandit Madan Mohan Malaviya National Mission on Teachers and Teaching (MMMNMTT), Deptt. of Higher Education, MHRD, New Delhi ਵੱਲੋਂ। |
| 10. | ਲੜਕੇ ਅਤੇ ਲੜਕੀਆਂ ਦੇ ਹੋਸਟਲਾਂ ਵਿਖੇ ਲੱਗੇ ਆਰ.ਓ. ਸਿਸਟਮ ਦੀ ਰਿਪੇਅਰ ਦਾ ਕੰਮ। | 1,49,730-00 | 24-06-2019 | 28-08-2019 | ਕੈਂਪਸ ਦੇ ਸਾਰੇ ਹੋਸਟਲਾਂ ਦੀ ਸਾਂਭ ਸੰਭਾਲ ਅਤੇ ਮੁਰੰਮਤ। |
| 11. | ਕੰਪਿਊਟਰ ਸਾਇੰਸ ਵਿਭਾਗ ਦੀ ਮਲਟੀਲਿੰਗੂਅਲ ਲੈਬ ਜੋ ਕਿ ਤੀਜੀ ਮੰਜ਼ਿਲ ਤੇ ਸਥਿਤ ਹੈ ਵਿਖੇ ਬਿਜਲੀ ਦਾ ਕੰਮ। | 2,88,898-00 | 18-09-2019 | 24-12-2019 | Building (upgradation/augumentation extension of existing Laboratory for installation of new equipments) |

| | | | | | |
|---|---|---|---|---|---|
| 12. | ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਲਈ ਏਅਰ ਕੰਡੀਸ਼ਨਰਾਂ ਦੀ ਖਰੀਦ ਕਰਨ ਸਬੰਧੀ। | 6,21,721-00 | 07-08-2019 | 14-01-2020 | Building (upgradation/augumentation extension of existing Laboratory for housing and installation of new equipments and Rusa grant. |

## ਅੰਗਰੇਜ਼ੀ ਵਿਭਾਗ

**ਮੁਖੀ:** ਰਾਜੇਸ਼ ਕੁਮਾਰ ਸ਼ਰਮਾ।

ਮੌਜੂਦਾ ਫੈਕਲਟੀ ਵਿੱਚ 01 ਪ੍ਰੋਫ਼ੈਸਰ, 01 ਐਸੋਸੀਏਟ ਪ੍ਰੋਫ਼ੈਸਰ, 03 ਅਸਿਸਟੈਂਟ ਪ੍ਰੋਫ਼ੈਸਰ ਹਨ। ਪ੍ਰਬੰਧਕੀ ਅਤੇ ਸਹਾਇਕ ਅਮਲੇ ਵਿੱਚ ਤਿੰਨ ਕਰਮਚਾਰੀ ਹਨ, ਸਾਲ ਵਿੱਚ ਅਵਾਰਡ ਹੋਈਆਂ ਪੀਐੱਚ.ਡੀ ਡਿਗਰੀਆਂ ਦੀ ਗਿਣਤੀ ਛੇ, ਸਾਲ ਵਿੱਚ ਦਰਜ ਪੀਐੱਚ.ਡੀ ਰਜਿਸਟ੍ਰੇਸ਼ਨਾਂ ਦੀ ਗਿਣਤੀ ਪੰਜ, ਐਸ.ਆਰ.ਐਫ ਅਤੇ ਜੇ.ਆਰ.ਐਫ ਵਿਦਿਆਰਥੀਆਂ ਦੀ ਗਿਣਤੀ ਚਾਰ ਹੈ, ਐਮ.ਫਿਲ ਦੇ ਵਿਦਿਆਰਥੀਆਂ ਦੀ ਗਿਣਤੀ 16 ਹੈ, ਮਾਸਟਰ ਡਿਗਰੀ ਲਈ ਉਪਲਬੱਧ ਕੋਰਸ ਐੱਮ.ਏ.-74 ਅਤੇ ਐੱਮ ਫਿਲ ਵਿੱਚ 07 ਹੈ। ਕੋਰਸਾਂ ਦੀ ਗਿਣਤੀ 02 ਹੈ।

ਖੋਜ ਦੇ ਪ੍ਰਮੁੱਖ ਖੇਤਰ ਵਿੱਚ Literatures of the World, Cultural Studies, Film Studies, Cross Cultural and Comparative Literature, Critical, Diasporic Writing Studies, ਅਧਿਆਪਨ ਦੇ ਪ੍ਰਮੁੱਖ ਖੇਤਰ ਵਿੱਚ Modern Literatures, Literary Theory and Critics, British Literature, Modern World Literature, Indian Writing in English. ਫੈਕਲਟੀ ਦੁਆਰਾ ਪ੍ਰਕਾਸ਼ਿਤ ਪੁਸਤਕਾਂ ਵਿੱਚ ਦੋ ਡਾ. ਰਾਜੇਸ਼ ਕੁਮਾਰ ਸ਼ਰਮਾ, ਡਾ. ਜਸਪ੍ਰੀਤ ਮੰਡੇਰ-01, ਆਯੋਜਿਤ ਕਾਨਫ਼ਰੰਸਾਂ, ਸੈਮੀਨਾਰ, ਸਿਪੋਜ਼ੀਅਮ ਅਤੇ ਵਰਕਸ਼ਾਪਾਂ ਦਾ ਵੇਰਵੇ ਵਿੱਚ 2 ਸੈਮੀਨਾਰ ਹਨ, ਕਾਨਫ਼ਰੰਸਾਂ/ਸੈਮੀਨਾਰਾਂ/ਸਿੰਪੋਜ਼ੀਅਮਾਂ ਅਤੇ ਵਰਕਸ਼ਾਪਾਂ ਵਿੱਚ ਫ਼ੈਕਲਟੀ ਦੀ ਸ਼ਮੂਲੀਅਤ ਡਾ. ਰਾਜੇਸ਼ ਕੁਮਾਰ ਸ਼ਰਮਾ ਦੁਆਰਾ ਛੇ ਵੱਖ-ਵੱਖ ਪ੍ਰੋਗਰਾਮਾਂ, ਵਿੱਚ ਸ਼ਮੂਲੀਅਤ ਕੀਤੀ ਗਈ।

## ਫਿਜਿਓਥੈਰੇਪੀ ਵਿਭਾਗ

**ਮੁਖੀ:** ਡਾ. ਨਰਕੀਸ਼ ਅਰੁਮੁਗਮ।

ਮੌਜੂਦਾ ਫੈਕਲਟੀ ਵਿੱਚ ਤਿੰਨ ਪ੍ਰੋਫ਼ੈਸਰ, ਤਿੰਨ ਅਸਿਸਟੈਂਟ ਪ੍ਰੋਫ਼ੈਸਰ ਹਨ। ਪ੍ਰਬੰਧਕੀ ਅਤੇ ਸਹਾਇਕ ਅਮਲਾ ਵਿੱਚ 01 ਕਲਰਕ, 02 ਸੀਨੀਅਰ ਅਸਿਸਟੈਂਟ, 02 ਲੈਬ ਅਸਿਸਟੈਂਟ, 03 ਪੀਅਨ ਹਨ। ਖੋਜ ਦੇ ਪ੍ਰਮੁੱਖ ਖੇਤਰ ਫੈਕਲਟੀ Creriatric Physiotherapy, Shoulder Pain, Osteoarthritis, Balance, Nerve Conduction Velocity, Trancraniol Direct Current Stimulation ਅਧਿਆਪਨ ਦੇ ਪ੍ਰਮੁੱਖ ਖੇਤਰ- Musculoskeletol Physiotherapy, Neurology Physiotherapy, Sports Physiotherapy, Cardiopulmonary Physiotherpahy। ਫੈਕਲਟੀ ਦੁਆਰਾ ਪ੍ਰਕਾਸ਼ਿਤ ਖੋਜ-ਪੱਤਰ- Dr. A.G.K. Sinha ਦੇ ਦੋ ਪੱਤਰ ਅਤੇ Dr. Narkeesh ਦੇ ਤਿੰਨ ਪੱਤਰ ਅਤੇ Dr. Sonia Singh ਦੇ ਤਿੰਨ ਖੋਜ ਪੱਤਰ ਪ੍ਰਕਾਸ਼ਿਤ ਹੋਏ ਹਨ। ਆਯੋਜਿਤ ਕਾਨਫਰੰਸਾਂ ਵਿੱਚ ਮਕੇਸ਼ ਨਾਇਕ ਨੇ ਵਿਸ਼ਵ ਫੀਜ਼ੀਓਥੈਰੇਪੀ ਦਿਵਸ ਤੇ ਭਾਸ਼ਣ ਦਿੱਤਾ। ਕਾਨਫ਼ਰੰਸਾਂ ਵਿੱਚ ਫੈਕਲਟੀ ਦੀ ਸ਼ਮੂਲੀਅਤ ਵਿੱਚ ਡਾ. ਨਰਕੀਸ਼ ਅਰੁਮੁਗਮ ਨੇ 12 ਵਰਕਸ਼ਾਪਾਂ ਵਿੱਚ ਸ਼ਮੂਲੀਅਤ ਕੀਤੀ। ਡਾ. ਏ.ਜੀ.ਕੇ ਸਿਹਨਾ

ਨੇ ਕਾਨਫ਼ਰੰਸਾਂ ਵਿੱਚ ਸ਼ਮੂਲੀਅਤ ਕੀਤੀ। ਡਾ. ਐਨ.ਕੇ. ਮੁਲਤਾਨੀ ਨੇ 02 ਵਿੱਚ ਸ਼ਮੂਲੀਅਤ ਕੀਤੀ। ਡਾ. ਸੋਨੀਆ ਸਿੰਘ ਨੇ 02 ਵਿੱਚ ਸ਼ਮੂਲੀਅਤ ਕੀਤੀ। ਡਾ. ਸੰਦੀਪ ਸਿੰਘ ਨੇ ਸੱਤ ਵਿੱਚ ਸ਼ਮੂਲੀਅਤ ਕੀਤੀ। ਸਾਲ ਵਿੱਚ ਪ੍ਰਾਪਤ ਨਵੇਂ ਖੋਜ ਪ੍ਰੋਜੈਕਟਾਂ ਦੀ ਗਿਣਤੀ 01 ਹੈ। ਸੱਦਾਗਤ ਭਾਸ਼ਣ ਵਿੱਚ ਡਾ. ਨਰਕੀਸ਼ ਅਰੁਮੁਗਮ ਨੇ 12 ਵਿੱਚ ਸ਼ਮੂਲੀਅਤ ਕੀਤੀ, ਡਾ. ਐਨ.ਕੇ. ਮੁਲਤਾਨੀ ਨੇ ਤਿੰਨ ਵਿੱਚ ਸ਼ਮੂਲੀਅਤ ਕੀਤੀ, ਡਾ. ਏ.ਜੀ.ਕੇ ਸਿਨਹਾ 02 ਵਿੱਚ ਸ਼ਮੂਲੀਅਤ ਕੀਤੀ। ਡਾ. ਸੋਨੀਆ ਸਿੰਘ ਨੇ 01 ਵਿੱਚ ਸ਼ਮੂਲੀਅਤ ਕੀਤੀ, ਡਾ. ਸੰਦੀਪ ਸਿੰਘ ਨੇ 06 ਵਿੱਚ ਸ਼ਮੂਲੀਅਤ ਕੀਤੀ।

## ਜੌਗਰਫ਼ੀ ਵਿਭਾਗ

**ਮੁਖੀ:** ਡਾ. ਯਾਦਵਿੰਦਰ ਸਿੰਘ।

ਮੌਜੂਦਾ ਫੈਕਲਟੀ ਵਿੱਚ ਇਕ ਪ੍ਰੋਫ਼ੈਸਰ, ਤਿੰਨ ਸਹਾਇਕ ਪ੍ਰੋਫ਼ੈਸਰ, ਦੋ ਗੈਸਟੀ ਫੈਕਲਟੀ ਅਤੇ ਪ੍ਰਬੰਧਕੀ ਅਤੇ ਸਹਾਇਕ ਅਮਲਾ ਦੀ ਗਿਣਤੀ 15 ਹੈ। ਐਸ.ਆਰ.ਐੱਫ. ਵਿਦਿਆਰਥੀਆਂ ਦੀ ਗਿਣਤੀ ਤਿੰਨ ਅਤੇ ਜੂਨੀਅਰ ਰਿਸਰਚ ਫੈਲੋਜ਼ ਦੀ ਗਿਣਤੀ ਇੱਕ ਹੈ। ਫੈਕਲਟੀ ਦੁਆਰਾ ਪ੍ਰਕਾਸ਼ਿਤ ਪੁਸਤਕਾਂ ਵਿੱਚ ਡਾ. ਗੁਰਿੰਦਰ ਕੌਰ ਦੀਆਂ ਤਿੰਨ ਪੁਸਤਕਾਂ ਸ਼ਾਮਲ ਹਨ। ਫੈਕਲਟੀ ਦੁਆਰਾ ਪ੍ਰਕਾਸ਼ਿਤ ਖੋਜ-ਪੱਤਰਾਂ ਵਿੱਚ ਡਾ. ਗੁਰਿੰਦਰ ਕੌਰ ਦੇ ਅੱਠ, ਡਾ. ਬਲਜੀਤ ਕੌਰ ਦੇ ਸੱਤ, ਡਾ. ਸ਼ਿਵਜੀਤ ਕੌਰ ਦੇ ਦੋ ਖੋਜ ਪੱਤਰ ਪ੍ਰਕਾਸ਼ਿਤ ਹੋਏ ਹਨ। ਕਾਨਫ਼ਰੰਸਾਂ/ਸੈਮੀਨਾਰਾਂ/ਸਿੰਪੋਜ਼ੀਅਮ/ਵਰਕਸ਼ਾਪਾਂ ਵਿੱਚ ਫੈਕਲਟੀ ਦੀ ਸ਼ਮੂਲੀਅਤ ਵਿੱਚ ਡਾ. ਯਾਦਵਿੰਦਰ ਸਿੰਘ ਨੇ ਤਿੰਨ ਅੰਤਰਰਾਸ਼ਟਰੀ ਅਤੇ ਡਾ. ਰਸ਼ਮੀ ਨੇ ਇੱਕ ਅੰਤਰਤਰਾਸ਼ਟਰੀ ਸਮਾਗਮਾਂ ਵਿੱਚ ਸ਼ਮੂਲੀਅਤ ਕੀਤੀ। ਮਹੱਤਵਪੂਰਨ ਕਮੇਟੀਆਂ ਵਿੱਚ ਮੈਂਬਰਾਂ ਦੀ ਗਿਣਤੀ ਵਿੱਚ ਡਾ. ਯਾਦਵਿੰਦਰ ਸਿੰਘ 4 ਕਮੇਟੀਆਂ ਵਿੱਚ ਮੈਂਬਰ ਹਨ ਜਿਹਨਾਂ ਵਿੱਚ 1. ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ ਦੀ ਚੋਣ ਕਮੇਟੀ ਵਿੱਚ ਵਿਸ਼ਾ ਮਾਹਿਰ, 2. ਉਤਰਾਖੰਡ ਲੋਕ ਸੇਵਾ ਕਮਿਸ਼ਨ ਦੀ ਚੋਣ ਕਮੇਟੀ ਵਿੱਚ ਵਿਸ਼ਾ ਮਾਹਿਰ, 3. ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਬੋਰਡ ਆਫ਼ ਪੋਸਟ-ਗ੍ਰੇਜੂਏਟ ਸਟੱਡੀਜ਼ ਅਤੇ ਬੋਰਡ ਆਫ਼ ਅੰਡਰ-ਗ੍ਰੈਜੂਏਟ ਸਟੱਡੀਜ਼ ਲਈ ਵਿਸ਼ਾ ਮਾਹਰ, 4. ਕੁਰੂਕਸ਼ੇਤਰਾ ਯੂਨੀਵਰਸਿਟੀ, ਕੁਰੂਕਸ਼ੇਤਰਾ ਦੇ ਬੋਰਡ ਆਫ਼ ਅੰਡਰ-ਗ੍ਰੈਜੂਏਟ ਸਟੱਡੀਜ਼ ਲਈ ਵਿਸ਼ਾ ਮਾਹਰ ਵਜੋਂ ਭੂਮਿਕਾ ਨਿਭਾਈ।

## ਟੂਰਿਜ਼ਮ, ਹੋਸਪਿਟੈਲਿਟੀ ਅਤੇ ਹੋਟਲ ਮੈਨੇਜਮੈਂਟ ਵਿਭਾਗ

**ਮੁਖੀ:** ਡਾ ਦਵਿੰਦਰ ਪਾਲ ਸਿੰਘ ਸਿੱਧੂ।

ਮੌਜੂਦਾ ਫੈਕਲਟੀ ਵਿੱਚ 01 ਪ੍ਰੋਫ਼ੈਸਰ, 03 ਅਸਿਸਟੈਂਟ ਪ੍ਰੋਫ਼ੈਸਰ, ਪ੍ਰਬੰਧਕੀ ਅਤੇ ਸਹਾਇਕ ਅਮਲੇ ਵਿੱਚ 15 ਕਰਮਚਾਰੀ ਹਨ। ਐਸ.ਆਰ.ਐੱਫ. ਅਤੇ ਜੇ.ਆਰ.ਐੱਫ. ਦੇ ਵਿਦਿਆਰਥੀਆਂ ਦੀ ਗਿਣਤੀ 01 ਹੈ। ਫੈਕਲਟੀ ਦੁਆਰਾ ਪ੍ਰਕਾਸ਼ਿਤ ਪੁਸਤਕਾਂ ਦੀ ਗਿਣਤੀ 02 ਹੈ ਅਤੇ ਫੈਕਲਟੀ ਦੁਆਰਾ ਪ੍ਰਕਾਸ਼ਿਤ ਖੋਜ-ਪੱਤਰਾਂ ਦੀ ਗਿਣਤੀ 08 ਹੈ। ਆਯੋਜਿਤ ਕਾਨਫ਼ਰੰਸਾਂ/ਸੈਮੀਨਾਰਾਂ/ਸਿੰਪੋਜ਼ੀਅਮ ਅਤੇ ਵਰਕਸ਼ਾਪਾਂ ਦੀ ਗਿਣਤੀ 01 ਹੈ ਅਤੇ ਇਹਨਾਂ ਵਿੱਚ ਸ਼ਮੂਲੀਅਤ ਅਧਿਆਪਕਾਂ ਦੀ ਗਿਣਤੀ 03 ਹੈ। ਫੈਕਲਟੀ ਦੁਆਰਾ 01 ਵਿਸ਼ੇਸ਼ ਭਾਸ਼ਣ ਆਯੋਜਿਤ ਕਰਵਾਇਆ ਗਿਆ ਹੈ ਅਤੇ 01 ਅਵਾਰਡ ਪ੍ਰਾਪਤ ਹੋਇਆ ਹੈ।

## ਪੰਜਾਬ ਸਕੂਲ ਆਫ਼ ਲਾਅ ਵਿਭਾਗ

**ਮੁਖੀ:** ਡਾ. ਵਰਿੰਦਰ ਕੁਮਾਰ ਕੌਸ਼ਿਕ।

ਮੌਜੂਦਾ ਫੈਕਲਟੀ ਵਿੱਚ 01 ਪ੍ਰੋਫ਼ੈਸਰ, 09 ਅਸਿਸਟੈਂਟ ਪ੍ਰੋਫ਼ੈਸਰ, ਪ੍ਰਬੰਧਕੀ ਅਤੇ ਸਹਾਇਕ ਅਮਲੇ ਦੀ ਗਿਣਤੀ 08 ਹੈ। ਸਾਲ ਵਿੱਚ ਅਵਾਰਡ ਹੋਈਆਂ ਪੀਐੱਚ.ਡੀ ਡਿਗਰੀਆਂ ਦੀ ਗਿਣਤੀ 02 ਹੈ। ਫੈਕਲਟੀ ਦੁਆਰਾ ਪ੍ਰਕਾਸ਼ਿਤ ਪੁਸਤਕਾਂ ਦੀ ਗਿਣਤੀ 04 ਹੈ ਅਤੇ ਪ੍ਰਕਾਸ਼ਿਤ ਖੋਜ ਪੱਤਰਾਂ ਦੀ ਗਿਣਤੀ-02 ਹੈ। ਵਿਭਾਗ ਨੇ 29-9-2019 ਨੂੰ ਐਨ.ਆਰ.ਆਈ. ਮੈਰੀਜਜ਼ ਐਂਡ ਰੀਲੇਟਡ ਇਸ਼ੂਜ਼ ਤੇ ਵੂਮੈਨਜ਼ ਸਟੱਡੀਜ਼ ਸੈਂਟਰ ਨਾਲ ਮਿਲ ਕੇ

ਨੈਸ਼ਨਲ ਸੈਮੀਨਾਰ ਕਰਵਾਇਆ। ਇੰਜੀ. ਸਿਕੰਦਰ ਸਿੰਘ ਚੀਮਾ ਵੱਲੋਂ ਸਤੰਬਰ 2019 ਵਿੱਚ ਡਿਜੀਟਲ ਸਿਗਨੇਚਰ ਐਂਡ ਕਰੀਪਟੋਗ੍ਰਾਫੀ ਵਿਸ਼ੇ ਤੇ ਵਿਸ਼ੇਸ਼ ਭਾਸ਼ਣ ਆਯੋਜਿਤ ਕੀਤਾ ਗਿਆ। ਵਿਭਾਗ ਦੇ ਵਿਦਿਆਰਥੀਆਂ ਵੱਲੋਂ ਵੱਖ-ਵੱਖ ਸਕੂਲਾਂ ਵਿੱਚ ਟ੍ਰੈਫਿਕ ਨਿਯਮਾਂ, ਬੱਚਿਆਂ ਵਿਰੁੱਧ ਸੈਕਸ ਅਪਰਾਧ, ਮੁਫ਼ਤ ਕਾਨੂੰਨੀ ਸਹਾਇਤਾ, ਨਸ਼ੇ ਅਤੇ ਬਾਲ ਮਜ਼ਦੂਰੀ ਆਦਿ ਵਿਸ਼ਿਆਂ ਤੇ ਜਾਗਰੂਕ ਕੀਤਾ। ਅਧਿਆਪਕਾਂ ਦੁਆਰਾ ਵੱਖ-ਵੱਖ ਨਵੇਂ ਸਮਾਜਿਕ ਮੁੱਦਿਆਂ ਤੇ ਲੈਕਚਰਾਂ ਰਾਹੀ ਅਤੇ ਕਾਨਫ਼ਰੰਸਾਂ/ਵਰਕਸ਼ਾਪਾਂ ਰਾਹੀਂ ਭਾਗ ਲਿਆ ਗਿਆ।

## ਸੰਸਕ੍ਰਿਤ ਅਤੇ ਪਾਲੀ ਵਿਭਾਗ

**ਮੁਖੀ:** ਡਾ. ਸਤਨਾਮ ਸਿੰਘ ਸੰਧੂ

ਇਸ ਸਾਲ ਦੌਰਾਨ ਇਕ ਪੀਐੱਚ.ਡੀ ਡਿਗਰੀ ਅਵਾਰਡ ਹੋਈ ਅਤੇ ਇਕ ਨਵੀਂ ਰਜਿਸਟ੍ਰੇਸ਼ਨ ਦਰਜ ਹੋਈ ਹੈ। ਸੰਸਕ੍ਰਿਤ (ਸਾਹਿਤ), ਫਿਲਾਸਫ਼ੀ, ਇਕਨਾਮਿਕਸ ਅਤੇ ਵਿਆਕਰਣ ਅਤੇ ਸੰਸਕ੍ਰਿਤ ਕਾਵਿ ਖੋਜ ਦੇ ਪ੍ਰਮੁੱਖ ਖੇਤਰ ਹਨ। ਵਿਭਾਗ ਦੁਆਰਾ ਛੇ ਖੋਜ ਪੇਪਰ ਪ੍ਰਕਾਸ਼ਿਤ ਕਰਵਾਏ ਗਏ ਹਨ। ਵਿਭਾਗ ਵੱਲੋਂ ਪੰਜ ਰੋਜ਼ਾ ਵਰਕਸ਼ਾਪ ਵਿਸ਼ਾ, ਖੋਜ ਵਿਧੀ ਵਿਗਿਆਨ ਅਤੇ ਹੱਥ ਲਿਖਤੀ ਜਾਂ ਦਸਤਾਵੇਜ਼, ਤਿੰਨ ਰੋਜ਼ਾ ਨੈਸ਼ਨਲ ਸੈਮੀਨਾਰ ਵਿਸ਼ਾ “ਸੰਸਕ੍ਰਿਤ ਅਤੇ ਸੰਚਾਰ ਸਾਹਿਤ” ਤੇ ਆਯੋਜਿਤ ਕਰਵਾਇਆ ਗਿਆ। ਵਿਭਾਗ ਦੇ ਅਧਿਆਪਕਾਂ ਦੁਆਰਾ ਦੋ ਰੋਜ਼ਾ ਨੈਸ਼ਨਲ ਸੈਮੀਨਾਰ, ਰਾਸ਼ਟਰੀ ਸੈਮੀਨਾਰ ਅਤੇ ਵਿਸ਼ੇਸ਼ ਭਾਸ਼ਾਵਾਂ ਵਿੱਚ ਸ਼ਮੂਲੀਅਤ ਕੀਤੀ। ਇਸ ਸਾਲ ਵਿੱਚ ਵਿਭਾਗ ਦੁਆਰਾ ਦੋ ਨਵੇਂ ਪ੍ਰੋਜੈਕਟ ਸ਼ੁਰੂ ਕੀਤੇ ਅਤੇ ਛੇ ਸੱਦਾਗਤ ਭਾਸ਼ਣ ਕਰਵਾਏ ਗਏ। ਸਮਾਜ ਕਲਿਆਣ ਲਈ ਵਿਦਿਆਰਥੀਆਂ ਅਤੇ ਨਾਗਰਿਕਾਂ ਨੂੰ ਲੈਕਚਰ ਦਿੱਤੇ ਗਏ। ਵਿਦਿਆਰਥੀਆਂ ਦੀ ਸਮਰੱਥਾ ਨੂੰ ਉੱਚਾ ਚੁੱਕਣ ਲਈ ਵਿਭਾਗ ਵੱਲੋਂ ਸੈਮੀਨਾਰ, ਵਰਕਸ਼ਾਪ ਅਤੇ ਲੈਕਚਰ ਕਰਵਾਏ ਗਏ।

## ਔਸ਼ਧੀ ਵਿਗਿਆਨ ਅਤੇ ਦਵਾਈ ਖੋਜ ਵਿਭਾਗ

**ਮੁਖੀ:** ਡਾ. ਨਿਰਮਲ ਸਿੰਘ।

ਮੌਜੂਦਾ ਫੈਕਲਟੀ ਵਿੱਚ 07 ਪ੍ਰੋਫ਼ੈਸਰ, 05 ਐਸੋਸੀਏਟ ਪ੍ਰੋਫ਼ੈਸਰ ਅਤੇ 06 ਅਸਿਸਟੈਂਟ ਪ੍ਰੋਫ਼ੈਸਰ ਅਤੇ ਪ੍ਰਬੰਧਕੀ ਅਤੇ ਸਹਾਇਕ ਅਮਲੇ ਵਿੱਚ ਤੇਈ ਮੈਂਬਰ ਕੰਮ ਕਰਦੇ ਹਨ। ਸਾਲ ਵਿੱਚ ਪੰਜ ਪੀਐੱਚ.ਡੀ ਦੀਆਂ ਡਿਗਰੀਆਂ ਅਵਾਰਡ ਹੋਈਆਂ ਅਤੇ ਪੰਜ ਨਵੀਆਂ ਪੀਐੱਚ.ਡੀ ਦੀਆਂ ਡਿਗਰੀਆਂ ਰਜਿਸਟਰਡ ਹੋਈਆਂ। ਵਿਭਾਗ ਵਿੱਚ ਇੱਕ ਐੱਸ.ਆਰ.ਐੱਫ ਅਤੇ ਚਾਰ ਜੇ.ਆਰ.ਐੱਫ ਦੇ ਵਿਦਿਆਰਥੀ ਹਨ। ਵਿਭਾਗੀ ਫੈਕਲਟੀ ਦੁਆਰਾ ਦੋ ਕਿਤਾਬਾਂ ਅਤੇ ਛੇ ਚੈਪਟਰ ਪ੍ਰਕਾਸ਼ਿਤ ਕਰਵਾਏ ਗਏ। ਫੈਕਲਟੀ ਦੁਆਰਾ 119 ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਵਿਸ਼ੇਸ਼ ਕਾਨਫ਼ਰੰਸਾਂ ਵਿੱਚ ਦੋ ਸੈਮੀਨਾਰ ਕਰਵਾਏ ਗਏ। ਇਸ ਤੋਂ ਇਲਾਵਾ ਸਤਾਰਾਂ ਕਾਨਫ਼ਰੰਸਾਂ ਕਰਵਾਈਆਂ ਗਈਆਂ। ਸਾਲ ਵਿੱਚ ਦੋ ਪ੍ਰੋਜੈਕਟ ਸੰਪੂਰਨ ਕੀਤੇ ਗਏ ਅਤੇ ਸਾਲ ਵਿੱਚ ਇੱਕ ਨਵਾਂ ਪ੍ਰੋਜੈਕਟ ਪ੍ਰਾਪਤ ਕੀਤਾ ਗਿਆ। ਸੱਦਾਗਤ ਭਾਸ਼ਾਵਾਂ ਵਿੱਚ 08 ਅਤੇ ਸਲਾਹ ਮਸ਼ਵਰਾ ਵਿੱਚ ਦੋ ਭਾਸ਼ਣ ਕਰਵਾਏ ਗਏ।

## ਲੋਕ ਪ੍ਰਸ਼ਾਸਨ ਵਿਭਾਗ

**ਮੁਖੀ:** ਡਾ. ਰੇਨੂੰ

ਇਸ ਵਿਭਾਗ ਵਿੱਚ ਦੋ ਪ੍ਰੋਫ਼ੈਸਰ, ਇਕ ਐਸੋਸੀਏਟ ਪ੍ਰੋਫ਼ੈਸਰ ਅਤੇ ਪੰਜ ਗੈਸਟ ਫੈਕਲਟੀ ਅਧਿਆਪਕ ਹਨ। ਪ੍ਰਬੰਧਕੀ ਅਤੇ ਸਹਾਇਕ ਅਮਲੇ ਵਿੱਚ ਦੋ ਮੈਂਬਰ ਕੰਮ ਕਰਦੇ ਹਨ। ਸਾਲ ਵਿੱਚ ਦੋ ਪੀਐੱਚ.ਡੀ. ਦੀਆਂ ਡਿਗਰੀਆਂ ਅਵਾਰਡ ਹੋਈਆਂ ਅਤੇ ਚਾਰ ਨਵੀਆਂ ਰਜਿਸਟਰੇਸ਼ਨਾਂ ਹੋਈਆਂ। ਐੱਸ.ਆਰ.ਐੱਫ. ਅਤੇ ਜੇ.ਆਰ.ਐੱਫ. ਵਾਲੇ ਵਿਦਿਆਰਥੀਆਂ ਦੀ ਗਿਣਤੀ 07 ਹੈ। ਵਿਭਾਗ ਦੇ ਮੈਂਬਰਾਂ ਨੇ ਵੱਖ-ਵੱਖ ਸੈਮੀਨਾਰਾਂ, ਕਾਨਫ਼ਰੰਸਾਂ ਵਿੱਚ ਭਾਗ ਲਿਆ, ਜਿਸ ਵਿੱਚ ਅੰਤਰਰਾਸ਼ਟਰੀ ਪਬਲਿਕ ਪਾਲਿਸੀ ਐਸੋਸੀਏਸ਼ਨ ਦੁਆਰਾ 28 ਜੂਨ 2019 ਤੱਕ ਕਨਕੋਰਡੀਆ ਯੂਨੀਵਰਸਿਟੀ ਮਾਂਟਰੀਅਲ, ਕੈਨੇਡਾ ਵਿਖੇ ਆਯੋਜਿਤ ਚੌਥੀ ਅੰਤਰਰਾਸ਼ਟਰੀ ਕਾਨਫ਼ਰੰਸ ਪਬਲਿਕ ਪਾਲਿਸੀ (KPP4)

ਵਿੱਚ ਭਾਗ ਲਿਆ ਗਿਆ ਅਤੇ ਰਿਸਰਚ ਪੇਪਰ ਪੇਸ਼ ਕੀਤੇ। ਵਿਸ਼ੇਸ਼ ਆਯੋਜਿਤ ਭਾਸ਼ਾਵਾਂ ਵਿੱਚ ਵਿਭਾਗ ਵਿੱਚ 5 ਮਾਰਚ 2019 ਨੂੰ ਹਿਮਾਚਲ ਪ੍ਰਦੇਸ਼ ਯੂਨੀਵਰਸਿਟੀ, ਸ਼ਿਮਲਾ ਤੋਂ ਪ੍ਰੋ. ਸੰਜੀਵ ਕੁਮਾਰ ਮਹਾਜਨ ਦੁਆਰਾ ਸਿਟੀਜਨ ਚਾਰਟਰ ਇਨ ਇੰਡੀਆ ਵਿਸ਼ੇ ਤੇ ਭਾਸ਼ਣ ਦਿੱਤਾ, ਮੇਜਰ ਹਰਪ੍ਰੀਤ ਸਿੰਘ ਰੋਜ਼ਗਾਰ ਅਫ਼ਸਰ, ਪੰਜਾਬ ਸਰਕਾਰ ਦੁਆਰਾ ਕਰੀਅਰ ਕਾਉਂਸਲਿੰਗ ਸੈਸ਼ਨ ਦਾ ਪ੍ਰਬੰਧ ਕੀਤਾ। ਵਿਭਾਗ ਨੇ ਸੱਤ ਨਵੰਬਰ 2019 ਨੂੰ ਪੇਂਡੂ ਵਿਕਾਸ ਯੋਜਨਾਵਾਂ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਦੀ ਭੂਮਿਕਾ ਵਿਸ਼ੇ 'ਤੇ ਜਤਿੰਦਰ ਸਿੰਘ ਬਰਾੜ ਡਿਪਟੀ ਡਾਇਰੈਕਟਰ-ਕਮ-ਪ੍ਰਿੰਸੀਪਲ ਐਕਸਟੈਂਸ਼ਨ ਟ੍ਰੇਨਿੰਗ ਸੈਂਟਰ ਪੇਂਡੂ ਵਿਕਾਸ ਪੰਚਾਇਤਾਂ ਵਿਭਾਗ, ਪੰਜਾਬ ਸਰਕਾਰ ਦੇ ਵਿਸ਼ੇਸ਼ ਲੈਕਚਰ ਦਾ ਪ੍ਰਬੰਧ ਕੀਤਾ। ਇਸ ਤੋਂ ਇਲਾਵਾ ਡਾ. ਰੇਨੂੰ ਦੀ ਗਵਰਨਿੰਗ ਕਾਲਜ ਆਫ਼ ਇੰਟਰਨੈਸ਼ਨਲ ਪਬਲਿਕ ਪਾਲਿਸੀ ਐਸੋਸੀਏਸ਼ਨ (ਪੈਰਿਸ) ਦੇ ਵਿਅਕਤੀਗਤ ਮੈਂਬਰ ਵਜੋਂ ਮੈਂਬਰਸ਼ਿਪ ਜਾਰੀ ਹੈ, ਡਾ. ਰੇਨੂੰ ਇੰਡੀਅਨ ਪੋਲਿਟੀਕਲ ਸਾਇੰਸ ਐਸੋਸੀਏਸ਼ਨ ਦੀ ਆਰ.ਪੀ. 48 ਐਡਮਿਨੀਸਟਰੇਟਿਵ ਕਲਚਰ ਕਮੇਟੀ ਲਈ ਮੁੜ ਮੈਂਬਰ ਚੁਣੇ ਗਏ। ਇਸ ਤੋਂ ਇਲਾਵਾ ਡਾ. ਰੇਨੂੰ (ਪ੍ਰੋਫ਼ੈਸਰ) ਨੇ ਮਹਾਰਾਜਾ ਰਣਜੀਤ ਸਿੰਘ ਪੁਲਿਸ ਅਕੈਡਮੀ ਫ਼ਿਲੌਰ ਵਿਖੇ ਵਿਸ਼ੇਸ਼ ਲੈਕਚਰ ਦਿੱਤਾ।

## ਪੱਤਰਕਾਰੀ ਅਤੇ ਜਨ ਸੰਚਾਰ ਵਿਭਾਗ

**ਮੁਖੀ:** ਡਾ. ਹੈਪੀ ਜੇਜੀ।

ਇਸ ਵਿਭਾਗ ਵਿੱਚ ਇੱਕ ਐਸੋਸੀਏਟ ਪ੍ਰੋਫ਼ੈਸਰ ਇੱਕ ਅਸਿਸਟੈਂਟ ਪ੍ਰੋਫ਼ੈਸਰ ਅਤੇ ਪ੍ਰਬੰਧਕੀ ਅਤੇ ਸਹਾਇਕ ਅਮਲੇ ਵਿੱਚ ਛੇ ਮੈਂਬਰ ਹਨ। ਸਾਲ ਦੌਰਾਨ ਤਿੰਨ ਪੀਐੱਚ.ਡੀ ਦੀਆਂ ਡਿਗਰੀਆਂ ਅਵਾਰਡ ਹੋਈਆਂ ਅਤੇ ਦੋ ਪੀਐੱਚ.ਡੀ ਦੀਆਂ ਰਜਿਸਟਰੇਸ਼ਨਾਂ ਹੋਈਆਂ। ਐੱਸ.ਆਰ.ਐੱਫ. ਅਤੇ ਜੇ.ਆਰ.ਐੱਫ. ਵਾਲੇ ਵਿਦਿਆਰਥੀਆਂ ਦੀ ਗਿਣਤੀ ਚਾਰ ਹੈ। ਵਿਸ਼ੇਸ਼ ਸੈਮੀਨਾਰਾਂ ਵਿੱਚ ਸਕ੍ਰਿਪਟਿੰਗ ਅਤੇ ਨਿਊਜ਼ ਰੀਡਿੰਗ, ਸਤੰਬਰ 2019, ਗੂਗਲ ਵਰਕਸ਼ਾਪ ਆਨ ਫੈਕਟ ਚੈਕਿੰਗ ਨਵੰਬਰ 2019 ਨੂੰ ਕਰਵਾਏ ਗਏ। ਇਸ ਤੋਂ ਇਲਾਵਾ ਵਰਕਸ਼ਾਪਾਂ ਵਿੱਚ ਆਈ.ਏ.ਐੱਮ ਸੀ.ਆਰ. ਮੈਡਰਿਡ ਕਾਨਫ਼ਰੰਸ ਆਨ ਕਮਿਊਨੀਕੇਸ਼ਨ ਤਕਨਾਲੋਜੀ ਐਂਡ ਹਿਊਮਨ ਡਿਗਨਟੀ ਅਤੇ ਚੌਥੀ ਆਲ ਇੰਡੀਆ ਮੀਡੀਆ ਕਾਨਫ਼ਰੰਸਾਂ ਕਰਵਾਈਆਂ ਗਈਆਂ। ਵੱਖ-ਵੱਖ ਮਹੱਤਵਪੂਰਨ ਕਮੇਟੀਆਂ ਵਿੱਚ ਵਿਭਾਗ ਦੇ ਮੈਂਬਰ ਨਿਯੁਕਤ ਰਹੇ। ਸਾਲ ਵਿੱਚ ਆਯੋਜਿਤ ਪ੍ਰੋਗਰਾਮਾਂ ਵਿੱਚ ਆਡੀਓ ਵੀਡੀਓ ਪ੍ਰੋਗਰਾਮ ਪ੍ਰੋਡਕਸ਼ਨ ਉਗਮਨਟੇਸ਼ਨ ਕਰਵਾਏ ਗਏ।

## ਰਾਜਨੀਤੀ ਵਿਗਿਆਨ ਵਿਭਾਗ

**ਮੁਖੀ:** ਡਾ. ਜਗਰੂਪ ਸਿੰਘ।

ਮੌਜੂਦਾ ਫੈਕਲਟੀ ਵਿੱਚ ਦੋ ਪ੍ਰੋਫ਼ੈਸਰ ਅਤੇ ਇੱਕ ਅਸਿਸਟੈਂਟ ਪ੍ਰੋਫ਼ੈਸਰ, ਪ੍ਰਬੰਧਕੀ ਅਤੇ ਸਹਾਇਕ ਅਮਲੇ ਵਿੱਚ ਤਿੰਨ ਮੈਂਬਰ ਕੰਮ ਕਰਦੇ ਹਨ। ਸਾਲ ਵਿੱਚ ਦੋ ਪੀਐੱਚ.ਡੀ ਦੀਆਂ ਡਿਗਰੀਆਂ ਅਵਾਰਡ ਹੋਈਆਂ ਅਤੇ ਚਾਰ ਰਜਿਸਟਰੇਸ਼ਨਾਂ ਹੋਈਆਂ। ਸਾਲ ਵਿੱਚ ਐੱਸ.ਆਰ.ਐੱਫ. ਅਤੇ ਜੇ.ਆਰ.ਐੱਫ ਵਾਲੇ ਵਿਦਿਆਰਥੀਆਂ ਦੀ ਗਿਣਤੀ ਤੇਰ੍ਹਾਂ ਹੈ। ਵਿਭਾਗੀ ਫੈਕਲਟੀ ਦੁਆਰਾ ਇੱਕ ਪੁਸਤਕ ਸੰਪਾਦਿਤ ਕਰਵਾਈ ਗਈ ਅਤੇ ਫੈਕਲਟੀ ਦੁਆਰਾ ਇੱਕ ਪੁਸਤਕ ਪ੍ਰਕਾਸ਼ਿਤ ਕਰਵਾਈ ਗਈ। ਕਾਨਫ਼ਰੰਸਾਂ ਅਤੇ ਸੈਮੀਨਾਰਾਂ ਵਿੱਚ ਡਾ. ਜਗਰੂਪ ਕੌਰ ਨੇ ਦੋ ਕਾਨਫ਼ਰੰਸਾਂ ਵਿੱਚ ਭਾਗ ਲਿਆ। ਵਿਸ਼ੇਸ਼ ਆਯੋਜਿਤ ਭਾਸ਼ਣਾਂ ਵਿੱਚ ਵਿਭਾਗ ਵੱਲੋਂ 06 ਫਰਵਰੀ 2019 ਨੂੰ ਡਾ. ਅਜੀਤ ਸਿੰਘ ਪ੍ਰੋਫ਼ੈਸਰ, ਜੌਹਨਜ਼ ਗੁਟਨਬਰਗ ਯੂਨੀਵਰਸਿਟੀ ਮੈਨਜ਼, ਜਰਮਨ ਵੱਲੋਂ ਇੰਡੀਅਨ ਪੋਲੀਟੀਕਲ ਸਿਸਟਮ ਵਿਸ਼ੇ ਤੇ ਵਿਸਤ੍ਰਿਤ ਭਾਸ਼ਣ ਕਰਵਾਇਆ ਗਿਆ। ਵਿਭਾਗ ਵਿੱਚ 14 ਫਰਵਰੀ 2019 ਨੂੰ ਡਾ. ਐੱਸ.ਐੱਸ ਬਿੰਦਰਾ ਡਾਇਰੈਕਟਰ ਰਿਸਰਚ ਏ.ਆਈ.ਆਈ.ਐੱਸ. ਏਮਿਟੀ ਯੂਨੀਵਰਸਿਟੀ ਨੋਇਡਾ ਵੱਲੋਂ ਇੰਟਰਨੈਸ਼ਨਲ ਪੋਲੀਟਿਕਸ ਵਿਸ਼ੇ ਤੇ ਲੈਕਚਰ ਆਯੋਜਿਤ ਕੀਤਾ। ਇਸ ਤੋਂ ਇਲਾਵਾ ਡਾ. ਜਗਰੂਪ ਕੌਰ Editor Editorial Board, Journal of Govt. and Politics ਦੇ ਮੈਂਬਰ ਰਹੇ। ਡਾ. ਜਗਰੂਪ ਕੌਰ ਨੇ ਡੀ.ਏ.ਵੀ. ਕਾਲਜ ਕਰਨਾਲ ਵਿੱਚ ਅਤੇ ਖਾਲਸਾ ਕਾਲਜ ਪਟਿਆਲਾ ਵਿੱਚ ਵਿਸ਼ੇਸ਼ ਲੈਕਚਰ ਦਿੱਤੇ।

## ਕਾਨੂੰਨ ਵਿਭਾਗ

**ਮੁਖੀ:** ਡਾ. ਮੋਨਿਕਾ ਚਾਵਲਾ

ਇਸ ਤੋਂ ਇਲਾਵਾ ਵਿਭਾਗ ਵਿੱਚ 03 ਪ੍ਰੋਫ਼ੈਸਰ ਅਤੇ 01 ਐਸੋਸੀਏਟ ਪ੍ਰੋਫ਼ੈਸਰ ਸੇਵਾ ਨਿਭਾਅ ਰਹੇ ਹਨ। ਇਸ ਸਾਲ ਦੌਰਾਨ ਵਿਭਾਗ ਵੱਲੋਂ 10 ਪੀਐੱਚ.ਡੀ ਡਿਗਰੀਆਂ ਅਵਾਰਡ ਕੀਤੀਆਂ ਗਈਆਂ ਅਤੇ 12 ਪੀਐੱਚ.ਡੀ ਦੀਆਂ ਰਜਿਸਟ੍ਰੇਸ਼ਨਾਂ ਹੋਈਆਂ। ਵਿਭਾਗ ਵਿੱਚ 01 ਵਿਦਿਆਰਥੀ ਐੱਸ.ਆਰ.ਐੱਫ. ਅਤੇ 05 ਜੇ.ਆਰ.ਐੱਫ. ਹਨ। ਫੈਕਲਟੀ ਦੁਆਰਾ 02 ਪੁਸਤਕਾਂ ਸੰਪਾਦਿਤ ਕੀਤੀਆਂ ਗਈਆਂ ਅਤੇ 09 ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਵਿਭਾਗ ਦੁਆਰਾ ਕਰੀਮੀਨਲ ਲਾਅ, ਫੈਮਿਲੀ ਲਾਅ, ਕੋਨਸਟੀਟਿਊਸ਼ਨ ਲਾਅ, ਪਬਲਿਕ ਇੰਟਰਨੈਸ਼ਨਲ ਲਾਅ, ਰੇਨਟ ਲਾਅ, ਲੈਂਡ ਲਾਅ, ਸਿਵਲ ਲਾਅ, ਬਿਜਨੈੱਸ ਲਾਅ ਅਤੇ ਹਿਊਮਨ ਰਾਈਟ ਲਾਅ ਖੋਜ ਦੇ ਪ੍ਰਮੁੱਖ ਖੇਤਰ ਹਨ।

## ਸਿੱਖਿਆ ਅਤੇ ਸਮੁਦਾਇ ਸੇਵਾ ਵਿਭਾਗ

**ਮੁਖੀ:** ਡਾ. ਜਸਰਾਜ ਕੌਰ

ਵਿਭਾਗ ਵਿੱਚ 02 ਰੈਗੂਲਰ, 1 ਪੁਨਰ ਨਿਯੁਕਤ ਅਤੇ 2 ਅਸਿਸਟੈਂਟ ਪ੍ਰੋਫ਼ੈਸਰ ਸੇਵਾ ਨਿਭਾਅ ਰਹੇ ਹਨ। ਵਿਭਾਗ ਵਿੱਚ ਸਾਲ ਦੌਰਾਨ 20 ਪੀਐੱਚ.ਡੀ. ਦੀਆਂ ਡਿਗਰੀਆਂ ਅਵਾਰਡ ਹੋਈਆਂ ਅਤੇ 15 ਦੀ ਰਜਿਸਟ੍ਰੇਸ਼ਨ ਹੋਈ। ਇਸ ਤੋਂ ਇਲਾਵਾ ਵਿਭਾਗ ਵਿੱਚ 11 ਐੱਸ.ਆਰ.ਐੱਫ. ਅਤੇ 25 ਜੇ.ਆਰ.ਐੱਫ. ਖੋਜਾਰਥੀ ਹਨ। ਫੈਕਲਟੀ ਦੁਆਰਾ 15 ਖੋਜ-ਪੱਤਰ ਪ੍ਰਕਾਸ਼ਿਤ ਕੀਤੇ ਗਏ। 22 ਜੂਨ, 2019 ਤੋਂ 5 ਜੁਲਾਈ 2019 ਤੱਕ ਕਰੀਕੁਲਮ ਡਿਜ਼ਾਈਨ ਅਤੇ ਕੰਨਟੈਂਟ ਵਿਸ਼ੇ ਤੇ ਕਾਲਜ ਅਧਿਆਪਕਾਂ ਲਈ ਵਰਕਸ਼ਾਪ ਆਯੋਜਿਤ ਕੀਤੀ ਗਈ। ਜੈਂਡਰ ਇਕੂਏਲਟੀ ਵਿਸ਼ੇ ਤੇ ਫਰਵਰੀ 2019 ਨੂੰ ਵਿਸ਼ੇਸ਼ ਲੈਕਚਰ ਕਰਵਾਇਆ ਗਿਆ। ਐੱਮ.ਐੱਡ., ਐੱਮ.ਫਿਲ. ਅਤੇ ਪੀ.ਐੱਚ.ਡੀ ਪੇਪਰ ਤੇ ਖੋਜ ਰਾਹੀਂ ਸਮਾਜਿਕ ਸੇਵਾ ਵਿੱਚ ਯੋਗਦਾਨ ਪਾਉਣ ਦੀ ਪਹਿਲ-ਕਦਮੀ ਕੀਤੀ ਗਈ।

## ਸਕੂਲ ਆਫ਼ ਮੈਨੇਜਮੈਂਟ ਸਟੱਡੀਜ਼ ਵਿਭਾਗ

**ਮੁਖੀ:** ਡਾ. ਨਵਜੋਤ ਕੌਰ

ਇਸ ਸਾਲ ਵਿੱਚ 23 ਪੀਐੱਚ.ਡੀ ਡਿਗਰੀਆਂ ਅਵਾਰਡ ਹੋਈਆਂ ਅਤੇ 17 ਨਵੀਆਂ ਰਜਿਸਟਰੇਸ਼ਨਾਂ ਹੋਈਆਂ ਹਨ। ਵਿਭਾਗ ਦੁਅਰਾ ਉਤਮਤਾ ਸ਼ਕਤੀਕਰਨ ਅਤੇ ਹੁਨਰ ਵਿਕਾਸ, ਖੋਜ ਵਿਧੀ ਹੁਨਰ ਵਿਕਾਸ ਅਤੇ ਉਤਮਤਾ, ਉੱਨਤ ਅੰਕੜਾ ਸੰਦਾਂ ਅਤੇ ਟੂਲਜ਼ ਅੰਗਾਂ ਬਾਰੇ ਵਰਕਸ਼ਾਪ ਆਯੋਜਿਤ ਕੀਤੀ ਗਈ। ਵਿਭਾਗ ਦੇ ਅਧਿਆਪਕਾਂ ਨੇ ਥੋੜ੍ਹੇ ਸਮੇਂ ਦੇ ਕੋਰਸਾਂ (ਖੋਜ ਵਿਧੀ), ਲਿੰਗ ਸੰਵੇਦਨਾ, ਅਕਾਦਮਿਕ ਦਾਖ਼ਲਾ ਅਤੇ ਖੋਜ ਵਿਧੀ ਬਾਰੇ ਹੋਏ ਸਮਾਗਮਾਂ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਸ਼ਮੂਲੀਅਤ ਕੀਤੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਤੇ ਪ੍ਰਬੰਧ ਬਾਰੇ ਵਿਸ਼ੇਸ਼ ਭਾਸ਼ਣ ਆਯੋਜਿਤ ਕੀਤਾ ਗਿਆ। ਇਸ ਸਾਲ ਦੌਰਾਨ ਅਗਸਤ 2019 ਦੌਰਾਨ ਪੰਜਾਬ ਦੇ ਬਿਲਡਿੰਗ ਐਪਲਾਈਮੈਂਟ ਸਕਿਲਸ ਬਾਏ ਐਨਲਾਈਜਿੰਗ ਡੇਸਟੀਨੇਸ਼ਨ ਇਮੇਜ ਆਫ਼ ਪੰਜਾਬ ਦਾ ਵਿਸ਼ਲੇਸ਼ਣ ਕਰਕੇ ਰੁਜ਼ਗਾਰ ਦੇ ਹੁਨਰ ਦਾ ਨਿਰਮਾਣ ਨਵਾਂ ਖੋਜ ਪ੍ਰੋਜੈਕਟ ਸ਼ੁਰੂ ਕੀਤਾ ਗਿਆ। ਵਿਭਾਗ ਦੁਆਰਾ ਇਸ ਸਾਲ ਵਿੱਚ ਅਲੂਮਨੀ ਪ੍ਰੋਗਰਾਮ, ਪਲੇਸਮੈਂਟ ਦੀਆਂ ਗਤੀਵਿਧੀਆਂ, ਓਰੀਐਂਟੇਸ਼ਨ ਪ੍ਰੋਗਰਾਮ ਆਦਿ ਮਹੱਤਵਪੂਰਨ ਕ੍ਰਿਆਵਾਂ ਕੀਤੀਆਂ ਗਈਆਂ।

## ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਤਕਨੀਕੀ ਵਿਕਾਸ ਦਾ ਖੋਜ ਕੇਂਦਰ

**ਮੁਖੀ:** ਡਾ. ਗੁਰਪ੍ਰੀਤ ਸਿੰਘ ਲਹਿਲ (ਡਾਇਰੈਕਟਰ)

ਵਿਭਾਗ ਦੁਆਰਾ 1 ਅਕਤੂਬਰ ਤੋਂ 5 ਅਕਤੂਬਰ 2019 ਨੂੰ ਪੰਜਾਬੀ ਭਾਸ਼ਾ ਅਤੇ ਸਾਹਿਤ ਅਧਿਆਪਨ: ਸਮੱਸਿਆਵਾਂ ਅਤੇ ਸਮਾਧਾਨ ਵਿਸ਼ੇ ਤੇ ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ ਵਿਖੇ ਵਰਕਸ਼ਾਪ ਆਯੋਜਿਤ ਕਰਵਾਈ ਗਈ। ਵਿਸ਼ਵ ਪੰਜਾਬੀ ਸਾਹਿਤ ਕਾਨਫ਼ਰੰਸ, ਵਿਸ਼ਾ ਪਰਵਾਸੀ ਪੰਜਾਬੀ ਸਾਹਿਤ: ਪ੍ਰਾਪਤੀਆਂ ਤੇ ਸੰਭਾਵਨਾਵਾਂ 9-11 ਜਨਵਰੀ 2019 ਨੂੰ ਵਿਸ਼ਵ ਪੰਜਾਬੀ ਕਾਨਫ਼ਰੰਸ ਕਰਵਾਈ ਗਈ। ਅੰਤਰਰਾਸ਼ਟਰੀ ਪੰਜਾਬੀ ਵਿਕਾਸ ਕਾਨਫ਼ਰੰਸ ਵਿਸ਼ਾ: ਸਮਕਾਲ ਵਿੱਚ ਗੁਰੂ ਨਾਨਕ ਦੀ ਪ੍ਰਸੰਗਿਕਤਾ ਤੇ ਸਾਰਥਿਕਤਾ (ਭਾਸ਼ਾ-ਸਾਹਿਤ, ਸੱਭਿਆਚਾਰ ਤੇ ਚਿੰਤਨ ਦੇ ਸੰਦਰਭ ਵਿੱਚ) 11-13 ਫਰਵਰੀ 2019 ਨੂੰ ਕਾਨਫ਼ਰੰਸ ਆਯੋਜਿਤ ਕੀਤੀ ਗਈ। ਵਿਭਾਗ ਦੁਆਰਾ ਸਾਲ ਵਿੱਚ ਇਕ ਪ੍ਰਾਜੈਕਟ ਸੰਪੂਰਨ ਕੀਤਾ ਗਿਆ।

## ਭਾਈ ਕਾਨ੍ਹ ਸਿੰਘ ਨਾਭਾ ਲਾਇਬਰੇਰੀ

ਯੂਨੀਵਰਸਿਟੀ ਲਾਇਬਰੇਰੀ, ਯੂਨੀਵਰਸਿਟੀ ਦੀਆਂ ਅਕਾਦਮਿਕ ਅਤੇ ਖੋਜ ਗਤੀਵਿਧੀਆਂ ਦਾ ਕੇਂਦਰ ਹੈ। ਪਾਠਕਾਂ ਦੀ ਸੁਵਿਧਾ ਲਈ ਲਾਇਬ੍ਰੇਰੀ ਖੁੱਲਣ ਦਾ ਸਮਾਂ ਸਾਲ ਵਿੱਚ 360 ਦਿਨ ਸਵੇਰ ਦੇ 8.15 ਵਜੇ ਤੋਂ ਰਾਤ 09.00 ਵਜੇ ਤੱਕ ਸੀ। ਪ੍ਰੰਤੂ ਮਿਤੀ 12-12-2019 ਤੋਂ ਇਸ ਦਾ ਸਮਾਂ ਵਧਾ ਕੇ ਸਵੇਰੇ 8.15 ਵਜੇ ਤੋਂ ਅਗਲੀ ਸਵੇਰ 6.00 ਵਜੇ ਤੱਕ ਕਰ ਦਿੱਤਾ ਗਿਆ ਹੈ। ਲਾਇਬਰੇਰੀ ਵਿੱਚ ਪਾਠਕਾਂ ਨੂੰ ਵਾਯੂ-ਅਨੁਕੂਲ ਅਤੇ ਖੁੱਲ੍ਹਾ ਮਾਹੌਲ ਮੁਹੱਈਆ ਕਰਵਾਇਆ ਗਿਆ ਹੈ ਅਤੇ 500 ਤੋਂ ਵੱਧ ਵਿਦਿਆਰਥੀ/ਖੋਜਾਰਥੀ ਹਰ ਰੋਜ਼ ਇਸ ਲਾਇਬਰੇਰੀ ਦੀ ਵਰਤੋਂ ਕਰਦੇ ਹਨ। ਲਾਇਬਰੇਰੀ ਦੇ ਵੱਖ-ਵੱਖ ਸੈਕਸ਼ਨਾਂ ਦਾ ਕੰਮ-ਕਾਜ ਅਤੇ ਸੇਵਾਵਾਂ ਹੇਠ ਅਨੁਸਾਰ ਹਨ।

### ਪੁਸਤਕ ਪ੍ਰਾਪਤੀ ਸੈਕਸ਼ਨ

ਇਸ ਸਾਲ ਲਾਇਬਰੇਰੀ ਦੇ ਸੰਗ੍ਰਹਿ ਵਿੱਚ 5148 ਪੁਸਤਕਾਂ ਅਤੇ 755 ਜਿਲਦਬੰਦ ਰਸਾਲਿਆਂ (Bound Periodicals) ਦਾ ਵਾਧਾ ਹੋਇਆ ਅਤੇ 18 ਪੁਸਤਕਾਂ ਲਾਇਬ੍ਰੇਰੀ ਵੱਲੋਂ ਜਾਰੀ ਕੀਤੀਆਂ ਗਈਆਂ।

### ਟੈਕਨੀਕਲ ਸੈਕਸ਼ਨ

ਇਸ ਸਾਲ ਦੌਰਾਨ 4156 ਪੁਸਤਕਾਂ, ਰਸਾਲਿਆਂ ਅਤੇ ਥੀਸਿਸ ਦਾ ਵਰਗੀਕਰਨ ਅਤੇ 2840 ਪੁਰਲੇਖਾਂ ਦਾ ਸੂਚੀਕਰਨ ਕੀਤਾ ਗਿਆ।

### ਸਰਕੂਲੇਸ਼ਨ ਸੈਕਸ਼ਨ

ਇਸ ਸਾਲ ਲਾਇਬਰੇਰੀ ਦੇ ਕੁੱਲ 4336 ਮੈਂਬਰ ਨਵੇਂ ਬਣੇ ਹਨ, ਜਿਨ੍ਹਾਂ ਵਿੱਚ 11 ਯੂਨੀਵਰਸਿਟੀ ਅਧਿਆਪਕ, 463 ਕੈਂਪਸ ਖੋਜਾਰਥੀ, 3804 ਵਿਦਿਆਰਥੀ, 29 ਯੂਨੀਵਰਸਿਟੀ ਕਰਮਚਾਰੀ ਅਤੇ 29 ਵਿਸ਼ੇਸ਼ ਮੈਂਬਰ (ਰਿਟਾਇਰਡ ਅਫ਼ਸਰ ਅਤੇ ਅਧਿਆਪਕ) ਹਨ। ਇਸ ਸਾਲ ਦੌਰਾਨ ਪਾਠਕਾਂ ਨੂੰ 40341 ਪੁਸਤਕਾਂ ਜਾਰੀ ਕੀਤੀਆਂ ਗਈਆਂ ਅਤੇ 41321 ਪੁਸਤਕਾਂ ਦੀ ਵਾਪਸੀ ਹੋਈ। 182 ਪੁਸਤਕਾਂ ਵਿਭਾਗੀ ਲਾਇਬਰੇਰੀਆਂ ਨੂੰ ਭੇਜੀਆਂ ਗਈਆਂ। ਪਾਠਕਾਂ ਲਈ ਹੋਰ ਸੰਸਥਾਵਾਂ ਤੋਂ 'ਅੰਤਰ ਲਾਇਬਰੇਰੀ ਉਧਾਰ' ਤੇ 13 ਪੁਸਤਕਾਂ ਮੰਗਵਾਈਆਂ ਗਈਆਂ ਅਤੇ 05 ਪੁਸਤਕਾਂ ਉਹਨਾਂ ਨੂੰ ਦਿੱਤੀਆਂ ਗਈਆਂ।

### ਰੈਫਰੈਂਸ ਸੈਕਸ਼ਨ

ਸੰਦਰਭ ਸੇਵਾ ਅਧੀਨ ਵੱਖ-ਵੱਖ ਅਦਾਰਿਆਂ ਦੇ 1011 ਖੋਜਾਰਥੀਆਂ/ਵਿਦਿਆਰਥੀਆਂ ਦੀ ਨਿਜੀ ਤੌਰ ਤੇ ਸਹਾਇਤਾ ਕੀਤੀ ਗਈ ਅਤੇ 5291 ਪਾਠਕਾਂ ਨੂੰ ਨਾਨ-ਮੈਂਬਰਸ਼ਿਪ ਦਿੱਤੀ ਗਈ। 'ਰੀਡਰ ਓਰੀਐਂਟੇਸ਼ਨ ਪ੍ਰੋਗਰਾਮ' ਤਹਿਤ ਨਵੇਂ ਪਾਠਕਾਂ ਨੂੰ ਲਾਇਬਰੇਰੀ ਸਰੋਤਾਂ ਅਤੇ ਸੇਵਾਵਾਂ ਤੋਂ ਜਾਣੂ ਕਰਵਾਇਆ ਗਿਆ। ਯੂਨੀਵਰਸਿਟੀ ਦੇ ਮਹੱਤਵਪੂਰਨ ਸੈਮੀਨਾਰਾਂ, ਕਾਨਫ਼ਰੰਸਾਂ ਅਤੇ ਹੋਰ ਵਿਸ਼ੇਸ਼ ਮੌਕਿਆਂ ਤੇ ਪੁਸਤਕ ਪ੍ਰਦਰਸ਼ਨੀਆਂ ਆਯੋਜਿਤ ਕੀਤੀਆਂ ਗਈਆਂ। ਰੈਫਰੈਂਸ ਸੈਕਸ਼ਨ ਵੱਲੋਂ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਦੇ ਮਹੱਤਵਪੂਰਣ ਦਿਨਾਂ ਤੇ ਪੁਸਤਕਾਂ ਦੀ ਪ੍ਰਦਰਸ਼ਨੀ ਵੀ ਨਿਰੰਤਰ ਲਗਾਈ ਜਾਂਦੀ ਹੈ। ਜ਼ਮੀਨੀ ਮੰਜ਼ਿਲ ਤੇ ਇਕ ਵੱਖਰਾ ਵਾਯੂ ਅਨੁਕੂਲ ਹਾਲ

Airconditioned Night Reading Hall) ਹੈ ਜਿੱਥੇ ਪਾਠਕਾਂ ਨੂੰ ਆਪਣੀਆਂ ਨਿੱਜੀ ਪੁਸਤਕਾਂ ਪੜ੍ਹ ਸਕਣ ਦੀ ਸੁਵਿਧਾ ਦਿੱਤੀ ਗਈ ਹੈ।

### ਰਿਪਰੋਗ੍ਰਾਫਿਕ ਸੈਕਸ਼ਨ

ਇਸ ਸਾਲ ਪੁਸਤਕਾਂ, ਰਸਾਲਿਆਂ ਅਤੇ ਹੋਰ ਸਮੱਗਰੀ ਵਿੱਚੋਂ 1,42,714 ਪੰਨੇ ਫੋਟੋ ਕਾਪੀ ਕੀਤੇ ਗਏ।

### ਲਾਇਬਰੇਰੀ ਆਟੋਮੇਸ਼ਨ

ਲਾਇਬਰੇਰੀ ਦੇ ਪਾਠਕਾਂ ਨੂੰ ਸਵੈਚਾਲਿਤ ਸੁਵਿਧਾ ਉਪਲੱਬਧ ਕਰਵਾਉਂਦੇ ਹੋਏ ਲਗਭਗ ਸਾਰੇ ਸੈਕਸ਼ਨਾਂ ਜਿਵੇਂ ਕਿ ਐਜੂਕੇਸ਼ਨ, ਟੈਕਨੀਕਲ, ਸਰਕੂਲੇਸ਼ਨ, ਪੀਰੀਆਡੀਕਲਜ਼, ਪ੍ਰਾਪਰਟੀ ਕਾਊਂਟਰ ਅਤੇ OPAC ਵਿੱਚ ਸਬੰਧਿਤ ਕਾਰਜਾਂ ਨੂੰ ਹੋਰ ਸੁਖਾਲਾ ਅਤੇ user friendly ਬਣਾਇਆ ਗਿਆ। ਲਾਇਬਰੇਰੀ ਦੇ ਡਾਟਾ ਬੇਸ ਨੂੰ ਹੋਰ ਉਪਯੋਗੀ ਬਣਾਉਣ ਲਈ ਲਗਭਗ 5900 ਨਵੇਂ, ਪੁਰਾਣੇ ਡਾਕੂਮੈਂਟਸ ਅਤੇ ਜਿਲਦਬੰਦ ਰਸਾਲਿਆਂ ਦੇ ਇੰਦਰਾਜ਼ ਕੀਤੇ ਗਏ। ਡਾਟਾਬੇਸ ਦੇ 294 ਮੌਜੂਦਾ ਰਸਾਲੇ ਵੀ maintain ਕੀਤੇ ਗਏ ਹਨ। ਲਗਭਗ 4330 ਤੋਂ ਵੱਧ ਪਾਠਕਾਂ ਨੂੰ ਬਾਰਕੋਡ ਅਧਾਰਿਤ ਮੈਂਬਰਸ਼ਿਪ ਦਿੱਤੀ ਗਈ। ਲਗਭਗ 81,662 ਕਿਤਾਬਾਂ RFID ਤਕਨੀਕ ਦੀ ਵਰਤੋਂ ਰਾਹੀਂ ਇਸ਼ੂ/ਰਿਟਰਨ ਕੀਤੀਆਂ ਗਈਆਂ। ਹੋਰ ਨਵੀਆਂ ਕਿਤਾਬਾਂ ਦੀ RFID Tagging ਲਗਾਤਾਰ ਜਾਰੀ ਹੈ। ਚੋਣਵੀਆਂ ਕਿਤਾਬਾਂ/ਹੱਥ ਲਿਖਤਾਂ ਦੀ 'ਡਿਜ਼ੀਟਾਈਜੇਸ਼ਨ' ਵੀ ਲਗਾਤਾਰ ਜਾਰੀ ਹੈ। ਪਾਠਕਾਂ ਲਈ ਦੂਜੇ ਅਦਾਰਿਆਂ ਤੋਂ 'ਆਰਟੀਕਲਜ਼' ਉਪਲਬੱਧ ਕਰਵਾਏ ਗਏ। ਵੱਖ-ਵੱਖ ਉੱਘੀਆਂ ਹਸਤੀਆਂ ਵੱਲੋਂ ਦਾਨ ਕੀਤੀਆਂ ਪੁਸਤਕਾਂ ਨੂੰ ਲਾਇਬ੍ਰੇਰੀ ਦੇ ਮੁੱਖ 'ਡਾਟਾ-ਬੇਸ' ਵਿੱਚ ਸ਼ਾਮਿਲ ਕੀਤਾ ਗਿਆ। ਯੂਨੀਵਰਸਿਟੀ ਦੇ ਪੂਰੇ ਕੈਂਪਸ ਵਿੱਚ 15,000 ਤੋਂ ਵੱਧ 'ਈ-ਜਰਨਲਜ਼' ਅਤੇ 1505 'ਈ-ਬੁਕਸ' ਇੰਟਰਨੈੱਟ ਰਾਹੀਂ ਉਪਲੱਬਧ ਹਨ। ਅਤੇ DELNET, INDEST, J-Gate ਹੋਰ 'ਈ-ਰੀਸੋਰਸਿਜ਼' ਦੀ ਵਰਤੋਂ ਰਾਹੀਂ ਪਾਠਕਾਂ ਵੱਲੋਂ 15,000 ਤੋਂ ਵੱਧ 'ਆਰਟੀਕਲਜ਼' ਦੀ ਪਹੁੰਚ ਕੀਤੀ ਗਈ। ਪਾਠਕਾਂ ਲਈ 'ਵੈਬ-ਓਪੈਕ' ਦੀ ਵਿਵਸਥਾ ਨੂੰ ਹੋਰ ਸਮਰੱਥ ਬਣਾਇਆ ਗਿਆ। ਪਾਠਕਾਂ ਲਈ ਚੋਣਵੀਆਂ 'ਪੁਸਤਕ ਸੂਚੀਆਂ' ਤਿਆਰ ਕੀਤੀਆਂ ਗਈਆਂ। ਲਾਇਬ੍ਰੇਰੀ ਵਿੱਚ 480 ਪਾਠਕਾਂ ਵੱਲੋਂ ਇੰਟਰਨੈੱਟ ਅਕਸੈੱਸ ਲੈਬ/ਡਿਜ਼ੀਟਲ ਲੈਬ, ਪ੍ਰਿੰਟਿੰਗ ਅਤੇ ਦਸਤਾਵੇਜ਼ਾਂ ਦੀ ਸਕੈਨਿੰਗ, ਦੀ ਵਰਤੋਂ ਕੀਤੀ ਗਈ। ਯੂਨੀਵਰਸਿਟੀ ਦੇ ਹਰੇਕ ਵਰਗ ਅਤੇ ਅਕਾਦਮਿਕ ਸਟਾਫ਼ ਕਾਲਜ ਦੀ ਰਿਫ਼ਰੈਸ਼ਰ ਅਤੇ ਓਰੀਐਂਟੇਸ਼ਨ ਕੋਰਸ ਵਿੱਚ ਭਾਗ ਲੈਣ ਵਾਲਿਆਂ ਲਈ ਵਿਸ਼ੇਸ਼ ਭਾਸ਼ਣ ਅਤੇ ਡੈਮੋਨਸਟਰੇਸ਼ਨ (Demonstration) ਦਾ ਪ੍ਰਬੰਧ ਕੀਤਾ ਗਿਆ। ਲਾਇਬ੍ਰੇਰੀ ਵਿੱਚ 'ਇੰਟਰਾਨੈਟ' ਅਤੇ WiFi ਦੀ ਸੁਵਿਧਾ ਨੂੰ ਲਗਾਤਾਰ ਚਾਲੂ ਰੱਖਿਆ ਗਿਆ। ਲਾਇਬ੍ਰੇਰੀ ਵਿੱਚ ਮੌਜੂਦਾ wi-fi ਦੀ ਸੁਵਿਧਾ ਨੂੰ ਅਪਗ੍ਰੇਡ ਕੀਤਾ ਗਿਆ। Shodh Ganga ਦੇ ਥੀਸੀਜ਼ ਲਈ ਵੱਖਰੇ ਤੌਰ ਤੇ ETD Lab ਡਿਜ਼ੀਟਾਈਜੇਸ਼ਨ ਕਰਨ ਲਈ ਸਥਾਪਿਤ ਕੀਤੀ ਗਈ ਹੈ।

### ਰਸਾਲਾ ਵਿਭਾਗ

ਇਸ ਸਾਲ ਦੌਰਾਨ 294 ਰਸਾਲੇ ਚੰਦੇ ਰਾਹੀਂ, ਲਗਭਗ 40 ਰਸਾਲੇ ਭੇਟਾ ਵਜੋਂ ਅਤੇ ਵੱਖ-ਵੱਖ ਭਾਸ਼ਾਵਾਂ ਦੀਆਂ 22 ਰੋਜ਼ਾਨਾ ਅਖ਼ਬਾਰਾਂ ਪ੍ਰਾਪਤ ਹੋਈਆਂ। ਇਸ ਤੋਂ ਇਲਾਵਾ 15,000 ਤੋਂ ਵੱਧ ਖੋਜ ਰਸਾਲੇ ਆਨ-ਲਾਈਨ ਉਪਲੱਬਧ ਹਨ।

### ਜਿਲਦਬੰਦੀ ਸੈਕਸ਼ਨ

ਇਸ ਸਾਲ ਲਗਭਗ 3204 ਪੁਸਤਕਾਂ/ਰਸਾਲਿਆਂ ਅਤੇ 300 ਅਖ਼ਬਾਰਾਂ ਦੀ ਜਿਲਦਬੰਦੀ ਕੀਤੀ ਗਈ।

### ਡਾ. ਗੰਡਾ ਸਿੰਘ ਪੰਜਾਬੀ ਰੈਫਰੈਂਸ ਲਾਇਬਰੇਰੀ

ਲਾਇਬਰੇਰੀ ਵਿੱਚ ਕੁੱਲ 105862 ਪ੍ਰਲੇਖ ਅਤੇ 403 ਮਾਇਕਰੋਫ਼ਿਲਮਾਂ ਉਪਲੱਬਧ ਹਨ। ਇਸ ਸਾਲ ਦੌਰਾਨ 696 ਪੁਸਤਕਾਂ ਦੀ ਖਰੀਦ ਕੀਤੀ ਗਈ ਅਤੇ 243 ਪੁਸਤਕਾਂ ਤੋਹਫ਼ੇ ਵਜੋਂ ਪ੍ਰਾਪਤ ਹੋਈਆਂ। ਚੰਦੇ ਦੁਆਰਾ 80 ਰਸਾਲੇ ਖਰੀਦੇ ਗਏ ਅਤੇ 46 ਰਸਾਲੇ ਤੋਹਫ਼ੇ ਵਜੋਂ ਪ੍ਰਾਪਤ ਹੋਏ ਹਨ। ਪੰਜਾਬੀ ਭਾਸ਼ਾ ਵਿੱਚ 10 ਅਖ਼ਬਾਰ ਅਤੇ

ਅੰਗਰੇਜ਼ੀ ਭਾਸ਼ਾ ਵਿੱਚ ਇੱਕ ਅਖ਼ਬਾਰ ਪ੍ਰਾਪਤ ਹੋ ਰਹੇ ਹਨ। ਇਸ ਸਾਲ 30100 ਪਾਠਕਾਂ ਦੁਆਰਾ 82200 ਪੁਸਤਕਾਂ ਦੀ ਵਰਤੋਂ ਕੀਤੀ ਗਈ। 47 ਪੀਰੀਆਡਿਕਲਜ਼ ਜਿਲਦਬੰਦ (bound periodicals) ਅਤੇ 147 ਅਖ਼ਬਾਰਾਂ ਦਰਜ (Accesion) ਕੀਤੇ ਗਏ, 2602 ਪੁਸਤਕਾਂ ਦਾ ਵਰਗੀਕਰਨ ਅਤੇ 2880 ਪੁਸਤਕਾਂ ਦਾ 'ਕੰਪਿਊਟਰੀਕਰਨ' ਕੀਤਾ ਗਿਆ।

**ਵਿਸ਼ੇਸ਼ ਸਮੱਗਰੀ ਸੈਕਸ਼ਨ**

ਇਸ ਸੰਗ੍ਰਹਿ ਵਿੱਚ ਕੁੱਲ 77408 ਪ੍ਰਲੇਖ ਹਨ। 2141 ਪ੍ਰਲੇਖਾਂ ਦਾ ਇਸ ਸਾਲ ਲਾਇਬਰੇਰੀ ਵਿੱਚ ਵਾਧਾ ਹੋਇਆ। 150 ਪੁਸਤਕਾਂ ਦੀ ਜਿਲਦਬੰਦੀ/ਮੁਰੰਮਤ ਅਤੇ ਪ੍ਰੀਜਰਵੇਸ਼ਨ ਕਰਵਾਈ ਗਈ। 50 ਦੁਰਲੱਭ ਪੁਸਤਕਾਂ ਦੀ 'ਡਿਜ਼ੀਟਾਈਜੇਸ਼ਨ' ਹੋ ਚੁੱਕੀ ਹੈ ਅਤੇ ਬਾਕੀ ਦੁਰਲੱਭ ਪੁਸਤਕਾਂ ਦੀ 'ਡਿਜ਼ੀਟਾਈਜੇਸ਼ਨ' ਦਾ ਕੰਮ ਜਾਰੀ ਹੈ। ਇਸ ਸੈਕਸ਼ਨ ਵਿੱਚ 75 ਦਾਨੀਆਂ ਦੀਆਂ ਕੁਲੈਕਸ਼ਨਾਂ ਹਨ ਜਿਸ ਵਿੱਚੋਂ 5 ਕੁਲੈਕਸ਼ਨਾਂ ਪੰਜਾਬੀ ਰੈਫਰੈਂਸ ਵਿੱਚ ਅਤੇ 6 ਕੁਲੈਕਸ਼ਨਾਂ ਮੇਨ ਲਾਇਬ੍ਰੇਰੀ ਨਾਲ ਜੋੜ ਦਿੱਤੀਆਂ ਗਈਆਂ ਹਨ। 5 ਨਵੀਆਂ ਕੁਲੈਕਸ਼ਨਾਂ ਇਸ ਸਾਲ ਪ੍ਰਾਪਤ ਹੋਈਆਂ। ਇਸ ਸਾਲ ਦੌਰਾਨ 900 ਵਿਦਿਆਰਥੀਆਂ ਦੁਆਰਾ ਲਗਭਗ 2200 ਪੁਸਤਕਾਂ ਦੀ ਵਰਤੋਂ ਕੀਤੀ ਗਈ ਹੈ।

**ਪੰਜਾਬੀ ਯੂਨੀਵਰਸਿਟੀ ਵਿਸਤਾਰ ਲਾਇਬਰੇਰੀ ਐਸ.ਏ.ਐਸ. ਨਗਰ, ਮੁਹਾਲੀ**

ਇਸ ਲਾਇਬਰੇਰੀ ਵਿੱਚ 21,304 ਪੁਸਤਕਾਂ ਉਪਲੱਬਧ ਹਨ। ਸਾਲ ਦੌਰਾਨ ਲਾਇਬ੍ਰੇਰੀ ਵਿੱਚ 35 ਪੁਸਤਕਾਂ ਦਾ ਵਾਧਾ ਹੋਇਆ। ਪਾਠਕਾਂ ਲਈ 20 ਮੈਗਜ਼ੀਨ ਅਤੇ 17 ਰੋਜ਼ਾਨਾ ਅਖ਼ਬਾਰ ਖਰੀਦੇ ਗਏ। ਲਾਇਬਰੇਰੀ ਦੇ 54 ਪਾਠਕ ਮੈਂਬਰ ਹਨ ਅਤੇ ਲਗਭੱਗ 150 ਪਾਠਕ ਹਰ ਰੋਜ਼ ਇਸ ਲਾਇਬਰੇਰੀ ਦੀ ਵਰਤੋਂ ਕਰਦੇ ਹਨ:

**ਸਟਾਫ ਦੀਆਂ ਗਤੀਵਿਧੀਆਂ**

**ਪ੍ਰੋਫੈਸ਼ਨਲ/ਅਕਾਦਮਿਕ**

**ਡਾ. ਗੁਰਜੀਤ ਕੌਰ, ਡਿਪਟੀ ਲਇਬ੍ਰੇਰੀਅਨ**

1. Rattan G.K. (2019) A biblometric study of IASLIC Bulletin Paper presented at International conference on Digital transformation: A Cognative Learning towards Artificial Intelligence, 6-8 Septermber 2019, Rajiv Gandhi National University of Law, Punjab Patiala.
2. Ratan G.K and Jagtar Singh (2019) Citation analysis of IASLIC Bulletin 2015-2018 International e-journals of Library Science, 7(2), 5-14.
3. Attended Annual General meeting of PLA an 29th June, 2019.
4. Participated in National Seminar Rediscovering Dr. Ranganathan in the context of Media and Information Literacy on 28-8-2019.

## ਗਣਿਤ ਵਿਭਾਗ

**ਮੁਖੀ:** ਡਾ. ਸ਼ਾਲਿਨੀ ਗੁਪਤਾ

ਮੌਜੂਦਾ ਫੈਕਲਟੀ ਵਿੱਚ ਦੋ ਪ੍ਰੋਫ਼ੈਸਰ ਇਕ ਐਸੋਸੀਏਟ ਪ੍ਰੋਫ਼ੈਸਰ ਅਤੇ ਅੱਠ ਅਸਿਸਟੈਂਟ ਪ੍ਰੋਫ਼ੈਸਰ ਹਨ। ਪ੍ਰਬੰਧਕੀ ਅਤੇ ਸਹਾਇਕ ਅਮਲਾ ਵਿੱਚ ਪੰਜ ਕਰਮਚਾਰੀ ਨਿਯੁਕਤ ਹਨ। ਵਿਭਾਗ ਵਿੱਚ ਸਾਲ ਦੌਰਾਨ ਪੀਐੱਚ.ਡੀ ਦੀਆਂ ਤਿੰਨ ਡਿਗਰੀਆਂ ਅਵਾਰਡ ਹੋਈਆਂ ਤੇ ਗਿਆਰਾਂ ਖੋਜਾਰਥੀ ਪੀਐੱਚ.ਡੀ. ਵਿੱਚ ਰਜਿਸਟਰਡ ਹੋਏ। ਵਿਭਾਗ ਵਿੱਚ ਅਲਜਬਰਾ, ਟੋਪੋਲੋਜੀ, ਉਪਰੇਸ਼ਨ ਰਿਸਰਚ, ਨਿਊਮੈਰੀਕਲ ਮੈਥਡਸ, ਜਿਊਮੈਟਰੀ ਕੋਰਸ ਅਧਿਐਨ ਦੇ ਪ੍ਰਮੁੱਖ ਖੇਤਰ ਹਨ। ਫੈਕਲਟੀ ਵਿੱਚ ਸਾਲ ਦੌਰਾਨ ਤੇਰਾਂ ਪੁਸਤਕਾਂ ਸੰਪਾਦਿਤ ਕਰਵਾਈਆਂ ਗਈਆਂ। ਵਿਭਾਗ ਦੁਅਰਾ

ਕਾਨਫ਼ਰੰਸਾਂ, ਸੈਮੀਨਾਰਾਂ, ਸਿੰਪੋਜੀਅਮ ਅਤੇ ਵਰਕਸ਼ਾਪਾਂ ਵਿੱਚ ਚਾਰ ਵਾਰ ਸ਼ਮੂਲੀਅਤ ਕੀਤੀ ਗਈ ਤੇ ਤਿੰਨ ਸੱਦਾਗਤ ਭਾਸ਼ਣ ਕਰਵਾਏ ਗਏ।

## ਸਮਾਜ ਵਿਗਿਆਨ ਅਤੇ ਸਮਾਜਿਕ ਮਾਨਵ ਵਿਗਿਆਨ ਵਿਭਾਗ

**ਮੁਖੀ:** ਡਾ. ਨਮਰਤਾ ਵਡੇਰਾ (ਇੰਚਾਰਜ)

ਮੌਜੂਦਾ ਫੈਕਲਟੀ ਵਿੱਚ ਚਾਰ ਅਸਿਸਟੈਂਟ ਪ੍ਰੋਫ਼ੈਸਰ ਇੱਕ ਪ੍ਰੋਜੈਕਟ ਫ਼ੈਲੋ ਅਤੇ ਦੋ ਸੇਵਾਦਾਰ ਨਿਯੁਕਤ ਹਨ। ਵਿਭਾਗ ਵੱਲੋਂ ਸਾਲ ਦੌਰਾਨ ਸੱਤ ਪੀਐੱਚ.ਡੀ ਦੀਆਂ ਡਿਗਰੀਆਂ ਅਵਾਰਡ ਕੀਤੀਆਂ ਗਈਆਂ ਤੇ ਅੱਠ ਖੋਜਾਰਥੀ ਪੀਐੱਚ.ਡੀ ਵਿੱਚ ਰਜਿਸਟਰ ਹੋਏ। ਵਿਭਾਗ ਵਿੱਚ ਖੋਜ ਦੇ ਪ੍ਰਮੁੱਖ ਖੇਤਰ ਸਪੋਰਟਸ ਸ਼ੋਸ਼ਾਲੋਜੀ, ਡਿਸਅਬਿਲਟੀ, ਇਨਫਰਮੇਸ਼ਨ ਟੈਕਨੋਲੋਜੀ, ਸੋਸ਼ਲ ਫੇਜ਼ ਤੇ ਸੋਸ਼ਲ ਇਕਸਕਲੋਸਨ, ਜੈਂਡਰ ਐਂਡ ਸੋਸਾਇਟੀ, ਪੋਲੀਟੀਕਲ ਸ਼ੋਸ਼ਾਲੋਜੀ, ਰੂਰਲ ਸ਼ੋਸ਼ਾਲੋਜੀ, ਇਨਵਾਰਿਮੈਂਟਲ ਸ਼ੋਸ਼ਾਲੋਜੀ, ਰਿਸਰਚ ਮੈਥਡਾਲੋਜੀ, ਸ਼ੋਸ਼ਾਲੋਜੀ ਥਿਊਰੀਸ, ਸ਼ੋਸ਼ਾਲੋਜੀ ਆਫ਼ ਡਿਵੈਲਪਮੈਂਟ ਹਨ। ਵਿਭਾਗ ਨੂੰ ਇਸ ਸਾਲ ਦੌਰਾਨ ਬ੍ਰਿਜ ਭੂਮੀ ਫਾਊਂਡੇਸ਼ਨ (ਨਾਰੀ ਸ਼ਕਤੀ ਪ੍ਰੋਗਰਾਮ), 51 ਅਸਟ ਇਨਫਿਊਲੈਂਟ ਵੋਮੈਨ ਅਵਾਰਡ ਪ੍ਰਾਪਤ ਹੋਏ।

## ਸਰੀਰਕ ਸਿੱਖਿਆ ਵਿਭਾਗ

**ਮੁਖੀ:** ਡਾ. ਨਿਸ਼ਾਨ ਸਿੰਘ ਦਿਓਲ

ਵਿਭਾਗ ਵਿੱਚ ਇੱਕ ਪ੍ਰੋਫ਼ੈਸਰ ਅਤੇ ਦੋ ਅਸਿਸਟੈਂਟ ਪ੍ਰੋਫ਼ੈਸਰ ਕੰਮ ਕਰਦੇ ਹਨ। ਪ੍ਰਬੰਧਕੀ ਅਤੇ ਸਹਾਇਕ ਅਮਲੇ ਵਿੱਚ ਤੇਰ੍ਹਾਂ ਸਟਾਫ ਮੈਂਬਰ ਕੰਮ ਕਰਦੇ ਹਨ। ਵਿਭਾਗ ਵਿੱਚ ਸਾਲ ਦੌਰਾਨ ਦੋ ਪੀਐੱਚ.ਡੀ ਦੇ ਵਿਦਿਆਰਥੀ ਰਜਿਸਟਰ ਹੋਏ। ਜੇ.ਆਰ.ਐੱਫ. ਵਾਲੇ ਵਿਦਿਆਰਥੀਆਂ ਦੀ ਗਿਣਤੀ ਤਿੰਨ ਹੈ। ਵਿਭਾਗ ਵਿੱਚ 136 ਵਿਦਿਆਰਥੀ ਪੜ੍ਹਦੇ ਹਨ। ਵਿਭਾਗ ਫ਼ੈਕਲਟੀ ਦੁਆਰਾ ਸਾਲ ਵਿੱਚ ਤਿੰਨ ਪੁਸਤਕਾਂ ਪ੍ਰਕਾਸ਼ਿਤ ਕਰਵਾਈਆਂ ਗਈਆਂ ਅਤੇ ਤਿੰਨ ਪੁਸਤਕਾਂ ਸੰਪਾਦਿਤ ਕਰਵਾਈਆਂ ਗਈਆਂ। ਫ਼ੈਕਲਟੀ ਦੁਆਰਾ ਪੰਜ ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਵਿਭਾਗ ਵੱਲੋਂ ਯੂਨੀਵਰਸਿਟੀ ਦੇ ਵਿਦਿਆਰਥੀਆਂ ਕਰਮਚਾਰੀਆਂ ਅਤੇ ਹੋਰ ਸੀਨੀਅਰ ਵਿਅਕਤੀਆਂ ਵਾਸਤੇ ਸਮੇਂ-ਸਮੇਂ ਤੇ ਯੋਗਾ ਕੈਂਪ ਲਗਾਏ ਜਾਂਦੇ ਰਹੇ ਹਨ। ਵਿਭਾਗ ਮੁਖੀ ਨਿਸ਼ਾਨ ਸਿੰਘ ਦਿਉਲ ਵੱਖ-ਵੱਖ ਕਮੇਟੀਆਂ ਦੇ ਮੈਂਬਰ ਰਹੇ।

## ਵਿਦੇਸ਼ੀ ਭਾਸ਼ਾਵਾਂ ਵਿਭਾਗ

**ਮੁਖੀ:** ਡਾ. ਸਤਨਾਮ ਸਿੰਘ ਸੰਧੂ (ਡੀਨ ਭਾਸ਼ਾਵਾਂ)

ਮੌਜੂਦਾ ਫੈਕਲਟੀ ਵਿੱਚ ਡਾ. ਮਯੰਕ ਆਨੰਦ ਅਸਿਸਟੈਂਟ ਪ੍ਰੋਫ਼ੈਸਰ ਇਨ ਫਰੈਂਚ, ਪ੍ਰਬੰਧਕੀ ਅਤੇ ਸਹਾਇਤਾ ਅਮਲੇ ਵਿੱਚ ਇੱਕ ਕਲਰਕ ਨਿਯੁਕਤ ਹੈ। ਵਿਭਾਗ ਵਿੱਚ ਫਰੈਂਚ ਅਤੇ ਜਰਮਨ ਦੇ ਤਿੰਨ ਤਿੰਨ ਕੋਰਸ ਚੱਲ ਰਹੇ ਹਨ। ਜਿਸ ਵਿੱਚ ਸਰਟੀਫਿਕੇਟ ਕੋਰਸ ਇਨ ਫਰੈਂਚ, ਡਿਪਲੋਮਾ ਕੋਰਸ ਇਨ ਫਰੈਂਚ ਅਤੇ ਐਡਵਾਂਸ ਡਿਪਲੋਮਾ ਇਨ ਫਰੈਂਚ ਸ਼ਾਮਿਲ ਹਨ। ਅਧਿਆਪਨ ਦੇ ਪ੍ਰਮੁੱਖ ਖੇਤਰਾਂ ਵਿੱਚ ਫਰੈਂਚ ਤੇ ਜਰਮਨ ਭਾਸ਼ਾਵਾਂ ਪੜ੍ਹਾਈਆਂ ਜਾਂਦੀਆਂ ਹਨ। ਵਿਭਾਗ ਵਿੱਚੋਂ ਡਾ. ਮਯੰਕ ਆਨੰਦ ਨੇ ਮਿਤੀ 2-12-19 ਤੋਂ 18-12-2019 ਤੱਕ ਫਰਾਂਸ ਵਿਖੇ ਆਯੋਜਿਤ ਟੀਚਰ ਟ੍ਰੇਨਿੰਗ ਪ੍ਰੋਗਰਾਮ ਵਿੱਚ ਭਾਗ ਲਿਆ। ਸਾਲ ਦੌਰਾਨ ਵਿਦੇਸ਼ੀ ਭਾਸ਼ਾਵਾਂ ਵਿਭਾਗ ਨੇ 21 ਸਤੰਬਰ 2019 ਤੋਂ 18 ਦਸੰਬਰ 2019 ਤੱਕ ਟੂਰ ਗਾਈਡ ਅਤੇ ਟੂਰ ਓਪਰੇਟਰਾਂ ਲਈ ਪੰਜਾਬੀ ਸੈਰ ਸਪਾਟਾ ਵਿਭਾਗ ਦੇ ਸਹਿਯੋਗ ਨਾਲ ਫਰੈਂਚ ਦਾ ਸ਼ਾਰਟ ਟਰਮ ਕੋਰਸ ਆਯੋਜਿਤ ਕੀਤਾ।

## ਵਿੱਤੀ ਸਾਲ 01/04/2019 ਤੋਂ 31/3/2021 ਤੱਕ ਆਮਦਨ ਦਾ ਵੇਰਵਾ ਦੇਣ ਸੰਬੰਧੀ

ਪ੍ਰੀਖਿਆ ਫੀਸਾਂ ਦੀ ਆਮਦਨ 87,62,41,605/- ਹੈ। ਰਜਿਸਟ੍ਰੇਸ਼ਨ, ਸਰਟੀਫਿਕੇਟ, ਪੁਨਰ ਮੁਲਾਂਕਣ, ਪੁਨਰ ਚੈਕਿੰਗ ਫੀਸਾਂ ਦੀ ਆਮਦਨ 13,90,46,1591 ਹੈ। ਯੂਨੀਵਰਸਿਟੀ ਟਿਊਸ਼ਨ ਫੀਸਾਂ ਦੀ ਆਮਦਨ

29,13,92,860 ਹੈ। ਲਾਇਬਰੇਰੀ ਆਮਦਨ 14,09,558 ਹੈ। ਜਮ੍ਹਾਂ ਰਾਸ਼ੀ ਤੇ ਵਿਆਜ਼ 1,86,113 ਹੈ। ਇਸੇ ਤਰ੍ਹਾਂ ਯੂਨੀਵਰਸਿਟੀ ਵਿੱਚ ਵੱਖ-ਵੱਖ ਗ੍ਰਾਂਟਾਂ ਤੋਂ ਪ੍ਰਾਪਤ ਆਮਦਨ ਜਿਸ ਵਿੱਚ ਪੰਜਾਬ ਸਰਕਾਰ (ਨਿਰਬਾਹ ਗ੍ਰਾਂਟ) 1,41,97,22,000 ਹੈ। ਕੇਂਦਰ ਸਰਕਾਰ ਤੋਂ ਆਮਦਨ 40,24,014 ਹੈ। ਯੂਨੀਵਰਸਿਟੀ ਵਿੱਚੋਂ ਵੱਖ-ਵੱਖ ਸਕੀਮਾਂ ਅਤੇ ਵਜੀਫ਼ਿਆਂ ਲਈ ਗਰਾਂਟਾਂ 17,01,85,704 ਜਦਕਿ ਕਰਮਚਾਰੀਆਂ ਪਾਸੋਂ ਕਰਜ਼ਿਆਂ ਤੇ ਪੇਸ਼ਗੀਆਂ ਦੀ ਵਸੂਲੀ 1,51,68,173 ਹੈ।

## ਥੀਏਟਰ ਅਤੇ ਟੈਲੀਵੀਜ਼ਨ ਵਿਭਾਗ

**ਮੁਖੀ:** ਡਾ. ਜਸਪਾਲ ਕੌਰ ਦਿਉਲ

ਇਸ ਸਾਲ ਦੌਰਾਨ ਇਕ ਪੀਐੱਚ.ਡੀ. ਡਿਗਰੀ ਅਵਾਰਡ ਹੋਈ ਹੈ ਅਤੇ ਚਾਰ ਨਵੀਆਂ ਰਜਿਸਟ੍ਰੇਸ਼ਨਾਂ ਹੋਈਆਂ ਹਨ। ਭਾਰਤੀ ਰੰਗਮੰਚ ਅਤੇ ਸਿਨੇਮਾ, ਪੰਜਾਬੀ ਥੀਏਟਰ, ਟੈਲੀਵਿਜ਼ਨ ਅਤੇ ਸਿਨੇਮਾ, ਪੱਛਮੀ ਨਾਟਕ ਅਤੇ ਰੰਗਮੰਚ ਖੋਜ ਦੇ ਪ੍ਰਮੁੱਖ ਖੇਤਰ ਹਨ। ਵਿਭਾਗ ਦੁਆਰਾ ਥੀਏਟਰ, ਸਿਨੇਮਾ ਅਤੇ ਫਾਈਨ ਆਰਟਸ: ਅੰਤਰ ਸੰਬੰਧ ਵਰਕਸ਼ਾਪ, ਸਹਿਯੋਗ ਫਾਈਨ ਆਰਟਸ ਵਿਭਾਗ (11-15 ਫਰਵਰੀ 2019 ਤੇ ਸਾਇੰਸ ਅਤੇ ਤਕਨਾਲੋਜੀ ਕਮਊਨੀਕੇਬਨ ਥਰੂ ਫੌਕ ਮੀਡੀਆ/ਥੀਏਟਰ ਯੂਜ਼ਿੰਗ ਪਾਰਟੀਸਪੇਰੀ ਥੀਏਟਰ ਤਕਨੀਕੀ ਵਰਕਸ਼ਾਪ ਗੁਰਚਰਨ ਸਿੰਘ ਚੰਨੀ (23-24 ਸਤੰਬਰ, 2019) ਨੂੰ ਆਯੋਜਿਤ ਕੀਤਾ ਗਿਆ। ਡਾ. ਜਸਪਾਲ ਕੌਰ ਦਿਉਲ ਨੇ ਪੰਜਾਬੀ ਸਾਹਿਤ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ 9-11ਜਨਵਰੀ 2019 ਨੂੰ ਆਯੋਜਿਤ ਅੱਠਵੀਂ ਵਿਸ਼ਵ ਪੰਜਾਬੀ ਸਾਹਿਤ ਕਾਨਫ਼ਰੰਸ ਵਿੱਚ 'ਕੈਮਲੂਪਸ ਦੀਆਂ ਮੱਛੀਆਂ: ਪਰਵਾਸੀ ਜੀਵਨ ਦਾ ਯਥਾਰਥ' ਵਿਸ਼ੇ ਤੇ ਖੋਜ ਪੱਤਰ ਪੇਸ਼ ਕੀਤਾ। ਸ਼੍ਰੀਮਤੀ ਨਮਰਤਾ ਸ਼ਰਮਾ ਨੂੰ ਸੰਗੀਤ ਨਾਟਕ ਅਕਾਦਮੀ, ਨਵੀਂ ਦਿੱਲੀ ਦੁਆਰਾ ਉਸਤਾਦ ਬਿਸਮਿਲ੍ਹਾ ਖਾਨ ਯੁਵਾ ਪੁਰਸਕਾਰ 2018 ਅਗਸਤ 2019 ਵਿੱਚ ਪ੍ਰਦਾਨ ਕੀਤਾ ਗਿਆ। ਡਾ. ਜਸਪਾਲ ਕੌਰ ਦਿਉਲ, ਮੈਂਬਰ, ਰੈਪਰਟਰੀ ਗਰਾਂਟ ਐਕਸਪਰਟ ਕਮੇਟੀ, ਸਹਿਕਾਰਤਾ ਮੰਤਰਾਲਾ, ਭਾਰਤ ਸਰਕਾਰ, ਮਾਹਿਰ ਕਮੇਟੀ, ਸਕੀਮ ਆਫ਼ ਫਾਈਨੈਂਸ਼ੀਅਲ ਅਸਿਸਟੈਂਸ ਫ਼ਾਰ ਪ੍ਰੋਮੋਸ਼ਨ ਆਫ਼ ਆਰਟਸ ਐਂਡ ਕਲਚਰ, ਸਭਿਆਚਾਰ ਮੰਤਰਾਲਾ, ਭਾਰਤ ਸਰਕਾਰ ਆਦਿ ਮਹੱਤਵਪੂਰਨ ਕਮੇਟੀਆਂ ਦੇ ਮੈਂਬਰ ਰਹੇ ਹਨ।

## ਪੰਜਾਬੀ ਵਿਭਾਗ

**ਮੁਖੀ:** ਡਾ. ਸੁਰਜੀਤ ਸਿੰਘ

ਇਸ ਸਾਲ ਦੌਰਾਨ 14 ਪੀਐੱਚ.ਡੀ ਦੀਆਂ ਡਿਗਰੀਆਂ ਅਵਾਰਡ ਹੋਈਆਂ ਅਤੇ 11 ਨਵੀਆਂ ਰਜਿਸਟਰੇਸ਼ਨਾਂ ਹੋਈਆਂ ਹਨ। ਤਗਮਾ ਅਤੇ ਥੀਏਟਰ, ਤੁਲਨਾਤਮਕ ਸਾਹਿਤ, ਡਾਇਸਪੋਰਕ ਅਤੇ ਮੀਡੀਆ ਸਟੱਡੀਜ਼, ਮੱਧਕਾਲੀ ਸਾਹਿਤ, ਆਧੁਨਿਕ ਧਰਮ, ਪੰਜਾਬੀ ਗ਼ਜ਼ਲ, ਨਾਰੀ ਅਧਿਐਨ, ਕਵਿਤਾ ਅਤੇ ਵਾਰਤਕ, ਆਧੁਨਿਕ ਗਲਪ, ਕਵਿਤਾ ਅਤੇ ਸਾਹਿਤ ਆਲੋਚਨਾ ਖੋਜ ਦੇ ਪ੍ਰਮੁੱਖ ਖੇਤਰ ਹਨ। ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੀ ਵੰਨ ਸੁਵੰਨਤਾ: ਸਮਕਾਲੀ ਪਰਿਪੇਖ, ਪਰਵਾਸ ਦੀ ਪੇਸ਼ਕਾਰੀ ਅਤੇ ਘਾੜਤ, ਤ੍ਰੈ-ਭਾਸ਼ੀ ਕਵੀ ਦਰਬਾਰ, ਅੰਮ੍ਰਿਤਾ ਪ੍ਰੀਤਮ ਜਨਮ ਸ਼ਤਾਬਦੀ ਸਮਾਰੋਹ, ਸਮਕਾਲੀ ਪੰਜਾਬੀ ਗ਼ਜ਼ਲ ਦਰਬਾਰ, ਪੁਸਤਕ ਮੇਲਾ ਅਤੇ ਸਾਹਿਤ ਉਤਸਵ ਆਦਿ ਪ੍ਰੋਗਰਾਮ ਆਯੋਜਿਤ ਕਰਵਾਏ ਗਏ। ਮਿਤੀ 9-11 ਜਨਵਰੀ, 2019 ਨੂੰ ਪੰਜਾਬੀ ਸਾਹਿਤ ਅਧਿਐਨ ਵਿਭਾਗ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੂਰਬ ਨੂੰ ਸਮਰਪਿਤ ਪਰਵਾਸੀ ਪੰਜਾਬੀ ਸਾਹਿਤ: ਪ੍ਰਾਪਤੀਆਂ ਅਤੇ ਸੰਭਾਵਨਾਵਾਂ ਵਿਸ਼ੇ 'ਤੇ ਕਰਵਾਈ ਗਈ ਅੱਠਵੀਂ ਵਿਸ਼ਵ ਪੰਜਾਬੀ ਸਾਹਿਤ ਕਾਨਫ਼ਰੰਸ ਵਿੱਚ ਸ਼ਮੂਲੀਅਤ ਕੀਤੀ। ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਯੂ.ਜੀ.ਸੀ. ਸੈਂਟਰ ਫ਼ਾਰ ਐਡਵਾਂਸਡ ਸਟੱਡੀਜ਼-2 ਪ੍ਰੋਗਰਾਮ ਅਧੀਨ 25-27 ਮਾਰਚ, 2019 ਨੂੰ ਪਰਵਾਸ ਦੀ ਪੇਸ਼ਕਾਰੀ ਅਤੇ ਘਾੜਤ: ਗ਼ੈਰ-ਪਰਵਾਸੀ ਸਿਰਜਕਾਂ ਦੇ ਨੁਕਤਾ ਨਿਗਾਹ ਤੋਂ ਵਿਸ਼ੇ ਉੱਪਰ ਕਰਵਾਏ ਗਏ ਅੰਤਰ ਰਾਸ਼ਟਰੀ ਸੈਮੀਨਾਰ ਵਿੱਚ ਭਾਗ ਲਿਆ। ਵਿਭਾਗ ਦੁਆਰਾ ਜਸਵੰਤ ਸਿੰਘ ਕੰਵਲ ਦਾ ਪੰਜਾਬੀ ਸਭਿਆਚਾਰਕ ਦ੍ਰਿਸ਼ਟੀਕੋਣ 'ਪਾਲੀ' ਕਾਨ ਨੇ ਸੰਦਰਭ ਵਿੱਚ ਤੇ ਆਰਿਆ

ਵਿਚਲੀ-ਭਾਵ-ਸੰਸਾਰ, ਸੁਰਜੀਤ ਪਾਤਰ ਦੀ ਕਵਿਤਾ ਵਿੱਚ ਗਹਿਣਿਆਂ ਦੀ ਪ੍ਰਤੀਕਾਤਮਕਤਾ ਆਦਿ ਖੋਜ ਪੱਤਰ ਪ੍ਰਕਾਸ਼ਿਤ ਕੀਤੇ ਗਏ।

## ਭਾਸ਼ਾ ਵਿਗਿਆਨ ਅਤੇ ਪੰਜਾਬੀ ਕੋਸ਼ਕਾਰੀ ਵਿਭਾਗ

**ਮੁਖੀ:** ਡਾ. ਸੁਮਨਪ੍ਰੀਤ

ਅਧਿਆਪਕਾਂ ਦੀ ਕੁੱਲ ਗਿਣਤੀ 04 ਅਤੇ ਵਿਦਿਆਰਥੀਆਂ ਦੀ ਕੁਲ ਗਿਣਤੀ 41 ਹੈ। ਵਿਭਾਗ ਦੁਆਰਾ ਸਾਲ ਵਿੱਚ ਇੱਕ ਪੁਸਤਕ ਪ੍ਰਕਾਸ਼ਿਤ ਕਰਵਾਈ ਗਈ ਅਤੇ ਦੋ ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਫੈਕਲਟੀ ਦੁਆਰਾ ਇੱਕ ਸੈਮੀਨਾਰ/ਕਾਨਫ਼ਰੰਸ ਅਟੈਂਡ ਕੀਤੀ ਗਈ। ਵਿਭਾਗ ਦੁਆਰਾ ਸਾਲ ਵਿੱਚ ਆਯੋਜਿਤ ਕੀਤੇ ਗਏ ਸੈਮੀਨਾਰਾਂ ਵਿੱਚ ਦੋ ਵਿਸ਼ੇਸ਼ ਭਾਸ਼ਾਵਾਂ ਵਿੱਚ ਡਾ. ਡੀ.ਟੀ. ਮਿਸ਼ਰਾ ਅਤੇ ਡਾ. ਪ੍ਰਿਆਂਸ਼ੂ ਨੇ ਭਾਗ ਲਿਆ। ਵਿਭਾਗ ਦੁਆਰਾ ਇੱਕ ਮਹੱਤਵਪੂਰਨ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਤੋਂ ਇਲਾਵਾ ਵਿਦਿਆਰਥੀਆਂ ਅਤੇ ਸਟਾਫ ਨੇ ਯੂਨੀਵਰਸਿਟੀ ਸ਼ਡਿਊਲ ਅਨੁਸਾਰ ਸਾਰੀਆਂ ਅਕਾਦਮਿਕ ਅਤੇ ਸਮਾਜ ਭਲਾਈ ਗਤੀਵਿਧੀਆਂ ਵਿੱਚ ਹਿੱਸਾ ਲਿਆ। ਵਿਦਿਆਰਥੀਆਂ ਦੁਆਰਾ ਖੇਡਾਂ ਵਿੱਚ ਰਾਜ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਇੱਕ ਵਿਸ਼ੇਸ਼ ਪ੍ਰਾਪਤੀ ਕੀਤੀ। ਯੂਨੀਵਰਸਿਟੀ ਅਤੇ ਜ਼ੋਨਲ ਪੱਧਰ ਤੇ ਵਿਦਿਆਰਥੀਆਂ ਨੇ ਸੱਭਿਆਚਾਰ ਸਰਗਰਮੀਆਂ ਵਿੱਚ ਇੱਕ ਵਿਸ਼ੇਸ਼ ਪ੍ਰਾਪਤੀ ਕੀਤੀ। ਸਾਲ ਵਿੱਚ 16 ਪੀਐੱਚ.ਡੀ ਦੀਆਂ ਡਿਗਰੀਆਂ ਅਵਾਰਡ ਹੋਈਆਂ ਅਤੇ 50 ਡਿਗਰੀਆਂ ਪੀਐੱਚ.ਡੀ ਦੀਆਂ ਰਜਿਸਟਰੇਸ਼ਨ ਹੋਈਆਂ।

## ਕੰਪਿਊਟਰ ਸਾਇੰਸ ਵਿਭਾਗ

**ਮੁਖੀ:** ਡਾ. ਧਰਮਵੀਰ ਸ਼ਰਮਾ

ਵਿਭਾਗ ਵਿੱਚ ਅੱਠ ਪ੍ਰੋਫ਼ੈਸਰ, ਇੱਕ ਐਸੋਸੀਏਟ ਪ੍ਰੋਫ਼ੈਸਰ ਅਤੇ ਚਾਰ ਅਸਿਸਟੈਂਟ ਪ੍ਰੋਫ਼ੈਸਰ ਕੰਮ ਕਰਦੇ ਹਨ। ਪ੍ਰਬੰਧਕੀ ਅਤੇ ਸਪੋਰਟਿੰਗ ਸਟਾਫ਼ ਵਿੱਚ ਇੱਕ ਟੈਕਨੀਕਲ ਅਫ਼ਸਰ, ਇੱਕ ਸੀਨੀਅਰ ਅਸਿਸਟੈਂਟ, ਇੱਕ ਲੈਬੋਰੇਟਰੀ ਸੁਪਰਡੈਂਟ, ਸੀਨੀਅਰ ਅਸਿਸਟੈਂਟ ਇੱਕ, ਜੂਨੀਅਰ ਟੈਕਨੀਕਲ ਅਸਿਸਟੈਂਟ ਪੰਜ, ਟੈਕਨੀਕਲ ਅਸਿਸਟੈਂਟ ਪੰਜ, ਸਟੈਨੋਟਾਈਪਿਸਟ ਇੱਕ, ਲੈਬ ਅਟੈਂਡੈਂਟ ਤਿੰਨ ਅਤੇ ਸੇਵਾਦਾਰ ਤਿੰਨ ਹਨ। ਸਾਲ ਵਿੱਚ ਚਾਰ ਪੀਐੱਚ.ਡੀ ਦੀਆਂ ਡਿਗਰੀਆਂ ਅਵਾਰਡ ਹੋਈਆਂ। ਵਿਭਾਗ ਵਿੱਚ ਐੱਸ.ਆਰ.ਐੱਫ ਵਾਲੇ ਵਿਦਿਆਰਥੀ ਤਿੰਨ ਅਤੇ ਜੇ.ਆਰ.ਐੱਫ ਵਾਲੇ ਵਿਦਿਆਰਥੀ ਅੱਠ ਹਨ। ਵਿਭਾਗ ਵਿੱਚ 415 ਵਿਦਿਆਰਥੀ ਪੜ੍ਹਦੇ ਹਨ। ਫੈਕਲਟੀ ਦੁਆਰਾ 20 ਪੇਪਰ ਪ੍ਰਕਾਸ਼ਿਤ ਕਰਵਾਏ ਗਏ। ਫੈਕਲਟੀ ਦੁਆਰਾ ਸਾਲ ਵਿੱਚ ਇੱਕ ਕਾਨਫ਼ਰੰਸ/ਸੈਮੀਨਾਰ ਅਟੈਂਡ ਕੀਤਾ ਗਿਆ। ਸਾਲ ਵਿੱਚ ਇੱਕ ਰਿਸਰਚ ਪ੍ਰੋਜੈਕਟ ਸੰਪੂਰਨ ਕੀਤਾ। ਸਾਲ ਵਿੱਚ ਵਿਭਾਗ ਦੁਆਰਾ ਚਾਰ ਅਵਾਰਡ ਪ੍ਰਾਪਤ ਕੀਤੇ ਗਏ। ਇਸ ਤੋਂ ਇਲਾਵਾ ਡਾ. ਗੁਰਪ੍ਰੀਤ ਸਿੰਘ ਲਹਿਲ (ਮੈਂਬਰ) ਪੈਲਲ ਆਨ ਕਰੈਕਟਰ ਸੈੱਟ ਫਾਰ ਇੰਡੀਅਨ ਲੈਂਗੁਏਜਿਜ਼ ਫਾਰ ਮੋਬਾਇਲ ਫੋਨਜ਼, ਬਿਊਰੋ ਆਫ਼ ਇੰਡੀਅਨ ਸਟੈਂਡਰਡਜ਼, ਇੰਡੀਅਨ ਅਤੇ ਇੰਟਰਨੈੱਟ ਕਾਰਪੋਰੇਸ਼ਨ ਫਾਰ ਆਈਡਲ ਨੇਮਜ਼ ਐਂਡ ਨੰਬਰਜ਼ ਬ੍ਰਹਮੀ ਜੈਨਰੇਸ਼ਨ ਪੈਨਲ ਫਾਰ ਗੁਰਮੁਖੀ ਸਕਰਿਪਟ ਦੇ ਮੈਂਬਰ ਰਹੇ। ਡਾ. ਜਯੋਤਸਨਾ IEEE INTERNET OF THINGS JOUNAL ਅਤੇ ਜਨਰਲ ਆਫ਼ ਇੰਸਟੀਚਿਊਸ਼ਨ ਆਫ਼ ਇੰਜੀਨੀਅਰਿੰਗ (ਇੰਡੀਆ) ਸੀਰਿਜ਼ ਸੀ ਆਦਿ ਦੇ ਮੈਂਬਰ ਰਹੇ। ਇਸ ਤੋਂ ਇਲਾਵਾ ਦੋ ਇਨਵਾਈਟਿਡ ਲੈਕਚਰ ਆਯੋਜਿਤ ਕਰਵਾਏ ਗਏ।

## ਵਿਮੈਨਜ਼ ਸਟੱਡੀਜ਼ ਸੈਂਟਰ

**ਮੁਖੀ:** ਡਾ. ਰਿਤੂ ਲਹਿਲ

ਇਸ ਵਿਭਾਗ ਦੁਆਰਾ 11ਵੀਂ ਇੰਟਰਨੈਸ਼ਨਲ ਕਾਨਫਰੰਸ ਓਨ 'ਹੋਲਿਸਟਿਕ ਹੈਲਥ ਆਫ਼ ਵਿਮੈਨ: ਇਸ਼ੂ ਐਂਡ ਚੈਲੰਜ' ਹੈਲਡ ਓਨ 20th ਅਤੇ 21th ਨਵੰਬਰ 2019 ਨੂੰ ਆਯੋਜਿਤ ਕੀਤੀ ਗਈ। 7 ਮਾਰਚ 2019 ਨੂੰ

ਵਿਮੈਨ ਦਿਵਸ ਮਨਾਇਆ ਗਿਆ। ਵਿਭਾਗ ਦੁਆਰਾ ਸਾਲ ਵਿੱਚ ਦੋ ਪ੍ਰੋਜੈਕਟ 'ਸੈਂਟਰ ਆਫ ਵਿਮੈਨ-ਡਿਵੈਲਪਮੈਂਟ ਸਟੱਡੀਜ਼' ਨਿਊ ਦਿੱਲੀ ਦੇ ਵਿੱਤੀ ਸਹਿਯੋਗ ਨਾਲ 'ਫੁਲਕਾਰੀ ਰਿਵੇਵਿੰਗ ਅਤੇ ਸਸਟੇਨਿੰਗ ਟਰਾਡੀਸ਼ਨਲ ਹੈਂਡੀਕਰਾਫਟ ਮਸਟ ਪੰਜਾਬ' ਵਿਸ਼ੇ ਤੇ ਪ੍ਰੋਜੈਕਟ ਕੀਤਾ ਗਿਆ। ਇਸ ਸਾਲ ਦੌਰਾਨ ਸੈਂਟਰ ਵੱਲੋਂ ਉੱਨਤ ਭਾਰਤ ਅਭਿਆਨ ਤਹਿਤ ਸਮਾਜਿਕ ਸੇਵਾ ਦੀ ਪਹਿਲ ਕਦਮੀ ਕਰਦੇ ਹੋਏ ਸੈਂਟਰ ਦੇ ਵਿਦਿਆਰਥੀਆਂ ਦੀ ਮੱਦਦ ਨਾਲ ਪਿੰਡ ਮੂਦਪੁਰ (ਯੂਨੀਵਰਸਿਟੀ ਦੇ ਪਿੱਛੇ ਸਥਿਤ) ਵਿੱਚ ਹਾਊਸ ਹੋਲਡ ਸਰਵੇ ਕੀਤਾ ਗਿਆ। ਵਿਭਾਗ ਦੁਆਰਾ ਇੱਕ ਸੱਦਾਗਤ ਭਾਸ਼ਣ ਕਰਵਾਇਆ ਗਿਆ। ਸੈਂਟਰ ਦੇ ਡਾਇਰਕੈਟਰ ਵਿਮੈਨ ਹਰਾਸਮੈਂਟ ਸੈੱਲ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਮੈਂਬਰ ਹਨ ਅਤੇ ਸੈਂਟਰ ਦੁਅਰਾ ਛਪਵਾਈਆਂ ਜਾਂਦੀਆਂ ਪ੍ਰੋਸਿਡਿੰਗਾਂ ਦੇ ਸੰਪਾਦਕੀ ਬੋਰਡ ਦੇ ਮੈਂਬਰ ਹਨ। ਸਹਾਇਕ ਪ੍ਰੋਫ਼ੈਸਰ ਸੈਂਟਰ ਦੁਆਰਾ ਛਪਵਾਈਆਂ ਜਾਂਦੀਆਂ ਪ੍ਰੋਸਿਡਿੰਗਾਂ ਦੇ ਸੰਪਾਦਕੀ ਬੋਰਡ ਦੇ ਮੈਂਬਰ ਹਨ।

## ਲਾਇਬਰੇਰੀ ਅਤੇ ਸੂਚਨਾ ਵਿਭਾਗ

**ਮੁਖੀ:** ਐਚ. ਪੀ. ਐਸ ਕਾਲਰਾ

ਵਿਭਾਗ ਦੇ ਅਧਿਆਪਕਾਂ ਦੀ ਗਿਣਤੀ 6 ਹੈ। ਇਸ ਸਾਲ ਵਿੱਚ ਦੋ ਪੀਐੱਚ.ਡੀ ਡਿਗਰੀਆਂ ਅਵਾਰਡ ਹੋਈਆਂ ਅਤੇ ਚਾਰ ਨਵੀਆਂ ਰਜਿਸਟ੍ਰੇਸ਼ਨਾ ਹੋਈਆਂ ਹਨ। ਉਪਭੋਗਤਾ ਅਧਿਐਨ, ਜਾਣਕਾਰੀ ਦੀ ਵਿਵਹਾਰ, ਪੜ੍ਹਨ ਦੀਆਂ ਆਦਤਾਂ ਅਤੇ ਰੁਚੀਆਂ, ਲਾਇਬਰੇਰੀ ਦੇ ਸਰੋਤ ਅਤੇ ਸੇਵਾਵਾਂ ਸਿਹਤ ਜਾਣਕਾਰੀ ਸਰੋਤ ਖੋਜ ਦੇ ਪ੍ਰਮੁੱਖ ਖੇਤਰ ਹਨ। ਵਿਭਾਗ ਦੁਆਰਾ ਇਕ ਸੈਮੀਨਾਰ ਅਤੇ ਇਕ ਵਰਕਸ਼ਾਪ ਆਯੋਜਿਤ ਕੀਤੀ ਗਈ। ਵਿਭਾਗ ਦੇ ਅਧਿਆਪਕਾਂ ਦੁਆਰਾ ਤਿੰਨ ਕਾਨਫ਼ਰੰਸਾਂ, ਦੋ ਵਰਕਸ਼ਾਪਾਂ ਅਤੇ ਚਾਰ ਸੈਮੀਨਾਰਾਂ ਵਿੱਚ ਸ਼ਮੂਲੀਅਤ ਕੀਤੀ ਗਈ। ਵਿਭਾਗ ਦੁਆਰਾ ਦੋ ਵਿਸ਼ੇਸ਼ ਭਾਸ਼ਣ ਆਯੋਜਿਤ ਕੀਤੇ ਗਏ। ਵਿਭਾਗ ਦੇ ਪ੍ਰੋਫ਼ੈਸਰ ਡਾ. ਪੀ.ਐੱਸ.ਜੀ. ਕੁਮਾਰ ਜੀਵਨ ਕਾਲ ਪ੍ਰਾਪਤੀ ਅਵਾਰਡ 2018 ਭਾਰਤੀ ਲਾਇਬਰੇਰੀ ਸੰਸਥਾ ਵੱਲੋਂ ਦਿੱਤਾ ਗਿਆ।

## ਬਾਟਨੀ ਵਿਭਾਗ

**ਮੁਖੀ:** ਪ੍ਰੋ. ਮਨਰੂਚੀ ਕੌਰ

ਇਸ ਸਾਲ ਦੌਰਾਨ 14 ਪੀਐੱਚ.ਡੀ. ਡਿਗਰੀਆਂ ਅਵਾਰਡ ਹੋਈਆਂ ਤੇ 13 ਨਵੀਆਂ ਰਜਿਸਟ੍ਰੇਸ਼ਨਾਂ ਹੋਈਆਂ ਹਨ। ਸਾਈਕੋਜੇਨਟਿਕਸ, ਅਲਗਲ ਫਿਜ਼ਆਲੋਜੀ, ਮਾਈਕਾਲੋਜੀ ਅਤੇ ਪਲਾਂਟ ਪੋਮਾਲੋਜੀ, ਪਲਾਂਟ ਫਿਜ਼ਿਆਲੋਜੀ ਖੋਜ ਦੇ ਪ੍ਰਮੁੱਖ ਖੇਤਰ ਹਨ। ਵਿਭਾਗ ਦੁਆਰਾ ਮਿਤੀ 18-19 ਫਰਵਰੀ, 2019 ਨੂੰ ਨੈਸ਼ਨਲ ਕਾਨਫ਼ਰੰਸ ਆਫ਼ ਪਲਾਂਟ ਐਂਡ ਮਾਈਕ੍ਰੋਬਲ ਰਿਸਰਚ: ਪਰੈਜੈਂਟ ਸਿਨੈਰੀਓ ਆਯੋਜਿਤ ਕੀਤਾ ਗਿਆ। ਪ੍ਰੋ. ਐੱਨ.ਐੱਸ. ਅੱਤਰੀ ਐਡੀਟਰ ਇਨ ਚੀਫ਼ ਕਵਾਕਾ, ਡਾ. ਅਵਨੀਤਪਾਲ ਸਿੰਘ ਮੈਨੇਜਿੰਗ ਐਡੀਟਰ, ਕਵਾਕਾ, ਡਾ. ਮਨੀਸ਼ ਕਪੂਰ, ਮੈਂਬਰ IUCN, SSC, CEE ਆਦਿ ਮਹੱਤਵਪੂਰਨ ਕਮੇਟੀਆਂ ਦੇ ਮੈਂਬਰ ਹਨ। ਵਿਭਾਗ ਦੇ ਵਿਦਿਆਰਥੀਆਂ ਦੁਆਰਾ ਜੀਵ ਵਿਭਿੰਨਤਾ ਅਤੇ ਵਾਤਾਵਰਣ ਦੀ ਰੱਖਿਆ ਲਈ ਬੋਟਨੀਕਲ ਗਾਰਡਨ ਦੇ ਵਿਦਿਆਰਥੀਆਂ ਅਤੇ ਦਰਸ਼ਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਦੀ ਪਹਿਲਕਦਮੀ ਕੀਤੀ।

## ਸੁਰੱਖਿਆ ਅਤੇ ਯੁੱਧਨੀਤੀ ਅਧਿਐਨ ਵਿਭਾਗ

**ਮੁਖੀ:** ਡਾ. ਉਮਰਾਓ ਸਿੰਘ

ਮੌਜੂਦਾ ਫ਼ੈਕਲਟੀ ਵਿੱਚ ਇੱਕ ਪ੍ਰੋਫ਼ੈਸਰ, ਦੋ ਐਸੋਸੀਏਟ ਪ੍ਰੋਫ਼ੈਸਰ, ਇੱਕ ਅਸਿਸਟੈਂਟ ਪ੍ਰੋਫ਼ੈਸਰ ਅਤੇ ਇਸ ਤੋਂ ਇਲਾਵਾ ਪ੍ਰਬੰਧਕੀ ਅਤੇ ਸਹਾਇਕ ਅਮਲੇ ਦੀ ਗਿਣਤੀ ਦੋ ਹੈ। ਸਾਲ ਵਿੱਚ ਅਵਾਰਡ ਹੋਈਆਂ ਪੀਐੱਚ.ਡੀ. ਡਿਗਰੀਆਂ ਦੀ ਗਿਣਤੀ ਛੇ ਹੈ। ਐੱਸ.ਆਰ.ਐੱਫ. ਅਤੇ ਜੇ.ਆਰ.ਐੱਫ. ਵਿਦਿਆਰਥੀਆਂ ਦੀ ਗਿਣਤੀ 4 ਹੈ। ਐੱਮ.ਫਿਲ. ਦੇ ਵਿਦਿਆਰਥੀਆਂ ਦੀ ਗਿਣਤੀ 10 ਹੈ। ਖੋਜ ਦੇ ਪ੍ਰਮੁੱਖ ਖੇਤਰ ਰਾਸ਼ਟਰੀ ਅਤੇ ਖੇਤਰੀ ਸੁਰੱਖਿਆ ਹੈ। ਅਧਿਆਪਨ ਦੇ ਪ੍ਰਮੁੱਖ ਖੇਤਰ ਸੁਰੱਖਿਆ ਅਤੇ ਯੁੱਧਨੀਤੀ ਅਧਿਐਨ ਹੈ। ਫੈਕਲਟੀ ਦੁਆਰਾ ਪ੍ਰਕਾਸ਼ਿਤ ਖੋਜ ਪੱਤਰਾਂ

ਦੀ ਗਿਣਤੀ 02 ਹੈ। ਡਾ. ਆਰ.ਐੱਨ. ਮਿਸ਼ਰਾ ਵੱਲੋਂ ਹਿੰਦ ਮਹਾਂਸਾਗਰ ਅਤੇ ਸਮੁੰਦਰੀ ਸੁਰੱਖਿਆ ਵਿਸ਼ੇ ਉੱਤੇ ਕਾਨਫ਼ਰੰਸ ਆਯੋਜਿਤ ਕਰਵਾਈ ਗਈ। 4 ਪ੍ਰਸਾਰ ਭਾਸ਼ਨ ਕੀਤੇ ਗਏ। ਕਾਨਫ਼ਰੰਸਾਂ ਵਿੱਚ ਫੈਕਲਟੀ ਦੀ ਸ਼ਮੂਲੀਅਤ ਵਿੱਚ ਡਾ. ਉਮਰਾਓ ਸਿੰਘ, ਡਾ. ਇੰਦਰਜੀਤ ਸਿੰਘ ਅਤੇ ਡਾ. ਕੇਵਲ ਕ੍ਰਿਸ਼ਨ ਵੱਲੋਂ ਸ਼ਮੂਲੀਅਤ ਕੀਤੀ ਗਈ। ਸੱਦਾਗਤ ਭਾਸ਼ਣ ਵਿੱਚ ਡਾ. ਉਮਰਾਓ ਸਿੰਘ ਨੇ ਭਾਰਤੀ ਫ਼ੌਜ ਦੇ ਅਫਸਰਾਂ ਨੂੰ ਪ੍ਰੀ-ਸਟਾਫ ਕੋਰਸ ਵਿੱਚ ਭਾਸ਼ਣ ਦਿੱਤਾ। ਸਾਲ ਦੌਰਾਨ ਮਹੱਤਵਪੂਰਨ ਉੱਦਮਾਂ ਅਤੇ ਹੋਰ ਮਹੱਤਵਪੂਰਨ ਕ੍ਰਿਆਵਾਂ ਵਿੱਚ ਡਾ. ਕੇਵਲ ਕ੍ਰਿਸ਼ਨ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ 7 ਰੋਜ਼ਾ ਐੱਨ.ਐੱਸ.ਐੱਸ. ਕੈਂਪ ਆਯੋਜਿਤ ਕੀਤਾ ਅਤੇ ਪੰਜਾਬੀ ਯੂਨੀਵਰਸਿਟੀ ਵਿੱਚ ਖ਼ੂਨ ਦਾਨ ਕੈਂਪ ਆਯੋਜਿਤ ਕੀਤਾ ਗਿਆ।

## ਸੈਂਟਰ ਫਾਰ ਡਾਇਸਪੋਰਾ, ਸਟੱਡੀਜ਼

**ਡਾਇਰੈਕਟਰ:** ਡਾ. ਅੰਮ੍ਰਿਤਪਾਲ ਕੌਰ

ਇਸ ਤੋਂ ਇਲਾਵਾ ਕੋਆਰਡੀਨੇਟਰ ਡਾ. ਪਰਮਜੀਤ ਕੌਰ ਅਤੇ ਪ੍ਰਬੰਧਕੀ ਅਤੇ ਸਹਾਇਕ ਅਮਲੇ ਵਿੱਚ ਇਕ ਕਲਰਕ, ਇਕ ਸੇਵਾਦਾਰ ਹੈ। ਵਿਭਾਗ ਵਿੱਚ ਖੋਜ ਦਾ ਪ੍ਰਮੁੱਖ ਖੇਤਰ ਡਾਇਸਪੋਰਾ ਸਟੱਡੀਜ਼ ਹੈ। ਫੈਕਲਟੀ ਦੁਆਰਾ ਸਾਲ ਵਿੱਚ ਤਿੰਨ ਖੋਜ ਪੱਤਰ (ਡਾ. ਅੰਮ੍ਰਿਤਪਾਲ ਕੌਰ) ਅਤੇ ਡਾ. ਪਰਮੀਤ ਕੌਰ ਨੇ ਪੰਜ ਖੋਜ ਪੱਤਰ ਪ੍ਰਕਾਸ਼ਿਤ ਕਰਵਾਏ। ਵਿਸ਼ੇਸ਼ ਸੈਮੀਨਾਰ/ਕਾਨਫ਼ਰਸਾਂ ਵਿੱਚ ਡਾ. ਪਰਮੀਤ ਕੌਰ ਨੇ ਪਰਵਾਸੀ ਨਾਵਲ ਵਿੱਚ ਰਿਸ਼ਤਿਆਂ ਦੇ ਬਦਲਦੇ ਪਰਿਪੇਖ ਅੰਤਰਰਾਸ਼ਟਰੀ ਕਾਨਫ਼ਰੰਸ, ਪੰਜਾਬੀ ਸਾਹਿਤ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਸ਼ਮੂਲੀਅਤ ਕੀਤੀ ਅਤੇ ਸਮਕਾਲੀ ਪਰਿਵੇਸ਼ ਵਿੱਚ ਔਰਤ ਦੀ ਮਾਨਸਿਕ ਦਸ਼ਾ: ਮਸਲੇ ਤੇ ਚੁਣੌਤੀਆਂ, ਅੰਤਰਰਾਸ਼ਟਰੀ ਕਾਨਫਰੰਸ, ਵੂਮੈਨ ਸਟੱਡੀ ਸੈਂਟਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਵੀ ਸ਼ਮੂਲੀਅਤ ਕੀਤੀ। ਇਸ ਤੋਂ ਇਲਾਵਾ ਡਾ. ਅੰਮ੍ਰਿਤਪਾਲ ਕੌਰ ਨੇ ਕਾਲਜ ਦੀ ਸਲਾਹਕਾਰ ਕਮੇਟੀ ਵਿੱਚ ਨੁਮਾਇੰਦੇ ਵਜੋਂ ਅਤੇ ਡਾ. ਪਰਮੀਤ ਕੌਰ ਮੈਂਬਰ ਬੋਰਡ ਆਫ਼ ਸਟੱਡੀਜ਼, ਸਕੱਤਰ ਏ.ਸੀ.ਡੀ. ਦੇ ਤੌਰ ਤੇ ਕਾਰਜਸ਼ੀਲ ਹਨ।

## ਬਾਬਾ ਫ਼ਰੀਦ ਸੈਂਟਰ ਫਾਰ ਸੂਫ਼ੀ ਸਟੱਡੀਜ਼

**ਮੁਖੀ:** ਡਾ. ਮੁਹੰਮਦ ਹਬੀਬ

ਮੌਜੂਦਾ ਫੈਕਲਟੀ ਵਿੱਚ 01 ਪ੍ਰੋਫ਼ੈਸਰ ਹੈ ਤੇ ਇਸ ਤੋਂ ਇਲਾਵਾ 01 ਤਕਨੀਕੀ ਸਹਾਇਕ, 01 ਸੀਨੀਅਰ ਸਹਾਇਕ ਅਤੇ 01 ਤਕਨੀਕੀ ਸਹਾਇਕ, 01 ਸੀਨੀਅਰ ਅਸਿਸਟੈਂਟ ਅਤੇ 01 ਸੇਵਾਦਾਰ ਨਿਯੁਕਤ ਹਨ। ਫੈਕਲਟੀ ਵਿੱਚ ਖੋਜ ਦੇ ਪ੍ਰਮੁੱਖ ਖੇਤਰ ਸੂਫ਼ੀ ਸੰਤ, ਕਲਾਮ/ਰਚਨਾਵਾਂ, ਸਿਧਾਂਤ, ਸਿੱਖਿਆਵਾਂ, ਉਪਦੇਸ਼ ਗੁਰਮਤਿ ਨਾਲ ਸਾਂਝ ਦੇ ਹਨ। ਫੈਕਲਟੀ ਦੁਆਰਾ ਇੱਕ ਪੁਸਤਕ ('ਮਰਸੀਆ' ਜੋਗੀ ਅੱਲ੍ਹਾ ਯਾਰ ਖਾਂ) ਸੰਪਾਦਿਤ ਕਰਵਾਈ ਗਈ ਹੈ। ਫੈਕਲਟੀ ਦੁਆਰਾ ਤਿੰਨ ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ ਹਨ। ਫੈਕਲਟੀ ਦੁਆਰਾ ਇਕ ਕਾਨਫ਼ਰੰਸ ਆਯੋਜਿਤ ਕਰਵਾਈ ਗਈ ਹੈ ਜਿਸਦਾ ਨਾਮ ਸੱਤਵੀਂ ਇੰਟਰਨੈਸ਼ਨਲ ਸੂਫ਼ੀ ਕਾਨਫ਼ਰੰਸ ਹੈ ਤੇ ਜਿਸਦਾ ਸਿਰਲੇਖ: 'ਗੁਰੂ ਨਾਨਕ ਇਕ ਡਾਇਲਾਗ ਵਿਦ ਕਨਟੈਂਪਰਰੀ ਮੁਸਲਿਮਜ਼' ਹੈ। ਫੈਕਲਟੀ ਦੁਆਰਾ ਅੱਠ ਸੈਮੀਨਾਰਾਂ/ਕਾਨਫਰੰਸਾਂ ਵਿੱਚ ਹਿੱਸਾ ਲਿਆ ਗਿਆ ਹੈ। ਫੈਕਲਟੀ ਦੁਆਰਾ ਸੱਦਾਗਤ ਭਾਸ਼ਣ ਵਿੱਚ ਤਿੰਨ ਭਾਸ਼ਣ ਦਿੱਤੇ ਗਏ ਹਨ। ਸਾਲ ਦੌਰਾਨ ਮਹੱਤਵਪੂਰਨ ਕ੍ਰਿਆਵਾਂ ਵਿੱਚ ਇੰਟਰਨੈਸ਼ਨਲ ਪ੍ਰੋਗਰਾਮ 'ਮਿਊਜ਼ਿਕ ਅਤੇ ਮੈਡੀਟੇਸ਼ਨ' ਮਿਤੀ: 11 ਮਾਰਚ, 2019 ਨੂੰ ਯੋਗ (ਸਹਿਜ ਯੋਗਾ) ਦੇ ਪੂਰਨ ਸਹਿਯੋਗ ਨਾਲ ਕਰਵਾਇਆ।

## ਭਾਈ ਵੀਰ ਸਿੰਘ ਚੇਅਰ

**ਮੁਖੀ:** ਡਾ. ਅੰਮ੍ਰਿਤਪਾਲ ਕੌਰ

ਪ੍ਰਬੰਧਕੀ ਅਤੇ ਸਹਾਇਕ ਅਮਲੇ ਵਿੱਚ ਇਕ ਖੋਜ ਸਹਾਇਕ ਅਤੇ ਇਕ ਸੇਵਾਦਾਰ ਹੈ। ਵਿਭਾਗ ਦੀ ਖੋਜ ਦਾ ਪ੍ਰਮੁੱਖ ਖੇਤਰ ਭਾਈ ਵੀਰ ਸਿੰਘ ਸਾਹਿਤ ਚਿੰਤਨ ਹੈ। ਵਿਭਾਗ ਦੁਆਰਾ ਇੱਕ ਪੁਸਤਕ (ਗੁਰਬਾਣੀ ਦਾ

ਕਾਵਿ-ਸ਼ਾਸਤਰ) ਪ੍ਰਕਾਸ਼ਿਤ ਕਰਵਾਈ ਗਈ। ਇਸ ਤੋਂ ਇਲਾਵਾ ਫ਼ੈਕਲਟੀ ਦੁਆਰਾ ਤਿੰਨ ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਵਿਭਾਗ ਦੁਆਰਾ 5 ਦਸੰਬਰ 2019 ਨੂੰ ਇੱਕ ਸੈਮੀਨਾਰ ਆਯੋਜਿਤ ਕਰਵਾਇਆ ਗਿਆ। ਵਿਭਾਗ ਮੁਖੀ ਡਾ. ਅੰਮ੍ਰਿਤਪਾਲ ਕੌਰ ਨੇ ਇੱਕ ਸੈਮੀਨਾਰ ਵਿੱਚ ਡਾਇਰੈਕਟਰ ਵੱਜੋਂ ਸ਼ਮੂਲੀਅਤ ਕੀਤੀ। ਵਿਭਾਗ ਦੁਆਰਾ ਵਿਸ਼ੇਸ਼ ਆਯੋਜਿਤ ਭਾਸ਼ਣਾਂ ਵਿੱਚ ਚਾਰ ਵਿਸ਼ੇਸ਼ ਭਾਸ਼ਣ ਕਰਵਾਏ। ਇਸ ਤੋਂ ਇਲਾਵਾ ਵਿਭਾਗ ਦੇ ਮੁਖੀ ਡਾ. ਅਮ੍ਰਿੰਤਪਾਲ ਕੌਰ ਵੱਖ-ਵੱਖ ਕਮੇਟੀਆਂ/ਸੰਪਾਦਕੀ ਬੋਰਡਾਂ/ਐਸੋਸੀਏਸ਼ਨਾਂ ਦੇ ਮੈਂਬਰ ਰਹੇ ਜਿਨ੍ਹਾਂ ਵਿੱਚ ਡੀਨ ਅਕਾਦਮਿਕ ਮਾਮਲੇ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਡੀਨ ਲੈਂਗੁਏਜ, ਪੰਜਾਬੀ ਯੂਨੀਵਰਸਿਟੀ, ਐਡੀਸ਼ਨਲ ਡੀਨ, ਵਿਦਿਆਰਥੀ ਭਲਾਈ (ਲੜਕੀਆਂ), ਚੇਅਰਮੈਨ ਫੈਕਲਟੀ ਆਫ਼ ਲੈਂਗੁਏਜ਼, ਲਾਈਫ਼ ਮੈਂਬਰ, ਪੰਜਾਬੀ ਭਾਸ਼ਾ ਅਕਾਦਮੀ, ਜਲੰਧਰ ਮੈਂਬਰ ਗੁਰਮਤਿ ਸੰਗੀਤ ਫਾਊਂਡੇਸ਼ਨ, ਪਟਿਆਲਾ ਆਦਿ।

## ਸੈਂਟਰ ਫਾਰ ਐਡਵਾਂਸਡ ਮੀਡੀਆ ਸਟੱਡੀਜ਼

**ਮੁਖੀ:** ਡਾ. ਹਰਿੰਦਰਪਾਲ ਸਿੰਘ ਕਾਕੜਾ

ਇਸ ਸਾਲ ਦੌਰਾਨ 4 ਪੀਐੱਚ.ਡੀ ਡਿਗਰੀਆਂ ਅਵਾਰਡ ਹੋਈਆਂ ਅਤੇ ਇਕ ਨਵੀ ਰਜਿਸਟ੍ਰੇਸ਼ਨ ਹੋਈ ਹੈ। ਜਰਨਲਿਜ਼ਮ, ਮਾਸ ਕਮਿਊਨੀਕੇਸ਼ਨ ਅਤੇ ਟੀ.ਵੀ. ਫਿਲਮ ਪ੍ਰੋਡਕਸ਼ਨ ਖੋਜ ਦੇ ਪ੍ਰਮੁੱਖ ਖੇਤਰ ਹਨ। ਮੀਡੀਆ ਪ੍ਰਬੰਧਕ ਵਿੱਚ ਚੁਣੌਤੀਆਂ ਅਤੇ ਅਵਸਰ, ਔਰਤਾਂ ਪ੍ਰਤੀ ਸਿਹਤ ਸੰਚਾਰ ਨੂੰ ਸੁਵਿਧਾਜਨਕ ਬਣਾਉਣ ਲਈ ਸਮਾਜਿਕ ਹਕੀਕਤ ਦੇ ਨਿਰਮਾਣ ਵਿੱਚ ਪੁੰਜ ਮੀਡੀਆ ਦੀ ਭੂਮਿਕਾ ਆਦਿ ਖੋਜ ਪੱਤਰ ਪ੍ਰਕਾਸ਼ਿਤ ਕੀਤੇ। ਵਿਭਾਗ ਦੁਆਰਾ ਸਾਈਬਰ ਧੱਕੇਸ਼ਾਹੀ, ਮੀਡੀਆ ਨੈਤਿਕਤਾ ਆਦਿ ਸੈਮੀਨਾਰ ਆਯੋਜਿਤ ਕੀਤੇ। PR ਸੰਮੇਲਨ 2019, ਪ੍ਰਫੂਨ ਦੇ ਨਵੇਂ ਰੁਝਾਨ, ਚਮਤਕਾਰਾਂ, ਭਾਰਤੀ ਰਾਸ਼ਟਰੀ ਵਿਗਿਆਨ ਮੇਲਾ, ਨੈਤਿਕਤਾ ਅਤੇ ਵਪਾਰ ਵਿੱਚ ਪ੍ਰਬੰਧਕ ਆਦਿ ਸਮਾਰੋਹਾਂ ਵਿੱਚ ਸ਼ਮੂਲੀਅਤ ਕੀਤੀ। ਵਿਭਾਗ ਵੱਲੋਂ ਸੈੱਲ ਲੈਬ-ਸ਼ਾਰਟ ਫ਼ਿਲਮ ਸਮਾਰਟ ਸਕੂਲ ਪ੍ਰਮੋਸ਼ਨਲ ਵੀਡੀਓ ਸਿੰਗਲਜ਼ ਜਲਿਆਂਵਾਲਾ ਬਾਗ ਸਦੀ ਦਾ ਜਸ਼ਨ ਪ੍ਰੋਜੈਕਟ ਸੰਪੂਰਨ ਕੀਤਾ ਗਿਆ। ਡਾ. ਅਮਨਪ੍ਰੀਤ ਕੌਰ ਰੰਧਾਵਾ ਨੂੰ ਨਾਰੀ ਸ਼ਕਤੀ ਕੋ ਪ੍ਰਵਾਸ 8 ਜੁਲਾਈ 2019 ਨੂੰ ਅਵਾਰਡ ਪ੍ਰਾਪਤ ਹੋਇਆ।

## ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ

**ਮੁਖੀ:** ਗੁਰਦੀਪ ਸਿੰਘ ਬੱਤਰਾ

ਇਸ ਕੇਂਦਰ ਵਿੱਚ ਸ਼ਾਮਿਲ ਪ੍ਰਬੰਧਕੀ ਅਤੇ ਸਹਾਇਕ ਅਮਲੇ ਵਿੱਚ ਦੋ ਸੀਨੀਅਰ ਸਹਾਇਕ, ਇੱਕ ਦਫ਼ਤਰੀ-ਕਮ-ਰਿਸਟੋਰਰ ਅਤੇ ਇਕ ਅਸਟੇਟ ਅਟੈਂਡੈਂਟ ਨਿਯੁਕਤ ਹਨ। ਸੈਂਟਰ ਵਿੱਚ ਖੋਜ ਦੇ ਪ੍ਰਮੁੱਖ ਖੇਤਰ ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ, ਭਾਈ ਵੀਰ ਸਿੰਘ, ਪ੍ਰੋਫ਼ੈਸਰ ਪੂਰਨ ਸਿੰਘ, ਡਾ. ਬਲਬੀਰ ਸਿੰਘ ਅਤੇ ਹਰਨਾਮ ਕੌਰ ਨਾਭਾ ਦੀਆਂ ਅਪ੍ਰਕਾਸ਼ਿਤ ਲਿਖਤਾਂ ਦਾ ਸੰਪਾਦਨ ਕਾਰਜ ਕੀਤਾ। ਫੈਕਲਟੀ ਦੁਆਰਾ ਪੰਚਬਟੀ ਦੁਆਰਾ ਸੰਦੇਸ਼ ਜਨਰਲ, ਅੰਕ ਅਪ੍ਰੈਲ 2019, ਅਕਤੂਬਰ 2019 (ਵਿਸ਼ੇਸ਼ ਅੰਕ ਗੁਰੂ ਨਾਨਕ ਦੇਵ ਜੀ) ਪ੍ਰਕਾਸ਼ਿਤ ਕੀਤਾ ਗਿਆ। ਫੈਕਲਟੀ ਦੁਆਰਾ 'ਆਪੀਨੇ ਆਪੁ ਸਾਜਿਓ' ਅਤੇ ਗੁਰੂ ਨਾਨਕ ਦੀ ਵਾਰ ਮਾਝ ਕੀ: ਦਾਰਸ਼ਨਿਕ ਅਧਿਐਨ ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਸੈਂਟਰ ਵਿੱਚ ਸਾਲ ਦੌਰਾਨ ਮਿਤੀ 3 ਨਵੰਬਰ 2019 ਨੂੰ ਧਾਰਮਿਕ ਸਮਾਗਮ ਕਰਵਾਇਆ ਗਿਆ।

ਫੈਕਲਟੀ ਦੁਆਰਾ ਸਾਲ ਦੌਰਾਨ ਭਾਈ ਚਉਪਾ ਸਿੰਘ ਦੇ ਰਹਿਤਨਾਮੇ ਦਾ ਅਧਿਆਤਮਕ ਪੱਖ, ਗੁਰਦੁਆਰਾ ਸੰਸਥਾ: ਬਹੁ ਪੱਖੀ ਅਧਿਐਨ, ਗੁਰੂ ਨਾਨਕ ਦੇਵ ਜੀ ਸੰਬੰਧੀ ਜਾਣਕਾਰੀ ਦੇਣ ਵਾਲਾ ਅਣਗੌਲਿਆ ਸੋਮਾ: ਚਤਜੁਗੀ ਪੇਪਰ ਪ੍ਰਸਤੁਤ ਕੀਤੇ ਗਏ। ਕਾਲਜ ਵਿੱਚ ਬੀਬੀ ਮਹਿੰਦਰ ਕੌਰ, ਡਾ. ਬਲਬੀਰ ਸਿੰਘ ਤੇ ਵਿਸ਼ੇਸ਼ ਭਾਸ਼ਣ ਕਰਵਾਏ ਗਏ। ਇਸੇ ਤਰ੍ਹਾਂ ਸਾਲ ਦੌਰਾਨ ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰੋਜੈਕਟ ਦੇ 600 ਨਵੇਂ ਇੰਦਰਾਜ਼ ਤਿਆਰ ਕੀਤੇ ਗਏ। ਸੈਂਟਰ ਵਿੱਚ ਮਹੱਤਵਪੂਰਨ ਕਮੇਟੀਆਂ ਵਿੱਚ ਡਾ. ਕੁਲਵਿੰਦਰ ਸਿੰਘ ਅਤੇ ਮਨਜੀਤ ਕੌਰ ਦੀ ਵਿਸ਼ੇਸ਼ ਭੂਮਿਕਾ ਹੈ।

## ਮਹਾਰਿਸ਼ੀ ਵਾਲਮੀਕੀ ਚੇਅਰ

**ਮੁਖੀ:** ਡਾ. ਸੁਖਵਿੰਦਰ ਕੌਰ ਬਾਠ

ਵਿਭਾਗ ਵਿੱਚ ਲੈਂਗੂਏਜ਼ ਮੌਜੂਦਾ ਫੈਕਲਟੀ ਹੈ। ਵਿਭਾਗ ਵਿੱਚ ਪ੍ਰਬੰਧਕੀ ਅਤੇ ਸਹਾਇਕ ਅਮਲਾ ਦੀ ਗਿਣਤੀ ਚਾਰ ਹੈ।

## ਪੰਜਾਬੀ ਯੂਨੀਵਰਸਿਟੀ ਬਾਬਾ ਜੋਗੀਪੀਰ ਨੇਬਰਹੁੱਡ ਕੈਂਪਸ ਰੱਲਾ (ਮਾਨਸਾ)

**ਪ੍ਰਿੰਸੀਪਲ:** ਡਾ. ਮੁਨੀਸ਼ ਕੁਮਾਰ

ਅਸਿਸਟੈਂਟ ਪ੍ਰੋਫ਼ੈਸਰਾਂ ਦੀ ਗਿਣਤੀ ਸੱਤ ਹੈ। ਪ੍ਰਬੰਧਕੀ ਅਤੇ ਸਹਾਇਕ ਅਮਲੇ ਵਿੱਚ ਚਾਰ ਕਰਮਚਾਰੀ ਹਨ। ਐੱਮ.ਸੀ.ਏ. ਦੇ ਵਿਦਿਆਰਥੀਆਂ ਦੀ ਗਿਣਤੀ ਵੀਹ ਹੈ।

## ਪੰਜਾਬੀ ਯੂਨੀਵਰਸਿਟੀ ਰੀਜਨਲ ਸੈਂਟਰ ਫਾਰ ਇਨਫਾਰਮੇਸ਼ਨ ਤਕਨਾਲੋਜੀ ਐਂਡ ਮੈਨੇਜਮੈਂਟ, ਫੇਜ਼-7, ਮੋਹਾਲੀ

**ਪ੍ਰਿੰਸੀਪਲ:** ਡਾ ਰੇਖਾ ਭਾਟੀਆ

ਮੌਜੂਦਾ ਫ਼ੈਕਲਟੀ ਵਿੱਚ 02 ਪ੍ਰੋਫ਼ੈਸਰ, 02 ਐਸੋਸੀਏਟ ਪ੍ਰੋਫ਼ੈਸਰ ਅਤੇ 14 ਅਸਿਸਟੈਂਟ ਪ੍ਰੋਫੈਸਰ ਹਨ। ਪ੍ਰਬੰਧਕੀ ਅਤੇ ਸਹਾਇਕ ਅਮਲੇ ਦੀ ਗਿਣਤੀ 14 ਹੈ। ਐਸ.ਆਰ.ਐਫ. ਵਿਦਿਆਰਥੀਆਂ ਦੀ ਗਿਣਤੀ 03 ਹੈ। ਫੈਕਲਟੀ ਦੁਆਰਾ ਪ੍ਰਕਾਸ਼ਿਤ ਖੋਜ ਪੱਤਰਾਂ ਵਿੱਚ 08 ਰੇਖਾ ਭਾਟੀਆ, 02 ਡਾ. ਅਮਨਦੀਪ ਵਰਮਾ, 02 ਡਾ. ਰਾਜ ਕੁਮਾਰ ਗੌਤਮ, 02 ਡਾ. ਸੁਪ੍ਰੀਤ ਕੌਰ, 02 ਸ਼੍ਰੀ ਰਛਪਾਲ ਸਿੰਘ ਨੇ ਪ੍ਰਕਾਸ਼ਿਤ ਕਰਵਾਏ। ਆਯੋਜਿਤ ਕਾਨਫ਼ਰੰਸਾਂ, ਸੈਮੀਨਾਰਾਂ ਅਤੇ ਵਰਕਸ਼ਾਪਾਂ ਦੀ ਗਿਣਤੀ 17 ਹੈ। ਵਿਸ਼ੇਸ਼ ਆਯੋਜਿਤ ਭਾਸ਼ਾਵਾਂ ਦੀ ਗਿਣਤੀ 01 ਹੈ। ਸੱਦਾਗਤ ਭਾਸ਼ਾਵਾਂ ਦੀ ਗਿਣਤੀ 01 ਹੈ। ਪ੍ਰਾਪਤ ਅਵਾਰਡਾਂ ਵਿੱਚ Indo-Thai Academic Award (2019) ਸ਼੍ਰੀਮਤੀ ਬਲਵਿੰਦਰ ਕੌਰ ਅਤੇ ਸ਼੍ਰੀ ਰਛਪਾਲ ਸਿੰਘ ਨੂੰ ਪ੍ਰਾਪਤ ਹੋਇਆ।

## ਯੂਨੀਵਰਸਿਟੀ ਕਾਲਜ ਆਫ ਬਿਜਨਸ ਸਟੱਡੀਜ਼, ਤਲਵੰਡੀ ਸਾਬੋ

**ਪ੍ਰਿੰਸੀਪਲ:** ਡਾ. ਅਮਨਦੀਪ ਸਿੰਘ

ਮੌਜੂਦਾ ਫੈਕਲਟੀ ਵਿੱਚ 01 ਪ੍ਰੋਫ਼ੈਸਰ, 10 ਅਸਿਸਟੈਂਟ ਪ੍ਰੋਫ਼ੈਸਰ ਹਨ। ਪ੍ਰਬੰਧਕੀ ਅਤੇ ਸਹਾਇਕ ਅਮਲੇ ਵਿੱਚ 04 ਕਰਮਚਾਰੀ ਹਨ। ਐਸ.ਆਰ.ਐੱਫ ਦਾ ਇਕ ਵਿਦਿਆਰਥੀ ਅਤੇ ਜੇ.ਆਰ.ਐੱਫ ਦਾ ਇਕ ਵਿਦਿਆਰਥੀ ਹੈ। ਐਮ.ਬੀ.ਏ.-11, ਐਮ.ਬੀ.ਏ. ਪੰਜ ਸਾਲਾ-07 ਅਤੇ ਐਮ.ਕਾਮ ਦੀ ਗਿਣਤੀ 27 ਹੈ। ਖੋਜ ਦੇ ਪ੍ਰਮੁੱਖ ਖੇਤਰ-ਅਕਾਊਂਟਿੰਗ ਫਾਈਨਾਂਸ, ਫੈਕਲਟੀ ਦੁਆਰਾ ਪ੍ਰਕਾਸ਼ਿਤ ਖੋਜ-ਪੱਤਰਾਂ ਵਿੱਚ ਡਾ. ਨਰਿੰਦਰ ਕੌਰ ਦੇ 05, ਡਾ. ਦਿਆਲ ਭਟਨਾਗਰ ਦੇ 02, ਡਾ. ਵਿਕਾਸਦੀਪ ਨੇ 02, ਡਾ. ਸ਼ਸ਼ੀ ਕਲਾ ਨੇ 02 ਡਾ. ਹਰਸ਼ਦੀਪ ਸਿੰਘ ਨੇ 03, ਡਾ. ਅਮਨਦੀਪ ਕੌਰ ਨੇ 03 ਖੋਜ ਪੱਤਰ ਪ੍ਰਕਾਸ਼ਿਤ ਹੋਏ। ਕਾਨਫ਼ਰੰਸਾਂ/ਸੈਮੀਨਾਰਾਂ/ਵਰਕਸ਼ਾਪਾਂ ਵਿੱਚ ਕਾਲਜ ਦੀ ਸ਼ਮੂਲੀਅਤ ਵਿੱਚ ਡਾ. ਨਰਿੰਦਰ ਕੌਰ ਦੀ 01 ਵਿੱਚ, ਡਾ. ਹਰਪ੍ਰੀਤ ਸਿੰਘ ਦੀ 04 ਵਿੱਚ, ਡਾ. ਸੰਦੀਪ ਰਾਣਾ ਦੀ 05 ਵਿੱਚ ਡਾ. ਅਮਨਦੀਪ ਕੌਰ ਦੀ 01 ਵਿੱਚ ਸ਼ਮੂਲੀਅਤ ਹੈ। ਸਾਲ ਵਿੱਚ ਪ੍ਰਾਪਤ ਨਵੇਂ ਖੋਜ ਪ੍ਰੋਜੈਕਟਾਂ ਵਿੱਚ ਡਾ. ਵਿਕਾਸ ਦੀਪ ਨੂੰ ਇਨੀਸ਼ੀਏਟਰ ਇੰਟਰਨੈਸ਼ਨਲ ਰਿਸਰਚ ਪ੍ਰੋਜੈਕਟ ਜੈਪੁਰ ਵੱਲੋਂ "ਜੈਂਡਰ ਡਾਇਮੈਂਸ਼ਨ ਆਫ਼ ਟਰੇਡ ਫੈਮੀਲੀਏਸ਼ਨ ਐਗਰੀਮੈਂਟ: ਐਵੀਡੈਂਸ ਫਰਾਮ ਬੰਗਲਾਦੇਸ਼, ਭੂਟਾਨ (ਇੰਡੀਆ) ਅਤੇ ਨੇਪਾਲ" ਪ੍ਰਾਪਤ ਹੋਇਆ।

## ਯੂਨੀਵਰਸਿਟੀ ਕਾਲਜ ਚੁੰਨੀ ਕਲਾਂ (ਫਤਿਹਗੜ੍ਹ ਸਾਹਿਬ)

**ਪ੍ਰਿੰਸੀਪਲ:** ਡਾ. ਸਰਬਜੀਤ ਕੌਰ ਸੋਹਲ

ਮੌਜੂਦਾ ਫੈਕਲਟੀ ਵਿੱਚ 16 ਪ੍ਰੋਫ਼ੈਸਰ, ਕੰਟਰੈਕਟ ਅਧਾਰਿਤ 13 ਪ੍ਰੋਫ਼ੈਸਰ ਅਤੇ ਗੈਸਟ ਫੈਕਲਟੀ ਵਿੱਚ 14 ਪ੍ਰੋਫ਼ੈਸਰ ਕੰਮ ਕਰਦੇ ਹਨ। ਪ੍ਰਬੰਧਕੀ ਅਤੇ ਸਹਾਇਕ ਅਮਲੇ ਵਿੱਚ ਅੱਠ ਕਰਮਚਾਰੀ ਕੰਮ ਕਰਦੇ ਹਨ। ਕਾਲਜ ਦੁਆਰਾ 3 ਪੀਐੱਚ.ਡੀ ਦੀਆਂ ਡਿਗਰੀਆਂ ਅਵਾਰਡ ਹੋਈਆਂ ਅਤੇ ਸਾਲ ਵਿੱਚ 2 ਪੀਐੱਚ.ਡੀ ਦੀਆਂ ਨਵੀਆਂ ਰਜਿਸਟਰੇਸ਼ਨਾਂ ਹੋਈਆਂ। ਕਾਲਜ ਵਿੱਚ 110 ਵਿਦਿਆਰਥੀ ਹਨ। ਅਧਿਆਪਨ ਦੇ ਪ੍ਰਮੁੱਖ ਖੇਤਰਾਂ ਵਿੱਚ ਆਰਟਸ, ਸਾਇੰਸ, ਕੰਪਿਊਟਰ ਸਾਇੰਸ, ਕਾਮਰਸ ਆਦਿ ਸ਼ਾਮਲ ਹਨ। ਕਾਲਜ ਫੈਕਲਟੀ ਦੁਆਰਾ ਚਾਰ ਪੁਸਤਕਾਂ ਪ੍ਰਕਾਸ਼ਿਤ ਕਰਵਾਈਆਂ ਅਤੇ 13 ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਕਾਲਜ ਦੁਆਰਾ ਆਯੋਜਿਤ ਕਾਨਫ਼ਰੰਸਾਂ/ਸੈਮੀਨਾਰਾਂ ਦੀ ਗਿਣਤੀ 7 ਹੈ। ਕਾਲਜ ਦੁਆਰਾ ਬਾਰ੍ਹਾਂ ਸੈਮੀਨਾਰ/ਕਾਨਫ਼ਰੰਸਾਂ/ਵਰਕਸ਼ਾਪਾਂ ਅਟੈਂਡ ਕੀਤੀਆਂ ਗਈਆਂ। ਕਾਲਜ ਫੈਕਲਟੀ ਦੁਆਰਾ ਸਾਲ ਵਿੱਚ ਵਿਸ਼ੇਸ਼ ਆਯੋਜਿਤ ਭਾਸ਼ਣਾਂ ਵਿੱਚ ਨਸ਼ੇ ਮੁਕਤੀ ਵਿਸ਼ੇ ’ਤੇ, ਵੋਟਰ ਦਿਵਸ ਮੌਕੇ ਮਨਪ੍ਰੀਤ ਟਿਵਾਣਾ ਨਾਲ ਰੂ-ਬ-ਰੂ ਸਮਾਗਮ ਕਰਵਾਏ ਗਏ। ਇਸ ਤੋਂ ਇਲਾਵਾ ਕਾਲਜ ਦੇ ਅਧਿਆਪਕ ਵੱਖ-ਵੱਖ ਮਹੱਤਵਪੂਰਨ ਕਮੇਟੀਆਂ ਵਿੱਚ ਮੈਂਬਰ ਰਹੇ ਜਿੰਨ੍ਹਾਂ ਵਿੱਚ ਸੰਪਾਦਕ, ਕਾਲਜ ਕੰਧ-ਪੱਤ੍ਰਿਕਾ, ਅਕਾਦਮਿਕ ਕੌਂਸਲ ਪੰਜਾਬੀ ਯੂਨੀਵਰਸਿਟੀ: ਪ੍ਰਧਾਨ ਪੰਜਾਬ ਸਾਹਿਤ ਅਕਾਦਮੀ, ਵਾਈਸ ਪ੍ਰੈਜੀਡੈਂਟ ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਵਿੱਚ ਪੰਜਾਬੀ ਵਿਸ਼ੇ ਦੇ ਮਾਹਿਰ ਵਜੋਂ ਮੈਂਬਰ ਬਣੇ। ਸੱਦਾਗਤ ਭਾਸ਼ਣਾਂ ਵਿੱਚ ਦੋ ਵਿਸ਼ੇਸ਼ ਭਾਸ਼ਣ ਕਰਵਾਏ ਗਏ। ਸੱਭਿਆਚਾਰਕ ਪ੍ਰੋਗਰਾਮਾਂ ਵਿੱਚ ਅੰਤਰਰਾਸ਼ਟਰੀ ਕਵੀ ਦਰਬਾਰ, ਮਾਂ ਬੋਲੀ ਦਿਵਸ, ਅਧਿਆਪਕ ਦਿਵਸ, ਵੋਟਰ ਦਿਵਸ, ਅੰਤਰਰਾਸ਼ਟਰੀ ਯੁਵਕ ਦਿਵਸ, ਸਵੱਛ ਭਾਰਤ ਮੁਹਿੰਮ, ਪ੍ਰਤਿਭਾ ਖੋਜ ਮੁਕਾਬਲੇ, ਖ਼ੂਨਦਾਨ ਕੈਂਪ ਆਦਿ ਪ੍ਰੋਗਰਾਮ ਕਰਵਾਏ ਗਏ।

# ਯੂਨੀਵਰਸਿਟੀ ਨਾਲ ਸੰਬੰਧਿਤ ਕਾਲਜ ਦੀਆਂ ਗਤੀਵਿਧੀਆਂ

## ਮਾਲਵਾ ਕਾਲਜ ਆਫ਼ ਐਜੂਕੇਸ਼ਨ, ਦਿਉਣ, ਬਠਿੰਡਾ

**ਪ੍ਰਿੰਸੀਪਲ:** ਇੰਚਾਰਜ

ਕਾਲਜ ਵਿੱਚ ਅਧਿਆਪਕਾਂ ਦੀ ਕੁਲ ਗਿਣਤੀ 14 ਅਤੇ ਵਿਦਿਆਰਥੀਆਂ ਦੀ ਕੁਲ ਗਿਣਤੀ 178 ਹੈ। ਕਾਲਜ ਵਿੱਚ ਬੀ.ਐਡ ਦਾ ਕੋਰਸ ਕਰਵਾਇਆ ਜਾਂਦਾ ਹੈ।

## ਆਕਲੀਆ ਕਾਲਜ ਆਫ ਐਜੂਕੇਸ਼ਨ ਫਾਰ ਵੂਮੈਨ, ਆਕਲੀਆ ਕਲਾਂ, ਬਠਿੰਡਾ

**ਪ੍ਰਿੰਸੀਪਲ:** ਡਾ. ਤਾਰਾ ਸਿੰਘ

ਅਧਿਆਪਕਾਂ ਦੀ ਕੁੱਲ ਗਿਣਤੀ 28 ਅਤੇ ਵਿਦਿਆਰਥੀਆਂ ਦੀ ਕੁੱਲ ਗਿਣਤੀ 250 ਹੈ। ਕਾਲਜ ਵਿੱਚ ਬੀ.ਐਡ ਦਾ ਕੋਰਸ ਕਰਵਾਇਆ ਜਾਂਦਾ ਹੈ। ਫੈਕਲਟੀ ਦੁਆਰਾ ਸਾਲ ਵਿੱਚ ਅਟੈਂਡ ਕੀਤੇ ਗਏ ਸੈਮੀਨਾਰਾਂ, ਵਰਕਸ਼ਾਪਾਂ ਅਤੇ ਕਾਨਫ਼ਰੰਸਾਂ ਦੀ ਗਿਣਤੀ 07 ਹੈ। ਕਾਲਜ ਵਿੱਚ ਐਨ.ਐਸ.ਐਸ ਦੀਆਂ ਦੋ ਯੂਨਿਟਾਂ ਹਨ। ਸਾਲ ਵਿੱਚ ਆਯੋਜਿਤ ਕੀਤੇ ਗਏ ਮਹੱਤਵਪੂਰਨ ਸਮਾਰੋਹਾਂ ਅਤੇ ਕਾਰਜਾਂ ਵਿੱਚ ਲੋਹੜੀ, ਅਧਿਆਪਕ ਦਿਵਸ, ਇਸਤਰੀ ਦਿਵਸ, ਐਨ.ਐਸ.ਐਸ ਕੈਂਪਸ ਆਦਿ ਸ਼ਾਮਿਲ ਹਨ। ਵਿਦਿਆਰਥੀਆਂ ਦੁਆਰਾ ਜ਼ੋਨਲ, ਖੇਤਰੀ ਅਤੇ ਉਚੇਰੇ ਪੱਧਰ ਤੇ ਸੱਭਿਆਚਾਰਕ ਸਰਗਰਮੀਆਂ ਵਿੱਚ ਵਿਸ਼ੇਸ਼ ਪ੍ਰਾਪਤੀਆਂ ਵਿੱਚ ਪਹਿਲਾ ਸਥਾਨ (ਗਿੱਧਾ) ਅੰਤਰ-ਕਾਲਜ ਮੇਲਾ ਜੋ ਕਿ ਭਾਈ ਆਸਾ ਸਿੰਘ ਗਰਲਜ਼ ਕਾਲਜ ਵਿੱਚ ਆਯੋਜਿਤ ਕੀਤਾ ਗਿਆ ਵਿੱਚ ਪ੍ਰਾਪਤ ਕੀਤਾ।

## ਆਕਲੀਆ ਡਿਗਰੀ ਕਾਲਜ, ਆਕਲੀਆ ਕਲਾਂ, ਬਠਿੰਡਾ

**ਮੁਖੀ:** ਡਾ. ਤਾਰਾ ਸਿੰਘ (ਆਰਜ਼ੀ)

ਅਧਿਆਪਕਾਂ ਦੀ ਕੁੱਲ ਗਿਣਤੀ 28 ਅਤੇ ਵਿਦਿਆਰਥੀਆਂ ਦੀ ਕੁੱਲ ਗਿਣਤੀ 151 ਹੈ। ਕਰਵਾਏ ਜਾਂਦੇ ਕੋਰਸ ਬੀ.ਏ, ਬੀ.ਸੀ.ਏ, ਬੀ.ਕਾਮ, ਪੀ.ਜੀ.ਡੀ.ਸੀ.ਏ, ਐੱਮ.ਏ (ਪੰਜਾਬੀ, ਹਿਸਟਰੀ, ਪੋਲ: ਸਾਇੰਸ) ਫੈਕਲਟੀ ਦੁਆਰਾ ਸਾਲ ਵਿੱਚ ਅਟੈਂਡ ਕੀਤੇ ਗਏ ਸੈਮੀਨਾਰਾਂ ਦੀ ਗਿਣਤੀ 04 ਹੈ। ਇਸ ਵਰ੍ਹੇ ਕਾਲਜ ਦੁਆਰਾ ਲੋਹੜੀ, ਅਧਿਆਪਕ ਦਿਵਸ, ਇਸਤਰੀ ਦਿਵਸ ਅਤੇ ਐਨ.ਐਸ.ਐਸ ਕੈਂਪ ਆਦਿ ਗਤੀਵਿਧੀਆਂ ਕਰਵਾਈਆ ਗਈਆਂ।

## ਐਲ.ਬੀ.ਐਮ.ਐਸ ਕਾਲਜ, ਨਾਭਾ

**ਪ੍ਰਿੰਸੀਪਲ:** ਇੰਚਾਰਜ

ਅਧਿਆਪਕਾਂ ਦੀ ਕੁੱਲ ਗਿਣਤੀ 14 ਅਤੇ ਵਿਦਿਆਰਥੀਆਂ ਦੀ ਕੁੱਲ ਗਿਣਤੀ 155 ਹੈ। ਕਾਲਜ ਵਿੱਚ ਆਰਟਸ ਅਤੇ ਕੰਪਿਊਟਰ ਦੇ ਮਾਸਟਰ ਕੋਰਸ ਕਰਵਾਏ ਜਾਂਦੇ ਹਨ। ਕਾਲਜ ਦੁਆਰਾ ਸਾਲ ਵਿੱਚ ਤਿੰਨ ਸੈਮੀਨਾਰ ਅਤੇ ਇਕ ਵਿਸ਼ੇਸ਼ ਭਾਸ਼ਣ ਆਯੋਜਿਤ ਕੀਤੇ ਗਏ।

## ਪਾਈਨ ਗਰੋਵ ਕਾਲਜ ਆਫ਼ ਐਜੂਕੇਸ਼ਨ, ਬਸੀ ਪਠਾਣਾ

**ਪ੍ਰਿੰਸੀਪਲ:** ਡਾ. ਦੀਪਾਲੀ ਸਿੰਗਲਾ

ਅਧਿਆਪਕਾਂ ਦੀ ਕੁੱਲ ਗਿਣਤੀ 26 ਅਤੇ ਵਿਦਿਆਰਥੀਆਂ ਦੀ ਕੁੱਲ ਗਿਣਤੀ 406 ਹੈ। ਫੈਕਲਟੀ ਦੁਆਰਾ ਬੀ.ਐਡ ਅਤੇ ਐਮ.ਏ (ਐਜੂਕੇਸ਼ਨ) ਕੋਰਸ ਕਰਵਾਇਆ ਜਾਂਦਾ ਹੈ। ਫੈਕਲਟੀ ਦੁਆਰਾ ਸਾਲ ਵਿੱਚ 07 ਸੈਮੀਨਾਰ, ਵਰਕਸ਼ਾਪਾਂ ਅਤੇ ਕਾਨਫਰੰਸਾਂ ਵਿੱਚ ਸ਼ਮੂਲੀਅਤ ਕੀਤੀ ਗਈ। ਕਾਲਬ ਫੈਕਲਟੀ ਵੱਲੋਂ 24 ਮਹੱਤਵਪੂਰਨ ਸਮਾਰੋਹਾਂ

ਅਤੇ ਕਾਰਜਾਂ ਵਿੱਚ ਸ਼ਮੂਲੀਅਤ ਕੀਤੀ ਗਈ। ਕਾਲਜ ਅਧੀਨ ਕਰਵਾਏ ਗਏ ਕਪਿਟੀਸ਼ਨ: ਪਤੰਗ ਬਣਾਉਣ ਦੀ ਪ੍ਰਤੀਯੋਗਤਾ ਅਤੇ ਬਡੀ ਗਰੁੱਪ ਅਧੀਨ ਲੇਖ ਪ੍ਰਤੀਯੋਗਤਾ ਕਰਵਾਈ ਗਈ।

## ਗਿਆਨ ਜਯੋਤੀ ਗਰਲਜ਼ ਕਾਲਜ, ਸੰਗਤ, ਬਠਿੰਡਾ

**ਪ੍ਰਿੰਸੀਪਲ:** ਮਿ. ਰਮਨਦੀਪ ਕੌਰ ਚੱਡਾ

ਕਾਲਜ ਵਿੱਚ ਅਧਿਆਪਕਾਂ ਦੀ ਕੁਲ ਗਿਣਤੀ 14 ਅਤੇ ਵਿਦਿਆਰਥੀਆ ਦੀ ਕੁੱਲ ਗਿਣਤੀ 199 ਹੈ। ਕਾਲਜ ਵਿੱਚ ਬੀ.ਏ, ਬੀ.ਸੀ.ਏ, ਬੀ.ਬੀ.ਏ, ਪੀ.ਜੀ.ਡੀ.ਸੀ.ਏ ਅਤੇ ਐਮ.ਐਸ.ਸੀ. (ਆਈ.ਟੀ) ਆਦਿ ਕੋਰਸ ਕਰਵਾਏ ਜਾਂਦੇ ਹਨ। ਕਾਲਜ ਦੁਆਰਾ ਸਾਲ ਵਿੱਚ ਚਾਰ ਸੈਮੀਨਾਰ ਅਤੇ ਵਰਕਸ਼ਾਪਾਂ ਵਿੱਚ ਸ਼ਮੂਲੀਅਤ ਕੀਤੀ ਗਈ ਅਤੇ ਚਾਰ ਸਮਾਗਮ ਆਯੋਜਿਤ ਕਰਵਾਏ ਗਏ। ਇਸ ਸਾਲ ਦੌਰਾਨ ਲੋਹੜੀ, ਵਿਦਿਅਕ ਟੂਰ, ਫੇਅਰਵੈੱਲ ਪਾਰਟੀ ਆਦਿ ਕਈ ਮਹੱਤਵਪੂਰਨ ਸਮਾਰੋਹ ਆਯੋਜਿਤ ਕੀਤੇ ਗਏ।

## ਪੰਜਾਬ ਕਾਲਜ ਆਫ਼ ਐਜੂਕੇਸ਼ਨ, ਰਾਏਪੁਰ, ਬਹਾਦਰਗੜ੍ਹ

**ਪ੍ਰਿੰਸੀਪਲ:** ਡਾ. ਭੁਪਿੰਦਰ ਕੌਰ

ਅਧਿਆਪਕਾਂ ਦੀ ਕੁਲ ਗਿਣਤੀ ਅਤੇ ਵਿਦਿਆਰਥੀਆਂ ਦੀ ਗਿਣਤੀ 187 ਹੈ। ਫੈਕਲਟੀ ਦੁਆਰਾ ਸਾਲ ਵਿੱਚ ਚਾਰ ਸੈਮੀਨਾਰ ਤੇ ਕਾਨਫ਼ਰੰਸਾਂ ਅਟੈਂਡ ਕੀਤੀਆਂ ਗਈਆਂ। ਕਾਲਜ ਦੁਆਰਾ ਤਿੰਨ ਸੈਮੀਨਾਰ ਅਤੇ ਦੋ ਵਰਕਸ਼ਾਪਾਂ ਆਯੋਜਿਤ ਕੀਤੀਆਂ ਗਈਆਂ। ਸਾਲ ਵਿੱਚ 18 ਮਹੱਤਵਪੂਰਨ ਸਮਾਰੋਹ ਆਯੋਜਿਤ ਕੀਤੇ ਗਏ। ਜਿਸ ਵਿੱਚ ਲੋਹੜੀ ਦਾ ਤਿਉਹਾਰ, ਬਸੰਤ ਪੰਚਮੀ, ਮਾਤ ਭਾਸ਼ਾ ਦਿਵਸ, ਵਿਗਿਆਨ ਦਿਵਸ, ਨਾਰੀ ਦਿਵਸ, ਅਧਿਆਪਕ ਦਿਵਸ, ਪ੍ਰਤਿਭਾ ਖੋਜ, 550 ਸਾਲਾਂ ਗੁਰੂ ਨਾਨਕ ਦਿਵਸ ਆਦਿ ਸਮਾਰੋਹ ਮਨਾਏ ਗਏ।

## ਪ੍ਰੋ. ਗੁਰਸੇਵਕ ਸਿੰਘ ਸਰਕਾਰੀ ਕਾਲਜ ਆਫ਼ ਫਿਜ਼ੀਕਲ ਐਜੂਕੇਸ਼ਨ, ਪਟਿਆਲਾ

**ਪ੍ਰਿੰਸੀਪਲ:** ਸ੍ਰੀਮਤੀ ਹਰਪਾਲ ਕੌਰ

ਕਾਲਜ ਵਿੱਚ ਅਧਿਆਪਕਾਂ ਦੀ ਗਿਣਤੀ 14 ਹੈ ਤੇ 475 ਵਿਦਿਆਰਥੀ ਹਨ। ਕਾਲਜ ਵਿੱਚ ਉਪਲਬਧ ਸਟਰੀਮ ਫਿਜ਼ੀਕਲ ਐਜੂਕੇਸ਼ਨ ਹੈ। ਕਾਲਜ ਵਿੱਚ ਐਮ.ਪੀ.ਐਡ, ਡੀ.ਪੀ.ਐਡ ਅਤੇ ਬੀ.ਪੀ.ਐਡ ਕੋਰਸ ਕਰਵਾਏ ਜਾਂਦੇ ਹਨ। ਫੈਕਲਟੀ ਦੁਆਰਾ ਸਾਲ ਵਿੱਚ ਇਕ ਪੁਸਤਕ ਤੇ ਦੇ ਖੋਜ ਪੱਤਰ ਪ੍ਰਕਾਸ਼ਿਤ ਕੀਤੇ ਗਏ। ਫੈਕਲਟੀ ਦੁਆਰਾ ਸਾਲ ਵਿੱਚ ਅਟੈਂਡ ਕੀਤੇ ਗਏ ਸੈਮੀਨਾਰਾਂ, ਵਰਕਸ਼ਾਪਾਂ ਅਤੇ ਕਾਨਫ਼ਰੰਸਾਂ ਦੀ ਗਿਣਤੀ ਛੇ ਹੈ। ਕਾਲਜ ਵਿੱਚ ਐਕਸਟੈਂਸ਼ਨ ਲੈਕਚਰ ਅੱਠ, ਸੈਮੀਨਾਰ ਦੋ ਅਤੇ ਤਿੰਨ ਵਰਕਸ਼ਾਪਾਂ ਲਗਾਈਆਂ ਗਈਆਂ। ਕਾਲਜ ਵਿੱਚ ਇਕ ਐਨ.ਸੀ.ਸੀ. ਯੂਨਿਟ ਹੈ। ਇਸੇ ਤਰ੍ਹਾਂ ਸਾਲ ਦੌਰਾਨ 04 ਐਥਲੈਟਿਕ ਮੀਟਸ, 01 ਕਾਨਵੋਕੇਸ਼ਨ ਅਤੇ ਪਰਾਲੀ ਨੂੰ ਅੱਗ ਨਾ ਲਗਾਉਣ ਸੰਬੰਧੀ ਜਾਗਰੂਕਤਾ ਅਭਿਆਨ ਨੈਤਿਕ ਸਿੱਖਿਆ ਦੀ ਪ੍ਰੀਖਿਆ ਕਰਵਾਈ ਗਈ। ਇਸ ਸਾਲ ਦੌਰਾਨ ਕਾਲਜ ਦੇ ਵਿਦਿਆਰਥੀ ਨਿਤਿਨ ਕਨੋਜੀਆ ਨੇ ਰੋਹਤਕ ਵਿਖੇ ਹੋਏ ਆਲ ਇੰਡੀਆ ਇੰਟਰਵਰਸਿਟੀ ਹਾਕੀ ਮੁਕਾਬਲੇ ਵਿੱਚ ਗੋਲਡ ਮੈਡਲ ਪ੍ਰਾਪਤ ਕੀਤਾ ਤੇ ਭੋਲਾ ਸਿੰਘ ਨੇ ਜੈਪੁਰ ਵਿਖੇ ਹੋਏ ਯੂਥ ਗੇਮਜ਼ ਆਲ ਇੰਡੀਆ ਨੈਸ਼ਨਲ ਚੈਂਪੀਅਨਸ਼ਿਪ ਵਿੱਚ 800 ਮੀਟਰ ਰੇਸ ਵਿੱਚ ਗੋਲਡ ਮੈਡਲ ਪ੍ਰਾਪਤ ਕੀਤਾ। ਇਸੇ ਤਰ੍ਹਾਂ ਸਵੀਪ ਪ੍ਰੋਜੈਕਟ ਕੰਪੀਟੀਸ਼ਨ ਵਿੱਚ ਕਾਲਜ ਦੀ ਟੀਮ ਨੇ ਸਲੋਗਨ ਰਾਈਟਿੰਗ ਵਿੱਚ ਗੋਲਡ ਅਤੇ ਰੰਗੋਲੀ ਵਿੱਚ ਸਿਲਵਰ ਮੈਡਲ ਪ੍ਰਾਪਤ ਕੀਤਾ।

## ਗੋਸਵਾਮੀ ਗਣੇਸ਼ ਦੱਤਾ ਸਨਾਤਨ ਧਰਮ ਕਾਲਜ, ਖੇੜੀ ਗੁਰਨਾ, ਬਨੂੜ

**ਮੁਖੀ:** ਡਾ. ਸੁਨੀਲ ਕੁਮਾਰ ਬਾਰੀਆ

ਅਧਿਆਪਕਾਂ ਦੀ ਕੁੱਲ ਗਿਣਤੀ 23 ਹੈ ਅਤੇ ਵਿਦਿਆਰਥੀਆਂ ਦੀ ਕੁੱਲ ਗਿਣਤੀ 573 ਹੈ। ਕਾਲਜ ਵਿੱਚ ਐਮ.ਕਾਮ, ਬੀ.ਕਾਮ. ਆਨਰਜ਼, ਬੀ.ਕਾਮ, ਬੀ.ਬੀ.ਏ ਅਤੇ ਬੀ.ਏ. ਦੇ ਕੋਰਸ ਕਰਵਾਏ ਜਾਂਦੇ ਹਨ। ਕਾਲਜ ਦੁਆਰਾ 4 ਪੁਸਤਕਾਂ ਅਤੇ 10 ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ ਹਨ। ਕਾਲਜ ਵੱਲੋਂ ਸੈਮੀਨਾਰਾਂ/ਕਾਨਫ਼ਰੰਸਾਂ ਵਿੱਚ 12 ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਅਤੇ ਦਸ ਵਰਕਸ਼ਾਪਾਂ ਵਿੱਚ ਸ਼ਮੂਲੀਅਤ ਕੀਤੀ। ਕਾਲਜ ਵੱਲੋਂ ਤਿੰਨ ਵਰਕਸ਼ਾਪਾਂ ਅਤੇ ਪੰਜ ਵਿਸ਼ੇਸ਼ ਭਾਸ਼ਣ ਆਯੋਜਿਤ ਕਰਵਾਏ ਗਏ। ਕਾਲਜ ਵਿੱਚ ਇਕ ਐਨ.ਐਸ.ਐਸ. ਯੂਨਿਟ ਹੈ। ਇਸ ਸਾਲ ਦੌਰਾਨ ਕਾਲਜ ਵਿੱਚ ਲੋਹੜੀ ਦਾ ਤਿਉਹਾਰ, ਗਣਤੰਤਰ ਦਿਵਸ ਸਮਾਰੋਹ, ਮੌਕ ਟ੍ਰਾਇਲ, ਹਿੰਦੀ ਦਿਵਸ, ਫਰੈਸ਼ਰ ਦੀ ਪਾਰਟੀ, ਦੀਵਾਲੀ, ਦੂਜੀ ਐਲੂਮਨੀ ਮੀਟ ਆਦਿ ਮਹੱਤਵਪੂਰਨ ਸਮਾਰੋਹ ਆਯੋਜਿਤ ਕੀਤੇ ਗਏ। ਕਾਲਜ ਦੀ ਮਾਇਮ ਟੀਮ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਅਕਤੂਬਰ 25, 2019 ਨੂੰ ਆਯੋਜਿਤ ਜ਼ੋਨਲ ਅਤੇ ਇੰਟਰ-ਜ਼ੋਨਲ ਯੁਵਕ ਮੇਲੇ ਵਿੱਚ ਪਹਿਲਾ ਸਥਾਨ ਹਾਸਿਲ ਕੀਤਾ।

## ਮੇਹਰ ਚੰਦ ਕਾਲਜ ਆਫ਼ ਐਜੂਕੇਸ਼ਨ, ਭਨੂਪਲੀ, ਨੰਗਲ, ਜਿਲ੍ਹਾ-ਰੋਪੜ

**ਪ੍ਰਿੰਸੀਪਲ:** ਡਾ. ਅਨਿਲ ਕੁਮਾਰ ਅਗਨੀਹੋਤਰੀ

ਅਧਿਆਪਕਾਂ ਦੀ ਕੁੱਲ ਗਿਣਤੀ 30 ਅਤੇ ਵਿਦਿਆਰਥੀਆਂ ਦੀ ਕੁੱਲ ਗਿਣਤੀ 391 ਹੈ। ਕਾਲਜ ਵਿੱਚ ਬੀ.ਐਡ ਦਾ ਕੋਰਸ ਕਰਵਾਇਆ ਜਾਂਦਾ ਹੈ। ਕਾਲਜ ਦੁਆਰਾ ਇਕ ਪੁਸਤਕ ਅਤੇ ਨੌਂ ਖੋਜ ਪੇਪਰ ਪ੍ਰਕਾਸ਼ਿਤ ਕਰਵਾਏ ਗਏ ਹਨ। ਕਾਲਜ ਦੇ ਅਧਿਆਪਕਾਂ ਨੇ ਤਿੰਨ ਸੈਮੀਨਾਰਾਂ, ਵਰਕਸ਼ਾਪਾਂ ਅਤੇ ਕਾਨਫ਼ਰੰਸਾਂ ਵਿੱਚ ਸ਼ਮੂਲੀਅਤ ਕੀਤੀ ਅਤੇ ਤਿੰਨ ਸਮਾਗਮ ਆਯੋਜਿਤ ਕਰਵਾਏ ਹਨ। ਕਾਲਜ ਵਿੱਚ ਇਕ ਐਨ.ਐਸ.ਐਸ. ਯੂਨਿਟ ਹੈ। ਇਸ ਸਾਲ ਦੌਰਾਨ ਕਾਲਜ ਵਿੱਚ ਲੋਹੜੀ, ਐਨ.ਐਸ.ਐਸ ਕੈਂਪ, ਚਿੱਤਰਕਲਾ ਅਤੇ ਭਾਸ਼ਣ ਪ੍ਰਤੀਯੋਗਤਾ, ਵਿਗਿਆਨ ਦਿਵਸ, ਪ੍ਰਸ਼ਨ ਪ੍ਰਤੀਯੋਗਤਾ, ਅੰਤਰਰਾਸ਼ਟਰੀ ਮਹਿਲਾ ਦਿਵਸ, ਰੈਲੀ, ਸਿੱਖਿਆ ਯਾਤਰਾ, ਪੰਜਾਬ ਸਰਕਾਰ ਦਾ ਨਸ਼ਾ ਮੁਕਤੀ ਪ੍ਰੋਗਰਾਮ, ਅਧਿਆਪਕ ਦਿਵਸ, ਪੇਂਟਿੰਗ ਪ੍ਰਤੀਯੋਗਤਾ ਆਦਿ ਸਮਾਰੋਹ ਆਯੋਜਿਤ ਕੀਤੇ ਗਏ। ਕਾਲਜ ਦੇ 38 ਵਿਦਿਆਰਥੀ ਬੀ.ਐਡ. ਵਿੱਚ ਡਿਸਟਿੰਕਸ਼ਨ ਨਾਲ ਪਾਸ ਹੋਏ।

## ਬਾਬਾ ਜ਼ੋਰਾਵਰ ਸਿੰਘ ਫਤਹਿ ਸਿੰਘ ਖਾਲਸਾ ਗਰਲਜ਼ ਕਾਲਜ, ਮੋਰਿੰਡਾ (ਰੋਪੜ)

**ਪ੍ਰਿੰਸੀਪਲ:** ਡਾ. ਪੁਸ਼ਪਿੰਦਰ ਕੌਰ

ਅਧਿਆਪਕਾਂ ਦੀ ਗਿਣਤੀ 605 ਹੈ। ਫੈਕਲਟੀ ਦੁਆਰਾ ਸਾਲ ਵਿੱਚ ਇਕ ਪੁਸਤਕ ਪ੍ਰਕਾਸ਼ਿਤ ਕਰਵਾਈ ਗਈ ਅਤੇ ਸਾਲ ਵਿੱਚ ਚਾਰ ਅੰਤਰਰਾਸ਼ਟਰੀ ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਫੈਕਲਟੀ ਦੁਆਰਾ ਸਾਲ ਵਿੱਚ ਤਿੰਨ ਅੰਤਰਰਾਸ਼ਟਰੀ ਅਤੇ ਦੋ ਰਾਸ਼ਟਰੀ ਕਾਨਫ਼ਰੰਸਾਂ/ਸੈਮੀਨਾਰ ਅਟੈਂਡ ਕੀਤੇ ਗਏ। ਇਸ ਤੋਂ ਇਲਾਵਾ ਕਾਲਜ ਵਿੱਚ ਮਨਾਏ ਸਮਾਰੋਹਾਂ ਵਿੱਚ ਯੋਗਾ ਦਿਵਸ, ਅੰਤਰਰਾਸ਼ਟਰੀ ਨਸ਼ਾ ਛੁਡਾਉ ਦਿਵਸ, ਰੁੱਖ ਲਗਾਓ ਮੁਹਿੰਮ, ਸਵੱਛਤਾ ਪਖਵਾੜਾ, ਫਿੱਟ ਇੰਡੀਆ ਮੂਵਮੈਂਟ, ਅਨੀਮੀਆ ਦੀ ਰੋਕਥਾਮ ਉੱਪਰ ਲੈਕਚਰ, ਐਨ.ਐਸ.ਐਸ ਦੀ ਪੰਜਾਹਵੀਂ ਵਰ੍ਹੇ ਗੰਢ ਮਨਾਈ ਗਈ, ਵਾਤਾਵਰਨ ਚੇਤਨਾ ਮੁਹਿੰਮ ਅਧੀਨ ਰੈਲੀ, ਰਾਸ਼ਟਰੀ ਏਕਤਾ ਦਿਵਸ, ਗਦਰ ਅੰਦੋਲਨ ’ਤੇ ਸੈਮੀਨਾਰ, ਮਹਿਲਾ ਦਿਵਸ ਅਤੇ ਖ਼ੂਨਦਾਨ ਕੈਂਪ ਆਦਿ ਪ੍ਰੋਗਰਾਮ ਆਯੋਜਿਤ ਕੀਤੇ ਗਏ। ਇਸ ਤੋਂ ਇਲਾਵਾ ਕਾਲਜ ਵਿਦਿਆਰਥੀਆਂ ਨੇ ਖੇਡਾਂ ਵਿੱਚ ਪੈੱਨ ਚੈੱਕ ਸਿਲਾਟ ਵਿੱਚ ਪੰਜਾਹ ਕਿਲੋਗ੍ਰਾਮ ’ਚੋਂ ਦੂਸਰਾ ਸਥਾਨ ਪ੍ਰਾਪਤ ਕੀਤਾ, ਵੇਟ ਲਿਫਟਿੰਗ ਵਿੱਚ ਪਹਿਲਾ ਸਥਾਨ, ਰੈਗੂ ਬੀਚ ਈਵੈਂਟ ਵਿੱਚ ਸਿਲਵਰ ਮੈਡਲ, ਤੁੰਗਲ ਬੀਚ ਈਵੈਂਟ ਵਿੱਚ ਬਰੋਨਜ਼ ਮੈਡਲ, ਰੈਗੂ ਵਿੱਚ ਬਰੋਨਜ਼ ਮੈਡਲ ਅਤੇ ਓਵਰਆਲ ਪੰਜਾਬੀ ਯੂਨੀਵਰਸਿਟੀ ਦਾ ਦੂਜਾ ਸਥਾਨ ਹਾਸਲ ਕੀਤਾ। ਇਸ ਤੋਂ ਇਲਾਵਾ ਆਲ ਇੰਡੀਆ ਇੰਟਰ ਯੂਨੀਵਰਸਿਟੀ ਵਿੱਚੋਂ ਰਘਬੀ ’ਚ ਦੂਜਾ ਸਥਾਨ, ਮੈਰਾਥਨ ਰੇਸ (42 ਕਿਲੋਮੀਟਰ) ਵਿੱਚ ਦਸਵਾਂ ਸਥਾਨ, ਕਬੱਡੀ ਅਤੇ ਹੈਂਡਬਾਲ ਪ੍ਰਤੀਯੋਗਤਾ ਵਿੱਚ ਭਾਗ ਲਿਆ, ਪੈਨਚੈੱਕ ਸਿਲਾਟ ਵਿੱਚ

ਦੋ ਗੋਲਡ ਮੈਡਲ (60) ਕਿਲੋਗ੍ਰਾਮ ਵਿੱਚ ਅਤੇ ਦੋ ਗੋਲਡ ਮੈਡਲ 50 ਕਿਲੋਗ੍ਰਾਮ ਵਿੱਚ, ਵੇਟ ਲਿਫਟਿੰਗ ਵਿੱਚ ਪਹਿਲਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਬਿਨ੍ਹਾਂ ਕਵੀਸ਼ਰੀ ਵਿੱਚ ਤੀਜਾ ਸਥਾਨ, ਗਿੱਧੇ ਵਿੱਚ ਤੀਜਾ ਸਥਾਨ, ਰੰਗੋਲੀ ਵਿੱਚ ਦੂਜਾ ਸਥਾਨ ਅਤੇ ਫੁਲਕਾਰੀ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ।

## ਗਾਂਧੀ ਮੈਮੋਰੀਅਲ ਕਾਲਜ ਫਾਰ ਵੂਮੈਨ, ਕੋਟਕਪੂਰਾ

**ਪ੍ਰਿੰਸੀਪਲ:** ਤੁਲਸਨ ਕੌਰ

ਅਧਿਆਪਕਾਂ ਦੀ ਗਿਣਤੀ 14 ਅਤੇ ਵਿਦਿਆਰਥੀਆਂ ਦੀ ਕੁਲ ਗਿਣਤੀ 64 ਹੈ। ਕਾਲਜ ਫੈਕਲਟੀ ਦੁਆਰਾ ਇੱਕ ਪੁਸਤਕ ਪ੍ਰਕਾਸ਼ਿਤ ਕਰਵਾਈ ਗਈ ਹੈ। ਕਾਲਜ ਦੁਆਰਾ ਪੰਜ ਸੈਮੀਨਾਰ ਅਤੇ ਵਰਕਸ਼ਾਪਾਂ ਆਯੋਜਿਤ ਕਰਵਾਈਆਂ ਗਈਆਂ। ਸਾਲ ਵਿੱਚ ਮਹੱਤਵਪੂਰਨ ਸਮਾਰੋਹਾਂ ਵਿੱਚ ਯੂਥ ਫੈਸਟੀਵਲ, ਸਲਾਨਾ ਅਥਲੈਟਿਕ ਮੀਟ, ਦੀਵਾਲੀ ਸੈਲੀਬਰੇਸ਼ਨ, 15 ਅਗਸਤ ਅਤੇ 26 ਜਨਵਰੀ ਆਦਿ ਮਹੱਤਵਪੂਰਨ ਦਿਵਸ ਮਨਾਏ ਗਏ।

## ਕਰਨਲ ਕਾਲਜ ਆਫ ਐਜੂਕੇਸ਼ਨ, ਮੰਚ, ਚੂੜਲ ਕਲਾਂ, ਸੰਗਰੂਰ

**ਪ੍ਰਿੰਸੀਪਲ:** ਡਾ. ਸ਼ੈਲਜਾ ਗੌਤਮ

ਅਧਿਆਪਕਾਂ ਦੀ ਕੁੱਲ ਗਿਦਤੀ 20 ਅਤੇ ਵਿਦਿਆਰਥੀਆਂ ਦੀ ਕੁੱਲ ਗਿਣਤੀ 296 ਹੈ। ਕਾਲਜ ਵਿੱਚ ਬੀ.ਐਡ ਅਤੇ ਐਮ.ਐਡ ਕੋਰਸ ਕਰਵਾਏ ਜਾਂਦੇ ਹਨ। ਕਾਲਜ ਵੱਲੋਂ ਇਕ ਸੈਮੀਨਾਰ, ਇਕ ਵਰਕਸ਼ਾਪ ਅਤੇ ਇਕ ਕਾਨਫਰੰਸ ਵਿੱਚ ਅਧਿਆਪਕਾਂ ਦੁਆਰਾ ਸ਼ਮੂਲੀਅਤ ਕੀਤੀ। ਅਧਿਆਪਕ ਦਿਵਸ, ਓਰੀਐਨਟੇਸ਼ਨ, ਸਵੱਛ ਭਾਰਤ, ਅਭਿਆਨ ਆਦਿ ਮਹੱਤਵਪੂਰਨ ਸਮਾਰੋਹ ਆਯੋਜਿਤ ਕੀਤੇ ਗਏ।

## ਕਰਨਲ ਡਿਗਰੀ ਕਾਲਜ, ਚੂੜਲ ਕਲਾਂ (ਸੰਗਰੂਰ)

**ਪ੍ਰਿੰਸੀਪਲ:** ਡਾ. ਜਸਪਾਲ ਸਿੰਘ

ਅਧਿਆਪਕਾਂ ਦੀ ਗਿਣਤੀ 16 ਹੈ ਅਤੇ ਵਿਦਿਆਰਥੀਆਂ ਦੀ ਗਿਣਤੀ 473 ਹੈ। ਕਾਲਜ ਵਿੱਚ ਕਰਵਾਏ ਜਾਂਦੇ ਕੋਰਸਾਂ ਵਿੱਚ BA (Arts), B.C.A., PGDCA, M.A. (Pbi), MSC (IT) ਹਨ। ਕਾਲਜ ਫੈਕਲਟੀ ਦੁਆਰਾ ਸਾਲ ਵਿੱਚ ਅਟੈਂਡ ਕੀਤੇ ਗਏ ਸੈਮੀਨਾਰਾਂ ਵਿੱਚ ਧਰਤੀ ਦਿਵਸ, ਔਰਤ ਦਿਵਸ ਆਦਿ ਮਹੱਤਵਪੂਰਨ ਸਮਾਗਮ ਹਨ। ਇਸ ਤੋਂ ਇਲਾਵਾ ਵਿਦਿਆਰਥੀਆਂ ਦੁਆਰਾ ਜ਼ੋਨਲ, ਖੇਤਰੀ ਅਤੇ ਉਚੇਰੇ ਪੱਧਰ 'ਤੇ ਸੱਭਿਆਚਾਰਕ ਸਰਗਰਮੀਆਂ ਵਿੱਚ ਸਪੀਚ ਕੰਪੀਟੀਸ਼ਨ ਵਿੱਚ ਦੂਜਾ ਸਥਾਨ, ਮੈਰਾਥਨ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ।

## ਐਸ.ਐਸ.ਡੀ ਗਰਲਜ਼ ਕਾਲਜ, ਬਠਿੰਡਾ

**ਪ੍ਰਿੰਸੀਪਲ:** ਡਾ. ਅਨੂ ਮਲਹੋਤਰਾ

ਕਾਲਜ ਵਿੱਚ ਅਧਿਆਪਕਾਂ ਦੀ ਗਿਣਤੀ 61 ਅਤੇ ਵਿਦਿਆਰਥੀਆਂ ਦੀ ਕੁੱਲ ਗਿਣਤੀ 862 ਹੈ। ਕਾਲਜ ਵਿੱਚ ਆਰਟਸ, ਕਾਮਰਸ, ਆਈ.ਟੀ. ਅਤੇ ਸਾਇੰਸ ਸਟਰੀਮਸ ਉਪਲਬੱਧ ਹਨ। ਕਾਲਜ ਵਿੱਚ ਬੀ.ਏ. ਬੀ.ਕਾਮ., ਬੀ.ਐਸ.ਸੀ. (ਮੈਡੀਕਲ), ਬੀ.ਐਸ.ਸੀ. (ਨਾਨ ਮੈਡੀਕਲ), ਬੀ.ਐਸ.ਸੀ. (ਸੀ.ਐਸ.ਐਮ.), ਬੀ.ਸੀ.ਏ., ਐਮ.ਐਸ.ਸੀ. (ਮੈਥਸ), ਐਮ.ਐਸ.ਸੀ. (ਆਈ.ਟੀ.) (ਰੈਗੂਲਰ), ਐਮ.ਐਸ.ਸੀ.ਆਈ.ਟੀ (ਲੈਟਰਲ ਐਂਟਰੀ), ਐਮ.ਕਾਮ., ਐੱਮ.ਏ. (ਹਿੰਦੀ, ਅੰਗਰੇਜ਼ੀ) ਕੋਰਸ ਕਰਵਾਏ ਜਾਂਦੇ ਹਨ। ਫੈਕਲਟੀ ਦੁਆਰਾ ਸਾਲ ਵਿੱਚ ਦੋ ਪੁਸਤਕਾਂ ਅਤੇ ਨੌ ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਫੈਕਲਟੀ ਦੁਆਰਾ ਸਾਲ ਵਿੱਚ ਅਟੈਂਡ ਕੀਤੇ ਗਏ ਸੈਮੀਨਾਰਾਂ, ਵਰਕਸ਼ਾਪ ਅਤੇ ਕਾਨਫਰੰਸਾਂ ਦੀ ਗਿਣਤੀ ਸੱਤ ਹੈ ਅਤੇ ਸਾਲ ਦੌਰਾਨ ਇਕ ਵਿਸ਼ੇਸ਼ ਭਾਸ਼ਣ ਵੀ ਕਰਵਾਇਆ ਗਿਆ। ਸਾਲ ਦੌਰਾਨ ਕਾਲਜ ਵਿੱਚ ਨੈਸ਼ਨਲ ਵੋਟਰ ਡੇ, ਕਰਾਟੇ ਵਰਕਸ਼ਾਪ, ਟਰਿੱਪ, ਵਰਕਸ਼ਾਪ ਉੱਦਮ ਵਿਕਾਸ, ਅੰਤਰ

ਰਾਸ਼ਟਰੀ ਮਾਤ ਭਾਸ਼ਾ ਦਿਵਸ, 40ਵਾਂ ਸਲਾਨਾ ਖੇਡ ਸਮਾਰੋਹ, ਸਵੱਛ ਭਾਰਤ ਮਿਸ਼ਨ ਤਹਿਤ ਸੈਮੀਨਾਰ, ਪੋਸ਼ਣ ਪਖਾਵਾੜਾ, ਸੱਤ ਰੋਜ਼ਾ ਐਨ.ਐਸ.ਐਸ. ਕੈਂਪ, ਕਨਵੋਕੇਸ਼ਨ, ਪੰਜਵਾਂ ਅੰਤਰਰਾਸ਼ਟਰੀ ਯੋਗਾ ਦਿਵਸ, ਵਿਸ਼ਵ ਵਾਤਾਵਰਣ ਦਿਵਸ, 550ਵੇਂ ਪ੍ਰਕਾਸ਼ ਪੂਰਬ ਨੂੰ ਸਮਰਪਿਤ ਗੁਰੂ ਨਾਨਕ ਬਗੀਚੀ ਦੀ ਸਥਾਪਨਾ, ਐਨ.ਐਸ.ਐਸ. ਗੋਲਡਨ ਜੁਬਲੀ ਨੂੰ ਸਮਰਪਿਤ ਸੈਮੀਨਾਰ, ਅਧਿਆਪਕ ਦਿਵਸ ਨੂੰ ਸਮਰਪਿਤ ਟੈਲੰਟ ਹੰਟ, ਪਲਾਸਟਿਕ ਮੁਕਤੀ ਮੁਹਿੰਮ, ਹਿੰਦੀ ਦਿਵਸ, ਰਾਸ਼ਟਰੀ ਪੋਸ਼ਣ ਦਿਵਸ, ਐਂਟੀ ਡਰੱਗ ਪ੍ਰੋਗਰਾਮ, ਕਾਮਰਸ ਵਿਭਾਗ ਵੱਲੋਂ ਐਚ.ਐਮ.ਈ.ਐਲ ਰਿਫ਼ਾਇਨਰੀ ਦਾ ਦੌਰਾ, ਰਾਸ਼ਟਰੀ ਏਕਤਾ ਦਿਵਸ ਅਤੇ ਵਿਸ਼ਵ ਏਡਜ਼ ਦਿਵਸ ਪ੍ਰੋਗਰਾਮ ਕਰਵਾਏ ਗਏ। ਕਾਲਜ ਦੇ ਵਿਦਿਆਰਥੀ ਅਰਸ਼ਦੀਪ ਸਿੰਘ ਨੇ ਕੁਇਜ਼ ਮੁਕਾਬਲੇ ਵਿੱਚ ਦੂਜਾ ਸਥਾਨ ਹਾਸਿਲ ਕੀਤਾ। ਇਸੇ ਤਰ੍ਹਾਂ ਪੋਸਟਰ ਮੇਕਿੰਗ ਮੁਕਾਬਲੇ ਵਿੱਚ ਪਵਿੱਤਰ ਸਿੰਘ ਨੇ ਦੂਜਾ ਸਥਾਨ ਹਾਸਿਲ ਕੀਤਾ ਅਤੇ ਵਾਦ-ਵਿਵਾਦ ਮੁਕਾਬਲੇ ਵਿੱਚ ਲਵਪ੍ਰੀਤ ਕੌਰ ਨੇ ਪਹਿਲਾ ਸਥਾਨ ਹਾਸਿਲ ਕੀਤਾ।

## ਸਰਕਾਰੀ ਬਿਕਰਮ ਕਾਲਜ ਆਫ਼ ਕਾਮਰਸ, ਪਟਿਆਲਾ

**ਪ੍ਰਿੰਸੀਪਲ:** ਡਾ. ਕੁਸਮ ਲਤਾ

ਅਧਿਆਪਕਾਂ ਦੀ ਕੁੱਲ ਗਿਣਤੀ 19 ਹੈ, ਜਿਸ ਵਿੱਚ ਇੱਕ ਰੈਗੂਲਰ ਪ੍ਰੋਫ਼ੈਸਰ, 3 ਐਸੋਸੀਏਟ ਪ੍ਰੋਫ਼ੈਸਰ, ਇੱਕ ਕਾਮਰਸ ਇੰਸਟਰੱਕਟਰ, 04 ਪਾਰਟ ਟਾਇਮ ਲੈਕਚਰਾਰ, 10 ਗੈਸਟ ਫੈਕਲਟੀ ਦੇ ਤੌਰ 'ਤੇ ਕੰਮ ਕਰਦੇ ਹਨ। ਕਾਲਜ ਵਿੱਚ 943 ਵਿਦਿਆਰਥੀ ਹਨ। ਕਾਲਜ ਫੈਕਲਟੀ ਦੁਆਰਾ ਚਾਰ ਪੁਸਤਕਾਂ ਪ੍ਰਕਾਸ਼ਿਤ ਕਰਵਾਈਆਂ ਗਈਆਂ ਅਤੇ ਫੈਕਲਟੀ ਦੁਆਰਾ ਸਾਲ ਵਿੱਚ ਇੱਕ ਖੋਜ ਪੱਤਰ ਪ੍ਰਕਾਸ਼ਿਤ ਕਰਵਾਇਆ ਗਿਆ। ਕਾਲਜ ਵਿੱਚ Officials from Minister of Information and Broadcasting ਦੁਆਰਾ ਕਾਲਜ ਵਿੱਚ ਇੱਕ ਰੋਜ਼ਾ ਵਰਕਸ਼ਾਪ ਕਰਵਾਈ ਗਈ। ਕਾਲਜ ਦੁਆਰਾ ਸਾਲ ਵਿੱਚ ਆਯੋਜਿਤ ਕਰਵਾਏ ਗਏ ਸਮਾਰੋਹਾਂ ਵਿੱਚ-ਐੱਨ.ਐੱਸ.ਐੱਸ. ਕੈਂਪ ਲਗਾਇਆ ਗਿਆ। ਨੈਸ਼ਨਲ ਵੋਟਰ ਡੇ, ਕਾਲਜ ਦੀ ਪਚੱਤਰਵੀਂ ਵਰ੍ਹੇਗੰਢ ਮਨਾਈ ਗਈ, ਗੁਰੂ ਨਾਨਕ ਦੇਵ ਜੀ ਦਾ 550ਵਾਂ ਜਨਮ ਦਿਵਸ ਮਨਾਇਆ ਗਿਆ। ਇਸ ਤੋਂ ਇਲਾਵਾ ਵਿਦਿਆਰਥੀਆਂ ਨੇ ਅਕਾਦਮਿਕ ਵਿੱਚ ਐਮ.ਕਾਮ ਚੋਂ ਤੀਜਾ ਸਥਾਨ, ਬੀ.ਕਾਮ. ਚੋਂ ਪਹਿਲਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ। ਵਿਦਿਆਰਥੀਆਂ ਦੁਆਰਾ ਖੇਡਾਂ ਵਿੱਚ ਰਾਜ, ਰਾਸ਼ਟਰੀ ਅੰਤਰਰਾਸ਼ਟਰੀ ਪੱਧਰ 'ਤੇ ਮੁੱਕੇਬਾਜ਼ੀ ਵਿੱਚੋਂ ਦੂਜਾ ਸਥਾਨ ਪ੍ਰਾਪਤ ਕੀਤਾ ਗਿਆ। ਵਿਦਿਆਰਥੀਆਂ ਦੁਆਰਾ ਜ਼ੋਨਲ, ਖੇਤਰੀ ਅਤੇ ਉਚੇਰੇ ਪੱਧਰ ਤੇ ਸੱਭਿਆਚਾਰਕ ਸਰਗਰਮੀਆਂ ਵਿੱਚ ਛਿੱਕੂ ਬਣਾਈ ਵਿੱਚ ਦੂਜਾ ਸਥਾਨ, ਰਾਈਟਿੰਗ ਕੰਟੈਸਟ ਵਿੱਚ ਪਹਿਲਾ ਸਥਾਨ ਅਤੇ ਬਾਲ ਸਾਹਿਤ ਕੁਇਜ਼ ਮੁਕਾਬਲੇ ਵਿੱਚ ਜਿਲ੍ਹਾ ਪੱਧਰ ਤੇ ਦੂਜਾ ਸਥਾਨ ਹਾਸਿਲ ਕੀਤਾ।

## ਸ਼ਿਵਾਲਿਕ ਗਰਲਜ਼ ਕਾਲਜ ਭੁੱਚੋ ਮੰਡੀ (ਬਠਿੰਡਾ)

**ਪ੍ਰਿੰਸੀਪਲ:** ਜਤਿੰਦਰ ਕੌਰ

ਅਧਿਆਪਕਾਂ ਦੀ ਕੁੱਲ ਗਿਣਤੀ ਦਸ ਅਤੇ ਵਿਦਿਆਰਥੀਆਂ ਦੀ ਕੁੱਲ ਗਿਣਤੀ 87 ਹੈ। ਉਪਲਬੱਧ ਸਟ੍ਰੀਮਸ ਵਿੱਚ (ਬੀ.ਏ.) ਹੈ। ਸਾਲ ਵਿੱਚ ਆਯੋਜਿਤ ਕੀਤੇ ਗਏ ਮਹੱਤਵਪੂਰਨ ਸਮਾਰੋਹਾਂ ਵਿੱਚ ਧੀਆਂ ਦੀ ਲੋਹੜੀ, ਮੈਂ ਤੀਆ ਵੇਖਣ ਜਾਣਾ ਲੋਕ ਗੀਤ, ਗੀਟੇ, ਕੋਲਾਜ ਬਣਾਉਣ ਅਤੇ ਰੰਗੋਲੀ ਬਣਾਉਣ ਵਿੱਚ ਭਾਗ ਲਿਆ। ਕਾਲਜ ਦੇ ਵਿਦਿਆਰਥੀਆਂ ਨੇ ਯੂਨੀਵਰਸਿਟੀ ਪੱਧਰ 'ਤੇ ਅਕਾਦਮਿਕ ਵਿੱਚ ਵੱਖ-ਵੱਖ ਸਥਾਨ ਪ੍ਰਾਪਤ ਕੀਤੇ।

## ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕਾਲਜ ਦਮਦਮਾ ਸਾਹਿਬ ਤਲਵੰਡੀ ਸਾਬੋ (ਬਠਿੰਡਾ)

**ਪ੍ਰਿੰਸੀਪਲ:** ਡਾ. ਆਨੰਦ ਬਾਂਸਲ।

ਮੌਜੂਦਾ ਫੈਕਲਟੀ ਵਿੱਚ ਐਸੋਸੀਏਟ ਪ੍ਰੋਫ਼ੈਸਰ ਇੱਕ, ਅਸਿਸਟੈਂਟ ਪ੍ਰੋਫ਼ੈਸਰ 13 ਅਤੇ ਪ੍ਰਬੰਧਕੀ ਤੇ ਸਹਾਇਕ ਅਮਲੇ ਵਿੱਚ 16 ਕਰਮਚਾਰੀ ਕੰਮ ਕਰਦੇ ਹਨ। ਕਾਲਜ ਵਿੱਚ ਜੇ.ਆਰ.ਐੱਫ ਦਾ ਇੱਕ ਵਿਦਿਆਰਥੀ ਹੈ। ਕਾਲਜ

ਵਿੱਚ ਕੁੱਲ 190 ਵਿਦਿਆਰਥੀ ਪੜ੍ਹਦੇ ਹਨ। ਕਾਲਜ ਫੈਕਲਟੀ ਦੁਆਰਾ ਸਾਲ ਵਿੱਚ ਦੋ ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਸਾਲ ਵਿੱਚ ਆਯੋਜਿਤ ਸੈਮੀਨਾਰਾਂ/ਵਰਕਸ਼ਾਪਾਂ ਵਿੱਚ ਇੱਕ ਨੈਸ਼ਨਲ ਕਾਨਫ਼ਰੰਸ ਕਰਵਾਈ ਗਈ। ਇੱਕ ਵਰਕਸ਼ਾਪ ਵਿੱਚ ਫੈਕਲਟੀ ਦੁਆਰਾ ਸ਼ਮੂਲੀਅਤ ਕੀਤੀ ਗਈ।

## ਐੱਮ.ਬੀ.ਐੱਸ.ਬੀ.ਐੱਨ.ਬੀ. ਕਾਲਜ, ਟਿੱਬਾ ਨੰਗਲ (ਰੋਪੜ)

**ਪ੍ਰਿੰਸੀਪਲ:** ਡਾ. ਸੁਰਜੀਤ ਸਿੰਘ

ਅਧਿਆਪਕਾਂ ਦੀ ਕੁੱਲ ਗਿਣਤੀ ਅਠ੍ਹਾਰਾਂ ਹੈ, ਵਿਦਿਆਰਥੀਆਂ ਦੀ ਕੁੱਲ ਗਿਣਤੀ 188 ਹੈ। ਉਪਲੱਬਧ ਸਟ੍ਰੀਮਸ ਵਿੱਚ ਬੀ.ਏ., ਬੀ.ਕਾਮ., ਬੀ.ਐੱਸ.ਸੀ. ਅਤੇ ਪੀ.ਜੀ.ਡੀ.ਸੀ.ਏ. ਦੇ ਕੋਰਸ ਕਰਵਾਏ ਜਾਂਦੇ ਹਨ। ਕਾਲਜ ਦੁਆਰਾ ਸਾਲ ਵਿੱਚ ਇੱਕ ਕਾਨਫ਼ਰੰਸ ਆਯੋਜਿਤ ਕਰਵਾਈ ਗਈ। ਯੂਨੀਵਰਸਿਟੀ ਪੱਧਰ ’ਤੇ ਵਿਦਿਆਰਥੀਆਂ ਨੇ ਅਕਾਦਮਿਕ ਵਿੱਚ ਪਹਿਲਾਂ ਸਥਾਨ ਪ੍ਰਾਪਤ ਕੀਤਾ। ਕਾਲਜ ਦੇ ਵਿਦਿਆਰਥੀਆਂ ਦੁਆਰਾ ਜ਼ੋਨਲ, ਖੇਤਰੀ ਅਤੇ ਉਚੇਰੇ ਪੱਧਰ ’ਤੇ ਸੱਭਿਆਚਾਰਕ ਸਮਾਗਮਾਂ ਵਿੱਚੋਂ ਲੋਕ ਗੀਤ ਵਿੱਚ ਤੀਜੀ ਪੁਜ਼ੀਸ਼ਨ ਅਤੇ ਰੋਪ ਐਂਡ ਸਟੈਪੂ ਵਿੱਚ ਦੂਜੀ ਪੁਜੀਸ਼ਨ ਹਾਸਿਲ ਕੀਤੀ।

## ਐੱਸ.ਐੱਸ.ਡੀ. ਕਾਲਜ, ਬਰਨਾਲਾ

**ਪ੍ਰਿੰਸੀਪਲ:** ਇੰਚਾਰਜ

ਕਾਲਜ ਵਿੱਚ ਵਿਦਿਆਰਥੀਆਂ ਦੀ ਗਿਣਤੀ 595 ਹੈ ਅਤੇ ਅਧਿਆਪਕਾਂ ਦੀ ਗਿਣਤੀ 30 ਹੈ। ਕਾਲਜ ਵਿੱਚ ਕਰਵਾਏ ਜਾਂਦੇ ਕੋਰਸਾਂ ਵਿੱਚ ਬੀ.ਏ., ਬੀ.ਸੀ.ਏ., ਪੀ.ਜੀ.ਡੀ.ਸੀ.ਏ., ਐੱਮ.ਏ. (ਪੰਜਾਬੀ), ਬੀ.ਕਾਮ, ਐਮ.ਐਸ.ਸੀ. (ਆਈ.ਟੀ) ਸ਼ਾਮਲ ਹਨ। ਫੈਕਲਟੀ ਦੁਆਰਾ ਆਯੋਜਿਤ ਕੀਤੇ ਗਏ ਸੈਮੀਨਾਰਾਂ/ਵਰਕਸ਼ਾਪਾਂ ਦੀ ਗਿਣਤੀ ਪੰਜ ਹੈ। ਵਿਸ਼ੇਸ਼ ਸਮਾਰੋਹਾਂ ਵਿੱਚ ਕਾਲਜ ਦੁਆਰਾ ਐਥਲੈਟਿਕਸ ਮੀਟ ਕਰਵਾਈ ਗਈ।

## ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ

**ਪ੍ਰਿੰਸੀਪਲ:** ਡਾ. ਸਿਮਰਤ ਕੌਰ

ਅਧਿਆਪਕਾਂ ਦੀ ਕੁੱਲ ਗਿਣਤੀ 205 ਅਤੇ ਵਿਦਿਆਰਥੀਆਂ ਦੀ ਕੁੱਲ ਗਿਣਤੀ 8185 ਹੈ। ਫੈਕਲਟੀ ਦੁਆਰਾ ਸਾਲ ਵਿੱਚ 2 ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਗਈਆਂ ਅਤੇ 07 ਖੋਜ ਪੱਤਰ ਪ੍ਰਕਾਸ਼ਿਤ ਕੀਤੇ ਗਏ। ਅਟੈਂਡ ਕੀਤੇ ਗਏ ਸੈਮੀਨਾਰਾਂ, ਵਰਕਸ਼ਾਪਾਂ ਅਤੇ ਕਾਨਫ਼ਰੰਸਾਂ ਦੀ ਗਿਣਤੀ 38 ਹੈ। ਆਯੋਜਿਤ ਕੀਤੇ ਗਏ ਸੈਮੀਨਾਰਾਂ, ਵਰਕਸ਼ਾਪਾਂ, ਕਾਨਫ਼ਰੰਸਾਂ ਅਤੇ ਵਿਸ਼ੇਸ਼ ਭਾਸ਼ਣਾਂ ਦੀ ਗਿਣਤੀ 35 ਹੈ। ਕਾਲਜ ਵਿੱਚ ਐਨ.ਸੀ.ਸੀ. ਦੀਆਂ 03 ਯੂਨਿਟਾਂ ਹਨ ਅਤੇ ਐਨ.ਐਸ.ਐਸ. ਦੀਆਂ 05 ਯੂਨਿਟਾਂ ਹਨ। ਸਾਲ ਵਿੱਚ ਆਯੋਜਿਤ ਕੀਤੇ ਗਏ ਮਹੱਤਵਪੂਰਨ ਸਮਾਰੋਹਾਂ ਅਤੇ ਕਾਰਜਾਂ ਦੀ ਗਿਣਤੀ 12 ਹੈ। ਕਾਲਜ ਨੇ ਅੰਤਰਰਾਸ਼ਟਰੀ ਮੁਕਾਬਲਿਆਂ ਵਿੱਚ ਸਾਈਕਲਿੰਗ ਵਿੱਚ ਗੋਲਡ ਮੈਡਲ ਪ੍ਰਾਪਤ ਕੀਤਾ, ਸ਼ੂਟਿੰਗ (ਟਰੈਮ ਟੀਮ) ਨੇ 02 ਸਿਲਵਰ ਮੈਡਲ ਪ੍ਰਾਪਤ ਕੀਤੇ, ਪੰਜਾਬ ਸਟੇਟ ਪੱਧਰ ਮੁਕਾਬਲੇ (ਲੜਕੇ) ਵਿੱਚ ਸ਼ੂਟਿੰਗ ਵਿੱਚ ਗੋਲਡ ਮੈਡਲ ਪ੍ਰਾਪਤ ਕੀਤਾ, ਨੈਸ਼ਨਲ ਪੱਧਰ ਮੁਕਾਬਲੇ (ਲੜਕੇ) ਚੈੱਸ ਵਿੱਚ ਭਾਗ ਲਿਆ ਅਤੇ ਵਰਲਡ ਅਮੈਚਿਊਰ ਚੈੱਸ ਚੈਂਪੀਅਨਸ਼ਿਪ ਮੈਕਸੀਕੋ ਲਈ ਚੁਣਿਆ ਗਿਆ। ਅੰਤਰ ਕਾਲਜ ਖੇਡ ਮੁਕਾਬਲਿਆਂ (ਲੜਕੀਆਂ) ਜੂਡੋ ਵਿੱਚ ਦੋ ਗੋਲਡ ਮੈਡਲ ਪ੍ਰਾਪਤ ਕੀਤੇ। ਸਵਿਮਿੰਗ ਵਿੱਚ ਦੋ ਗੋਲਡ ਮੈਡਲ ਪ੍ਰਾਪਤ ਕੀਤੇ। ਜਿਮਨਾਸਟਿਕਸ (ਰਿਦਮਿਕ) ਵਿੱਚ 1 ਸਿਲਵਰ ਮੈਡਲ ਤੇ 1 ਬਰੋਂਜ ਮੈਡਲ ਪ੍ਰਾਪਤ ਕੀਤਾ।

## ਯੂਨੀਵਰਸਿਟੀ ਕਾਲਜ, ਬਹਾਦਰਪੁਰ (ਮਾਨਸਾ)

**ਪ੍ਰਿੰਸੀਪਲ:** ਡਾ. ਬਲਦੇਵ ਸਿੰਘ

ਕਾਲਜ ਵਿੱਚ ਅਧਿਆਪਕਾਂ ਦੀ ਕੁੱਲ ਗਿਣਤੀ 22 ਅਤੇ ਵਿਦਿਆਰਥੀਆਂ ਦੀ ਗਿਣਤੀ 684 ਹੈ। ਉਪਲੱਬਧ ਸਟ੍ਰੀਮਸ ਵਿੱਚ ਆਰਟਸ ਅਤੇ ਕਾਮਰਸ ਸ਼ਾਮਲ ਹਨ। ਕਾਲਜ ਫੈਕਲਟੀ ਦੁਆਰਾ ਸਾਲ ਵਿੱਚ ਇੱਕ ਪੁਸਤਕ ਪ੍ਰਕਾਸ਼ਿਤ ਕੀਤੀ ਗਈ ਅਤੇ ਛੇ ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਕਾਲਜ ਫੈਕਲਟੀ ਦੁਆਰਾ ਸਾਲ ਵਿੱਚ ਦਸ ਸੈਮੀਨਾਰ/ਕਾਨਫਰੰਸਾਂ ਕਰਵਾਈਆਂ ਗਈਆਂ। ਇਸ ਤੋਂ ਇਲਾਵਾ ਕਾਲਜ ਫੈਕਲਟੀ ਦੁਆਰਾ ਤਿੰਨ ਭਾਸ਼ਣ ਆਯੋਜਿਤ ਕਰਵਾਏ ਗਏ। ਸਾਲ ਵਿੱਚ ਮਹੱਤਵਪੂਰਨ ਸਮਾਰੋਹਾਂ ਵਿੱਚ ਸਲਾਨਾ ਅਥਲੈਟਿਕ ਮੀਟ, ਸੱਤ ਰੋਜ਼ਾ ਐੱਨ.ਐੱਸ.ਐੱਸ. ਕੈਂਪ ਆਯੋਜਿਤ ਕੀਤਾ ਗਿਆ। ਕਾਲਜ ਵਿਦਿਆਰਥੀਆਂ ਦੁਆਰਾ ਖੇਤਰੀ ਯੁਵਕ ਮੇਲੇ ਵਿੱਚ ਲੋਕ ਗੀਤ 'ਚੋਂ ਪਹਿਲਾ ਸਥਾਨ ਗਿੱਧਾ ਪਿੱਠੂ ਅਤੇ ਮਾਇਮ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਅੰਤਰ ਜ਼ੋਨਲ ਯੁਵਕ ਮੇਲੇ ਵਿੱਚ ਰਵਾਇਤੀ ਲੋਕ ਗੀਤ ਵਿੱਚੋਂ ਦੂਜਾ ਸਥਾਨ ਪ੍ਰਾਪਤ ਕੀਤਾ ਗਿਆ।

## ਮਾਘੀ ਮੈਮੋਰੀਅਲ ਕਾਲਜ ਫਾਰ ਵਿਮੈਨ, ਅਮਲੋਹ

**ਪ੍ਰਿੰਸੀਪਲ:** ਡਾ. ਮਨਦੀਪ ਕੌਰ

ਅਧਿਆਪਕਾਂ ਦੀ ਕੁੱਲ ਗਿਣਤੀ 15 ਅਤੇ ਵਿਦਿਆਰਥੀਆਂ ਦੀ ਕੁੱਲ ਗਿਣਤੀ 70 ਹੈ। ਫੈਕਲਟੀ ਦੁਆਰਾ ਸਾਲ ਵਿੱਚ ਪ੍ਰਕਾਸ਼ਿਤ ਪੁਸਤਕਾਂ ਦੀ ਗਿਣਤੀ 01 ਹੈ ਤੇ ਪ੍ਰਕਾਸ਼ਿਤ ਖੋਜ ਪੱਤਰਾਂ ਦੀ ਗਿਣਤੀ 03 ਹੈ। ਫੈਕਲਟੀ ਦੁਆਰਾ ਸਾਲ ਵਿੱਚ 2 ਸੈਮੀਨਾਰ ਅਟੈਂਡ ਕੀਤੇ ਗਏ। ਕਾਲਜ ਦੁਆਰਾ ਸਾਲ ਵਿੱਚ 05 ਸੈਮੀਨਾਰ ਆਯੋਜਿਤ ਕਰਵਾਏ ਗਏ। ਫੈਕਲਟੀ ਦੁਆਰਾ ਸਾਲ ਵਿੱਚ ਟੇਲੈਂਟ ਹੰਟ, ਫੈਸਟੀਵਲ, ਕਵੀ ਸੰਮੇਲਨ, ਅਥਲੈਟਿਕ ਮੀਟ ਆਦਿ ਸਮਾਗਮ ਆਯੋਜਿਤ ਕਰਵਾਏ ਗਏ। ਮੈਰਿਟ ਸਕਾਲਰਸ਼ਿਪ-ਬੀ.ਏ. (ਭਾਗ-ਤੀਜਾ) ਦੀਆਂ ਵਿਦਿਆਰਥਣਾਂ ਰਜ਼ੀਆ ਬੇਗਮ ਅਤੇ ਸੁਖਵੀਰ ਕੌਰ ਨੂੰ ਪ੍ਰਾਪਤ ਹੋਈ।

## ਮਾਤਾ ਸਾਹਿਬ ਕੌਰ ਗਰਲਜ਼ ਕਾਲਜ, ਤਲਵੰਡੀ ਸਾਬੋ (ਬਠਿੰਡਾ)

**ਪ੍ਰਿੰਸੀਪਲ:** ਡਾ. ਸਤਿੰਦਰ ਕੌਰ ਮਾਨ (ਕਾਰਜਕਾਰੀ)

ਅਧਿਆਪਕਾਂ ਦੀ ਕੁੱਲ ਗਿਣਤੀ 42 ਅਤੇ ਵਿਦਿਆਰਥੀਆਂ ਦੀ ਕੁੱਲ ਗਿਣਤੀ 522 ਹੈ। ਫੈਕਲਟੀ ਦੁਆਰਾ ਇੱਕ ਪੁਸਤਕ ਪ੍ਰਕਾਸ਼ਿਤ ਕੀਤੀ ਗਈ ਤੇ 8 ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਫੈਕਲਟੀ ਦੁਆਰਾ ਸਾਲ-2019 ਵਿੱਚ 06 ਸੈਮੀਨਾਰ/ਵਰਕਸ਼ਾਪਾਂ ਅਟੈਂਡ ਕੀਤੀਆਂ ਗਈਆਂ। ਫੈਕਲਟੀ ਦੁਆਰਾ ਸਾਲ ਵਿੱਚ 03 ਸੈਮੀਨਾਰ ਆਯੋਜਿਤ ਕੀਤੇ ਗਏ।

## ਬੀਬੀ ਸ਼ਰਨ ਕੌਰ ਖਾਲਸਾ ਕਾਲਜ, ਸ੍ਰੀ ਚਮਕੌਰ ਸਾਹਿਬ, ਰੋਪੜ

**ਪ੍ਰਿੰਸੀਪਲ:** ਡਾ. ਜਸਵੀਰ ਸਿੰਘ

ਅਧਿਆਪਕਾਂ ਦੀ ਕੁੱਲ ਗਿਣਤੀ 26 (ਰੈਗੂਲਰ 09, ਐਡਹਾਕ 17), ਵਿਦਿਆਰਥੀਆਂ ਦੀ ਗਿਣਤੀ 230 ਹੈ। ਕਾਲਜ ਫੈਕਲਟੀ ਦੁਆਰਾ ਸਾਲ ਵਿੱਚ 2 ਅੰਤਰਰਾਸ਼ਟਰੀ ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਕਾਲਜ ਫੈਕਲਟੀ ਦੁਆਰਾ ਦਸ ਵਰਕਸ਼ਾਪਾਂ ਅਤੇ ਕਾਨਫਰੰਸਾਂ ਅਟੈਂਡ ਕੀਤੀਆਂ ਗਈਆਂ ਜਿਨ੍ਹਾਂ ਵਿੱਚ ਦੋ ਅੰਤਰਰਾਸ਼ਟਰੀ, ਛੇ ਰਾਸ਼ਟਰੀ ਅਤੇ ਦੋ ਵਰਕਸ਼ਾਪਾਂ ਸ਼ਾਮਲ ਹਨ। ਆਯੋਜਿਤ ਕੀਤੇ ਸੈਮੀਨਾਰਾਂ ਵਿੱਚ ਛੇ ਵਿਸ਼ੇਸ਼ ਭਾਸ਼ਣ ਅਤੇ ਤਿੰਨ ਵਰਕਸ਼ਾਪਾਂ ਲਗਾਈਆਂ ਗਈਆਂ। ਕਾਲਜ ਫੈਕਲਟੀ ਦੁਆਰਾ ਐਥਲੈਟਿਕਸ ਮੀਟ ਕਰਵਾਈ ਗਈ, ਗੁਰੂ ਨਾਨਕ ਦੇਵ ਜੀ ਦਾ 550ਵਾਂ ਜਨਮ ਦਿਨ ਮਨਾਇਆ ਗਿਆ। ਇਸਦੇ ਨਾਲ ਹੀ ਅੰਤਰਰਾਸ਼ਟਰੀ ਯੋਗ ਦਿਵਸ, ਸੁੰਦਰ ਲਿਖਾਈ ਮੁਕਾਬਲਾ ਆਦਿ ਪ੍ਰੋਗਰਾਮ ਕਰਵਾਏ ਗਏ।

## ਪਟੇਲ ਮੈਮੋਰੀਅਲ ਨੈਸ਼ਨਲ ਕਾਲਜ, ਰਾਜਪੁਰਾ

**ਪ੍ਰਿੰਸੀਪਲ:** ਡਾ. ਅਸ਼ਵਨੀ ਕੁਮਾਰ

ਕਾਲਜ ਵਿੱਚ ਅਧਿਆਪਕਾਂ ਦੀ ਕੁੱਲ ਗਿਣਤੀ 78 ਅਤੇ ਵਿਦਿਆਰਥੀਆਂ ਦੀ ਗਿਣਤੀ 1932 ਹੈ। ਕਾਲਜ ਵਿੱਚ ਸਾਇੰਸ, ਕਾਮਰਸ, ਆਰਟਸ, ਜਰਨਲਿਜ਼ਮ, ਫੈਸ਼ਨ ਟੈਕਨਾਲੋਜੀ, ਐਗਰੀਕਲਚਰ, ਕੰਪਿਊਟਰ ਸਾਇੰਸ ਅਤੇ ਮੈਨੇਜਮੈਂਟ ਸਟ੍ਰੀਮਜ਼ ਉਪਲੱਬਧ ਹਨ। ਕਾਲਜ ਫੈਕਲਟੀ ਵੱਲੋਂ ਸਾਲ ਵਿੱਚ 03 ਪੁਸਤਕਾਂ ਅਤੇ 40 ਖੋਜ-ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਕਾਲਜ ਦੁਆਰਾ ਸਾਲ ਵਿੱਚ 77 ਸੈਮੀਨਾਰ, ਵਰਕਸ਼ਾਪ, ਕਾਨਫ਼ਰੰਸਾਂ ਆਯੋਜਿਤ ਕੀਤੀਆਂ ਗਈਆ। 12 ਜਨਵਰੀ, 2019 ਨੂੰ ਜਰਨਲਿਜ਼ਮ ਵਿਭਾਗ ਵੱਲੋਂ ਕਾਲਜ ਵਿਖੇ ਹਰੀ ਹਰਿਆਵਲ ਲੋਹੜੀ ਦੇ ਨਾਮ ਹੇਠ ਲੋਹੜੀ ਦਾ ਤਿਉਹਾਰ ਸੱਭਿਆਚਾਰਕ ਢੰਗ ਨਾਲ ਮਨਾਇਆ ਗਿਆ। ਇਸ ਮੌਕੇ ਪੰਜਾਬੀ ਲੋਕ ਗਾਇਕਾ ਅਫ਼ਸਾਨਾ ਬਾਦਲ ਵੱਲੋਂ ਪੰਜਾਬੀ ਸੱਭਿਆਚਾਰ ਅਤੇ ਲੋਹੜੀ ਨਾਲ ਸੰਬੰਧਿਤ ਗੀਤ ਪ੍ਰਸਤੁਤ ਕੀਤੇ ਗਏ। 9 ਫਰਵਰੀ 2019 ਨੂੰ ਅਰਥ ਸ਼ਾਸਤਰ ਵਿਭਾਗ ਵੱਲੋਂ ਇਕ ਭਾਸ਼ਣ ਕਰਵਾਇਆ ਗਿਆ। ਇਸ ਤਹਿਤ ਰਾਮਗੜ੍ਹੀਆ ਕਾਲਜ ਫਗਵਾੜਾ ਤੋਂ ਪ੍ਰੋ. ਜਸਕਰਨ ਸਿੰਘ ਨੇ ਖੇਤੀ ਸੰਕਟ ਵਿਸ਼ੇ 'ਤੇ ਆਪਣੇ ਵਿਚਾਰ ਸਟਾਫ਼ ਅਤੇ ਵਿਦਿਆਰਥੀਆਂ ਨਾਲ ਸਾਂਝੇ ਕੀਤੇ। ਕਾਲਜ ਦੇ ਵਿਦਿਆਰਥੀ ਲਵਪ੍ਰੀਤ ਸਿੰਘ, ਦਿਲਬਾਗ ਸਿੰਘ (ਬੀ.ਏ.- ਭਾਗ ਤੀਜਾ) ਨੇ ਰੱਸਾਕਸ਼ੀ 640 ਕਿਲੋਗ੍ਰਾਮ 'ਚ ਤੀਜੀ ਪੁਜੀਸ਼ਨ ਹਾਸਿਲ ਕੀਤੀ।

## ਬਾਬਾ ਪਰਮਾਨੰਦ ਕੰਨਿਆ ਮਹਾਂਵਿਦਿਆਲਿਆ, ਜਖੇਪਲ

**ਪ੍ਰਿੰਸੀਪਲ:** ਡਾ. ਓਂਕਾਰ ਸਿੰਘ

ਕਾਲਜ ਵਿੱਚ ਅਧਿਆਪਕਾਂ ਦੀ ਕੁੱਲ ਗਿਣਤੀ 17 ਅਤੇ ਵਿਦਿਆਰਥੀਆਂ ਦੀ 188 ਹੈ। ਕਾਲਜ ਵੱਲੋਂ 5 ਕਾਨਫ਼ਰੰਸਾਂ ਆਯੋਜਿਤ ਕੀਤੀਆਂ ਗਈਆਂ। ਕਾਲਜ ਵਿੱਚ ਇੱਕ ਐਨ.ਐਸ.ਐਸ. ਯੂਨਿਟ ਹੈ। ਰਾਸ਼ਟਰੀ ਖੇਡ ਦਿਵਸ, 550ਵਾਂ ਪ੍ਰਕਾਸ਼ ਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ, ਸੁਖਮਨੀ ਸਾਹਿਬ ਪਾਠ ਅਤੇ ਤੀਜ ਤਿਉਹਾਰ ਵਰਗੇ ਮਹੱਤਵਪੂਰਨ ਦਿਵਸ ਮਨਾਏ ਗਏ। ਵਿੱਦਿਅਕ ਟੂਰ, ਏਕਤਾ ਦਿਵਸ, ਸਦਭਾਵਨਾ ਦਿਵਸ ਸਲਾਨਾ ਅਥਲੈਟਿਕ ਮੀਟ ਕਰਵਾਈ ਗਈ। ਭਾਈ ਗੁਰਦਾਸ ਇੰਸਟੀਚਿਊਟ ਆਫ਼ ਐਜੂਕੇਸ਼ਨ ਵਿਖੇ 3 ਰੋਜ਼ਾ ਖੇਤਰੀ ਯੁਵਕ ਮੇਲੇ ਵਿੱਚ ਵਿਦਿਆਰਥੀਆਂ ਵੱਲੋਂ ਭਾਗ ਲਿਆ ਗਿਆ।

## ਗੁਰੂਕੂਲ ਕਾਲਜ ਫਾਰ ਵੂਮੈਨ, ਕੋਠੇ (ਕੋਟਕਪੂਰਾ)

**ਪ੍ਰਿੰਸੀਪਲ:** ਪ੍ਰੋ. ਧਨਜਿੰਦਰ ਸਿੰਘ

ਅਧਿਆਪਕਾਂ ਦੀ ਗਿਣਤੀ 20 ਅਤੇ ਵਿਦਿਆਰਥੀਆਂ ਦੀ ਕੁੱਲ ਗਿਣਤੀ 123 ਹੈ। ਕਰਵਾਏ ਜਾਂਦੇ ਕੋਰਸਾਂ ਵਿੱਚ ਬੀ.ਏ., ਬੀ.ਕਾਮ., ਬੀ.ਸੀ.ਏ., ਬੀ.ਬੀ.ਏ., ਬੀ.ਐੱਸ.ਸੀ. (ਮੈਡੀਕਲ, ਨਾਨ-ਮੈਡੀਕਲ, ਪੀ.ਜੀ.ਡੀ.ਸੀ.ਏ., ਪੀ.ਜੀ.ਡੀ.ਡੀ.ਡੀ. & ਟੀ. ਡਿਪਲੋਮਾ, ਫੈਸ਼ਨ ਡਿਜ਼ਾਇਨਿੰਗ ਆਦਿ ਸ਼ਾਮਲ ਹਨ। ਕਾਲਜ ਦੁਆਰਾ ਸਾਲ ਵਿੱਚ ਪੰਜ ਸੈਮੀਨਾਰ ਆਯੋਜਿਤ ਕਰਵਾਏ ਗਏ। ਇਸ ਤੋਂ ਇਲਾਵਾ ਮਹੱਤਵਪੂਰਨ ਸਮਾਰੋਹਾਂ ਵਿੱਚ ਧੀਆਂ ਦੀ ਲੋਹੜੀ, ਤੀਆਂ ਦਾ ਤਿਉਹਾਰ, ਖੇਤਰੀ ਯੁਵਕ ਮੇਲਾ ਆਦਿ ਆਯੋਜਿਤ ਕਰਵਾਏ ਗਏ। ਅਕਾਦਮਿਕ ਪ੍ਰਾਪਤੀਆਂ ਵਿੱਚ ਕਾਲਜ ਵਿਦਿਆਰਥਣ ਨੇ ਯੂਨੀਵਰਸਿਟੀ ਪੱਧਰ 'ਤੇ ਬੀ.ਐਸ.ਸੀ. ਨਾਨ-ਮੈਡੀਕਲ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ।

## ਬਾਬਾ ਫ਼ਰੀਦ ਲਾਅ ਕਾਲਜ, ਫ਼ਰੀਦਕੋਟ

**ਪ੍ਰਿੰਸੀਪਲ:** ਇੰਚਾਰਜ

ਕਾਲਜ ਵਿੱਚ ਅਧਿਆਪਕਾਂ ਦੀ ਕੁੱਲ ਗਿਣਤੀ 22 ਹੈ ਅਤੇ ਵਿਦਿਆਰਥੀਆਂ ਦੀ ਕੁੱਲ ਗਿਣਤੀ-950 ਹੈ। ਕਾਲਜ ਵਿੱਚ ਕਰਵਾਏ ਜਾਂਦੇ ਕੋਰਸਾਂ ਵਿੱਚ ਬੀ.ਏ. ਐੱਲ.ਐੱਲ.ਬੀ. (ਪੰਜ ਸਾਲਾਂ ਕੋਰਸ), ਐੱਲ.ਐੱਲ.ਬੀ (ਤਿੰਨ

ਸਾਲਾਂ ਕੋਰਸ) ਸ਼ਾਮਲ ਹਨ। ਕਾਲਜ ਫੈਕਲਟੀ ਦੁਆਰਾ ਸਾਲ ਵਿੱਚ ਤਿੰਨ ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਕਾਲਜ ਫੈਕਲਟੀ ਦੁਆਰਾ ਸਾਲ ਵਿੱਚ ਸੱਤ ਸੈਮੀਨਾਰ ਤੇ ਵਰਕਸ਼ਾਪਾਂ ਅਟੈਂਡ ਕੀਤੀਆਂ ਗਈਆਂ। ਇਸ ਤੋਂ ਇਲਾਵਾ 25 ਸੈਮੀਨਾਰ ਅਤੇ ਕਾਨਫ਼ਰੰਸਾਂ ਆਯੋਜਿਤ ਕਰਵਾਈਆਂ ਗਈਆਂ। ਇਸ ਤੋਂ ਇਲਾਵਾ ਸਾਲ ਵਿੱਚ ਮਹੱਤਵਪੂਰਨ ਸਮਾਰੋਹਾਂ ਵਿੱਚ ਲੋਹੜੀ, ਸੁਤੰਤਤਰਤਾ ਦਿਵਸ, ਗਣਤੰਤਰ ਦਿਵਸ, ਲਾਅ ਡੇ, ਟੀਚਰ ਡੇ, ਅਖੰਡ ਪਾਠ, ਫੇਅਰਵੈੱਲ ਅਤੇ ਬੀ.ਏ.ਐੱਲ.ਐੱਲ.ਬੀ. ਹੋਸਟਲ ਨਾਈਟ ਆਦਿ ਪ੍ਰੋਗਰਾਮ ਕਰਵਾਏ ਗਏ। ਵਿਦਿਆਰਥੀਆਂ ਦੁਆਰਾ ਅਕਾਦਮਿਕ ਖੇਤਰ ਵਿੱਚ ਐੱਲ.ਐੱਲ.ਬੀ. ਵਿੱਚੋਂ ਗੋਲਡ ਮੈਡਲ ਪ੍ਰਾਪਤ ਕੀਤਾ। ਸੱਭਿਆਚਾਰਕ ਸਰਗਰਮੀਆਂ ਵਿੱਚ ਵਿਸ਼ੇਸ਼ ਪ੍ਰਾਪਤੀਆਂ ਵਿੱਚ ਜ਼ੋਨਲ ਪੱਧਰ ’ਤੇ ਭਾਸ਼ਣ ਵਿੱਚ ਪਹਿਲਾ ਸਥਾਨ, ਕਵਿਤਾ ਵਿੱਚ ਦੂਜਾ ਸਥਾਨ, ਪ੍ਰਸ਼ਨੋਤਰੀ ਵਿੱਚ ਪਹਿਲਾ ਸਥਾਨ ਅਤੇ ਇੰਟਰਜ਼ੋਨਲ ਪੱਧਰ ’ਤੇ ਭਾਸ਼ਣ ਵਿੱਚ ਤੀਜਾ ਸਥਾਨ, ਪ੍ਰਸ਼ਨੋਤਰੀ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ।

## ਐੱਸ.ਬੀ.ਐੱਸ.ਬੀ.ਐੱਮ. ਯੂਨੀਵਰਸਿਟੀ ਕਾਲਜ, ਸਰਦੂਲਗੜ੍ਹ (ਮਾਨਸਾ)

**ਪ੍ਰਿੰਸੀਪਲ:** ਸਰਬਜੀਤ ਕੌਰ

ਅਧਿਆਪਕਾਂ ਦੀ ਕੁੱਲ ਗਿਣਤੀ 07 ਹੈ ਅਤੇ ਵਿਦਿਆਰਥੀਆਂ ਦੀ ਕੁੱਲ ਗਿਣਤੀ 743 ਹੈ। ਉਪਲਬੱਧ ਸਟ੍ਰੀਮਸ ਵਿੱਚ ਆਰਟਸ, ਸਾਇੰਸ, ਕਾਮਰਸ, ਮੈਨੇਜਮੈਂਟ ਅਤੇ ਕੰਪਿਊਟਰ ਹਨ। ਫੈਕਲਟੀ ਦੁਆਰਾ ਸਾਲ ਵਿੱਚ ਇੱਕ ਪੁਸਤਕ ਪ੍ਰਕਾਸ਼ਿਤ ਕਰਵਾਈ ਗਈ। ਇਸ ਤੋਂ ਇਲਾਵਾ ਫੈਕਲਟੀ ਦੁਆਰਾ ਤਿੰਨ ਸੈਮੀਨਾਰ/ਕਾਨਫ਼ਰੰਸਾਂ ਕਰਵਾਈਆਂ ਗਈਆਂ। ਸਾਲ ਵਿੱਚ ਆਯੋਜਿਤ ਕੀਤੇ ਮਹੱਤਵਪੂਰਨ ਸਮਾਰੋਹਾਂ ਅਤੇ ਕਾਰਜਾਂ ਵਿੱਚ ਅਥਲੈਟਿਕ ਮੀਟ, ਅੰਤਰਰਾਸ਼ਟਰੀ ਯੋਗਾ ਦਿਵਸ, ਐੱਨ.ਐੱਸ.ਐੱਸ ਦਾ ਸੱਤ ਰੋਜ਼ਾ ਕੈਂਪ ਆਦਿ ਕਰਵਾਏ ਗਏ। ਵਿਦਿਆਰਥੀਆਂ ਦੁਆਰਾ ਖੇਡਾਂ ਵਿੱਚ ਅੰਤਰ ਕਾਲਜ ਅਥਲੈਟਿਕਸ (ਜੈਵਲਿਨ ਥਰੋਅ) ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ ਅਤੇ ਜ਼ੋਨਲ ਯੂਥ ਫੈਸਟੀਵਲ ਵਿੱਚ ਕੁਇਜ਼ ਮੁਕਾਬਲੇ ਵਿੱਚ ਦੂਜਾ ਸਥਾਨ, ਪੋਸਟਰ ਮੇਕਿੰਗ ਮੁਕਾਬਲੇ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ, ਕਵਿਤਾ ਉਚਾਰਨ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ ਅਤੇ ਛਿੱਕੂ ਬਣਾਉਣ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ।

## ਸ਼੍ਰੀ ਲਾਲ ਬਹਾਦਰ ਸ਼ਾਸਤਰੀ ਆਰੀਆ ਮਹਿਲਾ ਕਾਲਜ, ਬਰਨਾਲਾ

**ਪ੍ਰਿੰਸੀਪਲ:** ਡਾ. ਨੀਲਮ ਸ਼ਰਮਾ

ਅਧਿਆਪਕਾਂ ਦੀ ਕੁੱਲ ਗਿਣਤੀ 47 ਹੈ। ਜਿਸ ਵਿੱਚ 37 ਰੈਗੂਲਰ ਅਤੇ ਦਸ ਪਾਰਟ ਟਾਇਮ ’ਤੇ ਕੰਮ ਕਰਦੇ ਹਨ। ਵਿਦਿਆਰਥੀਆਂ ਦੀ ਗਿਣਤੀ 716 ਹੈ। ਉਪਲੱਬਧ ਸਟ੍ਰੀਮਸ ਵਿੱਚ ਆਰਟਸ, ਕਾਮਰਸ ਮੈਨੇਜਮੈਂਟ, ਸਾਇੰਸ, ਕੰਪਿਊਟਰ ਸਾਇੰਸ ਅਤੇ ਫੈਸ਼ਨ ਡਿਜ਼ਾਇਨਿੰਗ ਆਦਿ ਕੋਰਸ ਕਰਵਾਏ ਜਾ ਰਹੇ ਹਨ। ਕਾਲਜ ਫੈਕਲਟੀ ਦੁਆਰਾ ਸਾਲ ਵਿੱਚ ਇੱਕ ਪੁਸਤਕ ਅਤੇ 08 ਖੋਜ-ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਕਾਲਜ ਦੁਆਰਾ ਸਾਲ ਵਿੱਚ 19 ਸੈਮੀਨਾਰਾਂ/ਵਰਕਸ਼ਾਪਾਂ ਆਦਿ ਅਟੈਂਡ ਕੀਤੇ ਗਏ। ਕਾਲਜ ਦੁਆਰਾ ਆਯੋਜਿਤ ਕੀਤੇ ਗਏ ਸੈਮੀਨਾਰਾਂ/ਕਾਨਫ਼ਰੰਸਾਂ ਦੀ ਗਿਣਤੀ 13 ਹੈ। ਵਿਦਿਆਰਥੀਆਂ ਦੁਆਰਾ ਵਿਸ਼ੇਸ਼ ਅਕਾਦਮਿਕ ਪ੍ਰਾਪਤੀਆਂ ਵਿੱਚ ਯੂਨੀਵਰਸਿਟੀ ਪੱਧਰ ’ਤੇ ਵੱਖ-ਵੱਖ ਸਥਾਨ ਪ੍ਰਾਪਤ ਕੀਤੇ ਗਏ। ਵਿਦਿਆਰਥੀ ਦੁਆਰਾ ਖੇਡਾਂ ਵਿੱਚ ਰਾਜ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਕ੍ਰਿਕਟ ਵਿੱਚ ਅੰਤਰ ਯੂਨੀਵਰਸਿਟੀ ਅਤੇ ਖੋ-ਖੋ ਵਿੱਚ ਹਿੱਸਾ ਲਿਆ ਗਿਆ। ਵਿਦਿਆਰਥੀਆਂ ਦੁਆਰਾ ਜ਼ੋਨਲ, ਖੇਤਰੀ ਅਤੇ ਉਚੇਰੇ ਪੱਧਰ ’ਤੇ ਸੱਭਿਆਚਾਰਕ ਸਰਗਰਮੀਆਂ ਵਿੱਚ ਸੰਮੀ, ਲੁੱਡੀ, ਕਵਿਤਾ ਆਦਿ ’ਚ ਪਹਿਲਾ ਸਥਾਨ ਪ੍ਰਾਪਤ ਕੀਤਾ।

## ਅਕਾਲ ਡਿਗਰੀ ਕਾਲਜ ਫਾਰ ਵੂਮੈਨ, ਸੰਗਰੂਰ

**ਪ੍ਰਿੰਸੀਪਲ:** ਡਾ. ਯੁਗਮੀਨ ਸਿੱਧੂ

ਅਧਿਆਪਕਾਂ ਦੀ ਕੁੱਲ ਗਿਣਤੀ 29 ਅਤੇ ਵਿਦਿਆਰਥੀਆਂ ਦੀ ਕੁੱਲ ਸੰਖਿਆ 460 ਹੈ। ਕਾਲਜ ਵਿੱਚ ਆਰਟਸ, ਕੰਪਿਊਟਰ, ਕਾਮਰਸ, ਬੀ. ਵੋਕੇਸ਼ਨਲ ਆਦਿ ਕੋਰਸ ਕਰਵਾਏ ਜਾਂਦੇ ਹਨ। ਇਸ ਸਾਲ ਦੌਰਾਨ ਕਾਲਜ ਦੇ ਅਧਿਆਪਕਾਂ ਨੇ ਤਿੰਨ ਖੋਜ ਪੇਪਰ ਪ੍ਰਕਾਸ਼ਿਤ ਕਰਵਾਏ। ਕਾਲਜ ਵੱਲੋਂ ਤਿੰਨ ਵਰਕਸ਼ਾਪਾਂ ਅਤੇ ਦੋ ਰਾਸ਼ਟਰੀ ਕਾਨਫਰੰਸਾਂ ਆਯੋਜਿਤ ਕੀਤੀਆਂ ਗਈਆਂ। ਕਾਲਜ ਦੁਆਰਾ ਇਸ ਸਾਲ ਵਿੱਚ 14 ਵਿਸ਼ੇਸ਼ ਭਾਸ਼ਣ ਅਤੇ ਸੈਮੀਨਾਰ ਕਰਵਾਏ ਗਏ। ਇਸ ਸਾਲ ਦੌਰਾਨ ਰਾਸ਼ਟਰੀ ਵੋਟਰ ਦਿਵਸ, ਵੈਲਨਟਾਈਨ ਡੇ, ਵਿਸ਼ਵ ਜਲ ਦਿਵਸ ਅਤੇ ਸ਼ਹੀਦ-ਏ-ਆਜ਼ਮ ਸ: ਭਗਤ ਸਿੰਘ ਦਾ ਸ਼ਹੀਦੀ ਦਿਵਸ ਆਦਿ ਮਹੱਤਵਪੂਰਨ ਸਮਾਰੋਹ ਆਯੋਜਿਤ ਕੀਤੇ ਗਏ। ਸਮੂਹ ਗੀਤ ਵਿੱਚ ਪਹਿਲਾ ਸਥਾਨ, ਗਰੁੱਪ ਸ਼ਬਦ ਗਾਇਨ ਵਿੱਚ ਦੂਜਾ ਸਥਾਨ ਇੰਨੂ ਬਣਤਰ ਵਿੱਚ ਪਹਿਲਾ ਸਥਾਨ ਅਤੇ ਜ਼ੋਨਲ ਪੱਧਰ ਤੇ ਵਿਸ਼ੇਸ਼ ਪ੍ਰਾਪਤੀਆਂ ਕੀਤੀਆਂ।

## ਸ਼੍ਰੀ ਗੁਰੂ ਹਰਿਕ੍ਰਸ਼ਨ ਕਾਲਜ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ, ਰਾਇਪੁਰ, ਬਹਾਦੁਰਗੜ, ਪਟਿਆਲਾ

**ਪ੍ਰਿੰਸੀਪਲ:** ਡਾ. ਮਨਜੀਤ ਸਿੰਘ ਵਿਰਕ

ਅਧਿਆਪਕਾਂ ਦੀ ਕੁੱਲ ਗਿਣਤੀ 15 ਹੈ ਅਤੇ ਵਿਦਿਆਰਥੀਆਂ ਦੀ ਕੁੱਲ ਗਿਣਤੀ 172 ਹੈ। ਫੈਕਲਟੀ ਦੁਆਰਾ ਸਾਲ ਵਿੱਚ ਪ੍ਰਕਾਸ਼ਿਤ ਪੁਸਤਕਾਂ 01, ਫੈਕਲਟੀ ਦੁਆਰਾ ਸਾਲ ਵਿੱਚ ਪ੍ਰਕਾਸ਼ਿਤ ਖੋਜ-ਪੱਤਰ 02 ਹਨ। ਸਾਲ ਵਿੱਚ ਆਯੋਜਿਤ ਕੀਤੇ ਗਏ ਮਹੱਤਵਪੂਰਨ ਸਮਾਰੋਹਾਂ ਵਿੱਚ ਵਿਦਿਆਰਥੀਆਂ ਨੇ ਕੁਇਜ਼, ਸਕਿੱਟ, ਭਾਸ਼ਣ, ਉਚਾਰਨ ਅਤੇ ਖੇਡ ਮੁਕਾਬਲਿਆਂ ਵਿੱਚ ਉਤਸ਼ਾਹ ਪੂਰਵਕ ਭਾਗ ਲਿਆ। ਬੱਚਿਆਂ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਵਜੋਂ ਕਾਲਜ ਦੇ ਕੈਂਪਸ ਵਿੱਚ "ਸੁਖਮਨੀ ਸਾਹਿਬ" ਦਾ ਪਾਠ ਕਰਵਾਇਆ ਗਿਆ।

## ਖ਼ਾਲਸਾ ਕਾਲਜ (ਅੰਮ੍ਰਿਤਸਰ) ਆਫ਼ ਟੈਕਨਾਲੋਜੀ ਐਂਡ ਬਿਜ਼ਨਸ ਸਟੱਡੀਜ਼, ਮੋਹਾਲੀ (ਸਾਹਿਬਜ਼ਾਦਾ ਅਜੀਤ ਸਿੰਘ ਨਗਰ)

**ਪ੍ਰਿੰਸੀਪਲ:** ਡਾ. ਹਰੀਸ਼ ਕੁਮਾਰੀ

ਕੁੱਲ ਅਧਿਆਪਕਾਂ ਦੀ ਗਿਣਤੀ 29 ਅਤੇ ਕੁੱਲ ਵਿਦਿਆਰਥੀਆਂ ਦੀ ਗਿਣਤੀ 816 ਹੈ। ਪੜ੍ਹਾਏ ਜਾਣ ਵਾਲੇ ਕੋਰਸ ਬੀ.ਏ., ਬੀ.ਬੀ.ਏ., ਬੀ.ਸੀ.ਏ., ਬੀ.ਕਾਮ., ਬੀ.ਕਾਮ. (ਆਨਰਜ਼), ਐੱਮ.ਏ. (ਸਮਾਜ ਸ਼ਾਸਤਰ), ਐੱਮ.ਐੱਸ.ਸੀ. (ਆਈ.ਟੀ), ਐੱਮ.ਐੱਸ (ਆਈ.ਟੀ.) ਲੇਟਰਲ, ਐੱਮ.ਬੀ.ਏ., ਐੱਮ.ਕਾਮ., ਪੀ.ਜੀ.ਡੀ.ਸੀ.ਏ. ਹਨ।ਸਾਲ ਵਿੱਚ ਤਿੰਨ ਪੁਸਤਕਾਂ ਪ੍ਰਕਾਸ਼ਿਤ ਕਰਵਾਈਆਂ ਗਈਆਂ ਅਤੇ 14 ਖੋਜ-ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਸਾਲ ਵਿੱਚ ਅਧਿਆਪਕਾਂ ਵੱਲੋਂ ਇੱਕ ਸੈਮੀਨਾਰ ਅਟੈਂਡ ਕੀਤਾ ਗਿਆ। ਸਾਲ ਵਿੱਚ ਕਾਲਜ ਵੱਲੋਂ ਨੌ ਸਪੈਸ਼ਲ ਲੈਕਚਰ ਆਯੋਜਿਤ ਕਰਵਾਏ ਗਏ। ਆਯੋਜਿਤ ਮਹੱਤਵਪੂਰਨ ਸਮਾਰੋਹਾਂ ਵਿੱਚ ਅੰਤਰਰਾਸ਼ਟਰੀ ਮਹਿਲਾ ਦਿਵਸ, ਫੇਅਰਵੈੱਲ ਪਾਰਟੀ, ਟੈਲੇਂਟ ਹੰਟ, ਵਾਦ-ਵਿਵਾਦ ਪ੍ਰਤੀਯੋਗਤਾ, ਫ੍ਰੈਸ਼ਰ ਪਾਰਟੀ, ਵਿਦਿਆਰਥੀਆਂ ਦੁਆਰਾ ਅਕਾਦਮਿਕ ਖੇਤਰ ਵਿੱਚ ਪ੍ਰਾਪਤੀਆਂ ਕੀਤੀਆਂ ਗਈਆਂ। ਵਿਦਿਆਰਥੀਆਂ ਦੁਆਰਾ ਖੇਡਾਂ ਵਿੱਚ, ਕ੍ਰਿਕਟ ਅਤੇ ਐਥਲੈਟਿਕਸ ਵਿੱਚ ਹਿੱਸਾ ਲਿਆ। ਵਿਦਿਆਰਥੀਆਂ ਦੁਆਰਾ ਯੂਥ ਫੈਸਟੀਵਲ ਵਿੱਚ ਲੁੱਡੀ ਵਿੱਚ ਤੀਜਾ ਸਥਾਨ ਅਤੇ ਲੋਕ ਖੇਡ ਪਿੱਠੂ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ ਗਿਆ।

## ਸੰਤ ਕਬੀਰ ਕਾਲਜ ਆਫ਼ ਐਜੂਕੇਸ਼ਨ ਕੌਲੀ, ਪਟਿਆਲਾ

**ਪ੍ਰਿੰਸੀਪਲ:** ਡਾ. ਮਨਪ੍ਰੀਤ ਕੌਰ

ਕਾਲਜ ਵਿੱਚ ਅਧਿਆਪਕਾਂ ਦੀ ਗਿਣਤੀ 16 ਹੈ ਅਤੇ ਵਿਦਿਆਰਥੀਆਂ ਦੀ ਗਿਣਤੀ 271 ਹੈ। ਕਰਵਾਏ ਜਾਂਦੇ ਕੋਰਸਾਂ ਵਿੱਚ ਬੀ.ਐੱਡ., ਡੀ.ਐੱਲ.ਐੱਡ. ਅਤੇ ਐੱਮ.ਏ. (ਐਜੂਕੇਸ਼ਨ) ਆਦਿ ਸ਼ਾਮਲ ਹਨ। ਕਾਲਜ ਫੈਕਲਟੀ ਦੁਆਰਾ 22 ਸੈਮੀਨਾਰਾਂ/ਵਰਕਸ਼ਾਪਾਂ ਅਟੈਂਡ ਕੀਤੀਆਂ ਗਈਆਂ। ਸਾਲ ਵਿੱਚ ਆਯੋਜਿਤ ਕੀਤੇ ਸੈਮੀਨਾਰ/ਕਾਨਫ਼ਰੰਸਾਂ ਦੀ ਗਿਣਤੀ 42 ਹੈ।

## ਸਰਕਾਰੀ ਰਾਜਿੰਦਰਾ ਕਾਲਜ, ਬਠਿੰਡਾ

**ਪ੍ਰਿੰਸੀਪਲ:** ਇੰਚਾਰਜ

ਕਾਲਜ ਵਿੱਚ ਅਧਿਆਪਕਾਂ ਦੀ ਗਿਣਤੀ ਸੱਤਰ ਹੈ ਅਤੇ ਵਿਦਿਆਰਥੀਆਂ ਦੀ ਗਿਣਤੀ 4036 ਹੈ। ਕਾਲਜ ਵਿੱਚ ਉਪਲੱਬਧ ਸਟਰੀਮਜ਼ ਵਿੱਚ ਆਰਟਸ, ਕਾਮਰਸ, ਸਾਇੰਸ, ਡਿਪਲੋਮਾ ਇਨ ਹੋਟਲ ਮੈਨੇਜਮੈਂਟ ਸ਼ਾਮਲ ਹਨ। ਕਾਲਜ ਫੈਕਲਟੀ ਦੁਆਰਾ ਸਾਲ ਵਿੱਚ ਦੋ ਪੁਸਤਕਾਂ ਪ੍ਰਕਾਸ਼ਿਤ ਕਰਵਾਈਆਂ ਗਈਆਂ ਅਤੇ 15 ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਕਾਲਜ ਦੁਆਰਾ ਸਾਲ ਵਿੱਚ ਸੈਮੀਨਾਰ/ਕਾਨਫ਼ਰੰਸਾਂ ਅਟੈਂਡ ਕੀਤੀਆਂ ਗਈਆਂ ਅਤੇ 45 ਸੈਮੀਨਾਰ/ਕਾਨਫ਼ਰੰਸਾਂ ਕਾਲਜ ਦੁਆਰਾ ਆਯੋਜਿਤ ਕੀਤੀਆਂ ਗਈਆਂ। ਕਾਲਜ ਵਿੱਚ ਐੱਨ.ਐੱਸ.ਐੱਸ ਦੀਆਂ ਚਾਰ ਯੂਨਿਟਾਂ ਹਨ। ਇਸ ਤੋਂ ਇਲਾਵਾ ਸਾਲ ਵਿੱਚ ਆਯੋਜਿਤ ਕੀਤੇ ਸਮਾਰੋਹਾਂ ਵਿੱਚ ਨੈਸ਼ਨਲ ਡੀ. ਵਾਰਮਿੰਗ ਡੇਅ, ਕਾਮਨ ਮਿਸਟੇਕਸ ਇੰਨ ਇੰਗਲਿਸ਼, ਵਿਸ਼ਵ ਯੋਗਾ ਦਿਵਸ, ਗੁਰੂ ਨਾਨਕ 550 ਸਾਲਾਂ ਜਨਮ ਦਿਵਸ, ਇੰਟਰਨੈਸ਼ਨਲ ਵਿਮੈਨ ਡੇਅ, ਆਦਿ ਪ੍ਰੋਗਰਾਮ ਕਰਵਾਏ ਗਏ। ਵਿਦਿਆਰਥੀਆਂ ਦੁਆਰਾ ਖੇਡਾਂ ਵਿੱਚ ਪਾਵਰ ਲਿਫਟਿੰਗ, ਰੱਸਾ ਕੱਸ਼ੀ, ਆਰਚਰੀ, ਪਿਸਟਲ ਸ਼ੂਟਿੰਗ, ਨੈੱਟਬਾਲ, ਕਬੱਡੀ, ਚੈੱਸ, ਵੁਸ਼ੂ, ਬਾਕਸਿੰਗ, ਹਾਕੀ ਅਤੇ ਟੈਨਿਸ ਖਿਡਾਰੀਆਂ ਨੈਸ਼ਨਲ ਤੇ ਸਟੇਟ ਪੱਧਰ ਤੇ 57 ਗੋਲਡ ਮੈਡਲ, 35 ਸਿਲਵਰ ਮੈਡਲ ਅਤੇ 60 ਬਰੌਂਜ ਮੈਡਲ ਪ੍ਰਾਪਤ ਕੀਤੇ। ਵਿਦਿਆਰਥੀਆਂ ਦੁਆਰਾ ਵੱਖ-ਵੱਖ ਯੂਥ ਫੈਸਟੀਵਲਾਂ ਵਿੱਚ ਪਹਿਲੇ ਸਥਾਨ ਪ੍ਰਾਪਤ ਕੀਤੇ। ਸਮੂਹ ਗਾਇਨ, ਸ਼ਬਦ ਗਰੁੱਪ, ਕਲਾਸੀਕਲ ਵੋਕਲ, ਵੈਸਟਰਨ ਗਰੁੱਪ ਗਾਇਨ, ਟੱਗ ਆਫ ਵਾਰ ਮਾਈਮ ਅਤੇ ਫੋਕ ਆਰਕੈਸਟਰਾ ਵਿੱਚ ਪਹਿਲਾ ਸਥਾਨ ਅਤੇ ਗਾਇਨ, ਗ਼ਜ਼ਲ ਕਲੇਅ ਮਾਡਲਿੰਗ, ਝੂਮਰ, ਡੈਕਲੈਮੈਸ਼ਨ ਅਤੇ ਸਟਾਪੂ ਵਿੱਚ ਦੂਸਰੀ ਪੁਜੀਸ਼ਨ ਹਾਸਲ ਕੀਤੀ। ਇਸ ਤੋਂ ਇਲਾਵਾ ਰੰਗੋਲੀ, ਮਮਿਕਰੀ, ਕਾਰਟੂਨਿੰਗ, ਵਨ ਐਕਟ ਪਲੇਅ, ਨੁੱਕੜ ਨਾਟਕ ਅਤੇ ਵੈਸਟਰਨ ਇੰਸਟਰੂਮੈਂਟਲ ਵਿੱਚੋਂ ਤੀਸਰਾ ਸਥਾਨ ਪ੍ਰਾਪਤ ਕੀਤਾ।

## ਗੁਰੂ ਗੋਬਿੰਦ ਸਿੰਘ ਡਿਗਰੀ ਕਾਲਜ, ਤਲਵੰਡੀ ਸਾਬੋ (ਬਠਿੰਡਾ)

**ਪ੍ਰਿੰਸੀਪਲ:** ਡਾ. ਰਣਬੀਰ ਸਿੰਘ ਕਿੰਗਰਾ

ਅਧਿਆਪਕਾਂ ਦੀ ਕੁੱਲ ਗਿਣਤੀ ਸਤ੍ਹਾਰਾਂ ਅਤੇ ਵਿਦਿਆਰਥੀਆਂ ਦੀ ਗਿਣਤੀ 247 ਹੈ। ਕਰਵਾਏ ਜਾਂਦੇ ਕੋਰਸਾਂ ਵਿੱਚ ਬੀਏ. ਐੱਮ.ਏ. (ਇਤਿਹਾਸ), ਐੱਮ.ਏ. (ਪੰਜਾਬੀ) ਅਤੇ ਪੀ.ਜੀ.ਡੀ.ਸੀ.ਏ. ਸ਼ਾਮਿਲ ਹੈ। ਕਾਲਜ ਫੈਕਲਟੀ ਦੁਆਰਾ ਸਾਲ ਵਿੱਚ ਪ੍ਰਕਾਸ਼ਿਤ ਖੋਜ ਪੱਤਰਾਂ ਦੀ ਗਿਣਤੀ ਇੱਕ ਹੈ। ਕਾਲਜ ਫੈਕਲਟੀ ਦੁਆਰਾ ਸਾਲ ਵਿੱਚ ਪ੍ਰਕਾਸ਼ਿਤ ਖੋਜ ਪੱਤਰਾਂ ਦੀ ਗਿਣਤੀ ਇੱਕ ਹੈ। ਕਾਲਜ ਫੈਕਲਟੀ ਦੁਆਰਾ ਸਾਲ ਵਿੱਚ ਅਟੈਂਡ ਕੀਤੇ ਗਏ ਸੈਮੀਨਾਰਾਂ, ਵਰਕਸ਼ਾਪਾਂ ਅਤੇ ਕਾਨਫ਼ਰੰਸਾਂ ਦੀ ਗਿਣਤੀ ਵਿੱਚ ਇੱਕ ਸੈਮੀਨਾਰ, ਇੱਕ ਵਰਕਸ਼ਾਪ ਅਤੇ ਇੱਕ ਕਾਨਫ਼ਰੰਸ ਸ਼ਾਮਲ ਹੈ। ਕਾਲਜ ਦੁਆਰਾ ਆਯੋਜਿਤ ਕੀਤੇ ਸੈਮੀਨਾਰ ਤਿੰਨ ਤੇ ਕਾਨਫ਼ਰੰਸ ਇੱਕ ਹੈ। ਮਹੱਤਵਪੂਰਨ ਸਮਾਰੋਹਾਂ ਵਿੱਚ ਕਾਲਜ ਦੁਆਰਾ ਨਸ਼ਾ ਵਿਰੋਧੀ ਰੈਲੀ, ਪਰਾਲੀ ਨਾ ਸਾੜਣ ਸੰਬੰਧੀ ਜਾਗਰੂਕਤਾ ਰੈਲੀ ਆਦਿ ਪ੍ਰੋਗਰਾਮ ਕਰਵਾਏ ਗਏ। ਵਿਦਿਆਰਥੀਆਂ ਦੁਆਰਾ ਯੁਵਕ ਮੇਲੇ ਵਿੱਚ ਜ਼ੋਨਲ ਪੱਧਰ 'ਤੇ ਲੋਕ ਗੀਤ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਗਿਆ।

## ਸ. ਰਾਜਿੰਦਰ ਸਿੰਘ ਚਹਿਲ ਕਾਲਜ ਆਫ਼ ਫਿਜ਼ੀਕਲ ਐਜੂਕੇਸ਼ਨ, ਕਲਿਆਣ

**ਪ੍ਰਿੰਸੀਪਲ:** ਡਾ. ਅਮਰਜੀਤ ਸਿੰਘ ਸਿੱਧੂ

ਕਾਲਜ ਵਿੱਚ ਅਧਿਆਪਕਾਂ ਦੀ ਕੁੱਲ ਗਿਣਤੀ 14 ਅਤੇ ਵਿਦਿਆਰਥੀਆਂ ਦੀ ਕੁੱਲ ਗਿਣਤੀ 422 ਹੈ। ਕਾਲਜ ਵਿੱਚ ਡੀ.ਪੀ.ਐੱਡ, ਬੀ.ਪੀ.ਈ, ਬੀ.ਪੀ.ਐਡ, ਐਮ.ਪੀ.ਐਡ ਅਤੇ ਪੀ.ਜੀ. ਡਿਪਲੋਮਾ ਇਨ ਯੋਗਾ ਕੋਰਸ ਕਰਵਾਏ ਜਾਂਦੇ ਹਨ। ਇਸ ਸਾਲ ਦੌਰਾਨ ਕਾਲਜ ਵਿੱਚ ਇਕ ਸੈਮੀਨਾਰ ਆਯੋਜਿਤ ਕੀਤਾ ਗਿਆ। ਕਾਲਜ ਵਿੱਚ ਇਕ ਐਨ.ਐਨ.ਐਸ. ਯੂਨਿਟ ਹੈ। ਸਾਲ ਵਿੱਚ ਦੋ ਮਹੱਤਵਪੂਰਨ ਸਮਾਰੋਹ ਆਯੋਜਿਤ ਕੀਤੇ ਗਏ। ਕਾਲਜ ਦੇ ਵਿਦਿਆਰਥੀਆਂ ਦੁਆਰਾ ਖੇਡਾਂ ਵਿੱਚ ਰਾਜ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਸੱਤ ਵਿਸ਼ੇਸ਼ ਪ੍ਰਾਪਤੀਆਂ ਹਨ।

## ਅਕਾਲ ਕਾਲਜ ਆਫ ਐਜੂਕੇਸ਼ਨ ਗੁਰਸਾਗਰ, ਮਸਤੂਆਣਾ ਸਾਹਿਬ (ਸੰਗਰੂਰ)

**ਪ੍ਰਿੰਸੀਪਲ:** ਡਾ. ਸੁਖਦੀਪ ਕੌਰ

ਅਧਿਆਪਕਾਂ ਦੀ ਕੁੱਲ ਗਿਣਤੀ 16 ਹੈ ਅਤੇ ਵਿਦਿਆਰਥੀਆਂ ਦੀ ਕੁੱਲ ਗਿਣਤੀ 380 ਹੈ। ਫੈਕਲਟੀ ਦੁਆਰਾ ਸਾਲ ਵਿੱਚ 03 ਪੁਸਤਕਾਂ ਅਤੇ 05 ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਫੈਕਲਟੀ ਦੁਆਰਾ ਸਾਲ ਵਿੱਚ ਅਟੈਂਡ ਕੀਤੇ ਗਏ ਸੈਮੀਨਾਰਾਂ, ਵਰਕਾਸ਼ਾਪਾਂ ਅਤੇ ਕਾਨਫ਼ਰੰਸਾਂ ਦੀ ਗਿਣਤੀ 26 ਹੈ। ਐਫ.ਡੀ.ਪੀ ਦੀ ਗਿਣਤੀ 04 ਹੈ। ਵਿਦਿਆਰਥੀਆਂ ਦੁਆਰਾ ਜ਼ੋਨਲ ਅਤੇ ਖੇਤਰੀ ਪੱਧਰ ਦੀਆਂ 01/01 ਪ੍ਰਾਪਤੀਆਂ ਹਨ। ਸਾਲ ਵਿੱਚ ਆਯੋਜਿਤ ਕੀਤੇ ਗਏ ਮਹੱਤਵਪੂਰਨ ਸਮਾਰੋਹਾਂ ਵਿੱਚ ਸੈਮੀਨਾਰ-02, ਕਾਨਫ਼ਰੰਸਾਂ-02 ਅਤੇ ਪ੍ਰੋਗਰਾਮ-11 ਹਨ।

## ਅਕਾਲ ਕਾਲਜ ਆਫ ਫਿਜ਼ੀਕਲ ਐਜੂਕੇਸ਼ਨ, ਗੁਰਸਾਗਰ, ਮਸਤੂਆਣਾ ਸਾਹਿਬ (ਸੰਗਰੂਰ)

**ਪ੍ਰਿੰਸੀਪਲ:** ਡਾ. ਗੀਤਾ ਠਾਕੁਰ

ਅਧਿਆਪਕਾਂ ਦੀ ਕੁੱਲ ਗਿਣਤੀ ਸਤਾਰਾਂ ਹੈ ਅਤੇ ਵਿਦਿਆਰਥੀਆਂ ਦੀ ਕੁੱਲ ਸੰਖਿਆ 498 ਹੈ। ਕਰਵਾਏ ਜਾਂਦੇ ਕੋਰਸਾਂ ਵਿੱਚ ਬੀ.ਪੀ.ਈ.ਐੱਸ, ਬੀ.ਪੀ.ਐੱਡ, ਐੱਮ.ਪੀ.ਐੱਡ, ਪੀ.ਜੀ. ਯੋਗਾ ਅਤੇ ਯੋਗਾ ਕੋਰਸ ਆਦਿ ਸ਼ਾਮਲ ਹਨ। ਫੈਕਲਟੀ ਦੁਆਰਾ ਸਾਲ ਵਿੱਚ ਇੱਕ ਖੋਜ ਪੱਤਰ ਪ੍ਰਕਾਸ਼ਿਤ ਕਰਵਾਇਆ ਗਿਆ। ਕਾਲਜ ਫੈਕਲਟੀ ਦੁਆਰਾ ਸਾਲ ਵਿੱਚ ਇੱਕ ਕਾਨਫ਼ਰੰਸ ਅਟੈਂਡ ਕੀਤੀ ਗਈ। ਕਾਲਜ ਦੁਅਰਾ ਆਯੋਜਿਤ ਸੈਮੀਨਾਰਾਂ/ਕਾਨਫ਼ਰੰਸਾਂ ਵਿੱਚ ਐਕਸਟੈਂਸ਼ਨ ਲੈਕਚਰ ਆਨ ਲਾਈਫ ਐਂਡ ਫ਼ਿਲਾਸਫੀ ਆਫ਼ ਗੁਰੂ ਨਾਨਕ ਦੇਵ ਜੀ ਕਰਵਾਇਆ ਗਿਆ। ਇਸ ਤੋਂ ਇਲਾਵਾ ਸਾਲ ਵਿੱਚ ਆਯੋਜਿਤ ਕੀਤੇ ਗਏ ਮਹੱਤਵਪੂਰਨ ਸਮਾਰੋਹਾਂ ਵਿੱਚ ਖ਼ੂਨਦਾਨ ਕੈਂਪ, ਅਥਲੈਟਿਕਸ ਮੀਟ, ਵੂਮੈਨ ਦਿਵਸ, ਯੋਗਾ ਦਿਵਸ, ਖੇਡ ਦਿਵਸ, ਅਧਿਆਪਕ ਦਿਵਸ ਆਦਿ ਕਰਵਾਏ ਗਏ। ਵਿਦਿਆਰਥੀਆਂ ਦੁਆਰਾ ਖੇਡਾਂ ਵਿੱਚ ਇੰਟਰ ਯੂਨੀਵਰਸਿਟੀ ਵਿੱਚੋਂ ਗੋਲਡ ਇੱਕ, ਸਿਲਵਰ ਇੱਕ, ਬਰੌਂਜ਼ ਤਿੰਨ, ਆਲ ਇੰਡੀਆ ਇੰਟਰ ਯੂਨੀਵਰਸਿਟੀ ਵਿੱਚੋਂ ਗੋਲਡ ਅੱਠ, ਸਿਲਵਰ ਤਿੰਨ, ਬਰਾਉਨ ਚਾਰ, ਇੰਟਰ ਕਾਲਜ ਵਿੱਚ ਗੋਲਡ ਤਿੰਨ, ਸਿਲਵਰ ਚਾਰ, ਬਰੌਂਜ਼ ਚਾਰ ਅਤੇ ਇੰਟਰ ਕਾਲਜ ਇਨ ਡਿਵੀਜ਼ਨਲ ਪਲੇਅਰ ਵਿੱਚ ਗੋਲਡ ਸੱਤ, ਸਿਲਵਰ ਦੋ, ਬਰੌਂਜ਼ ਛੇ ਮੈਡਲ ਪ੍ਰਾਪਤ ਕੀਤੇ। ਵਿਦਿਆਰਥੀਆਂ ਦੁਆਰਾ ਜ਼ੋਨਲ ਯੂਥ ਫੈਸਟੀਵਲ ਵਿੱਚ ਸੰਮੀ ਵਿੱਚ ਪਹਿਲਾ ਸਥਾਨ, ਝੂੰਮਰ ਵਿੱਚ ਦੂਜਾ ਸਥਾਨ, ਲੂਣ ਮਿਆਣੀ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ।

## ਸਰਕਾਰੀ ਬ੍ਰਿਜਿੰਦਰਾ ਕਾਲਜ, ਫ਼ਰੀਦਕੋਟ

**ਪ੍ਰਿੰਸੀਪਲ:** ਸ. ਰਣਜੀਤ ਸਿੰਘ (ਰੈਗੂਲਰ)

ਕਾਲਜ ਵਿੱਚ ਅਧਿਆਪਕਾਂ ਦੀ ਕੁੱਲ ਗਿਣਤੀ 80 ਅਤੇ ਵਿਦਿਆਰਥੀਆਂ ਦੀ 3157 ਹੈ। ਕਾਲਜ ਵਿੱਚ ਆਰਟਸ, ਕਾਮਰਸ, ਸਾਇੰਸ, ਖੇਤੀਬਾੜੀ, ਕੰਪਿਊਟਰ ਅਤੇ ਸਾਇੰਸ ਸਟ੍ਰੀਮਸ ਹਨ। ਕਾਲਜ ਵਿੱਚ ਬੀ.ਏ.,

ਬੀ.ਕਾਮ., ਬੀ.ਐਸ.ਸੀ., ਬੀ.ਸੀ.ਏ., ਐਮ.ਏ. (ਪੰਜਾਬੀ), ਐਮ.ਏ. (ਇਕਨਾਮਿਕਸ), ਐਮ.ਏ. (ਅੰਗਰੇਜ਼ੀ) ਅਤੇ ਐਮ.ਐਸ.ਸੀ. (ਕਮਿਸਟਰੀ) ਕੋਰਸ ਕਰਵਾਏ ਜਾਂਦੇ ਹਨ। ਸਾਲ ਦੌਰਾਨ ਕਾਲਜ ਵਿੱਚ ਆਰਟਸ, ਕਾਮਰਸ, ਸਾਇੰਸ, ਖੇਤੀਬਾੜੀ ਅਤੇ ਕੰਪਿਊਟਰ ਸਾਇੰਸ ਸਟ੍ਰੀਮਸ ਉਪਲੱਬਧ ਹਨ। ਫੈਕਲਟੀ ਦੁਆਰਾ ਸਾਲ ਵਿੱਚ ਇੱਕ ਖੋਜ ਪੱਤਰ ਪ੍ਰਕਾਸ਼ਿਤ ਕਰਵਾਇਆ ਗਿਆ ਤੇ ਅੱਠ ਸੈਮੀਨਾਰ, ਕਾਨਫ਼ਰੰਸਾਂ ਅਤੇ ਵਰਕਸ਼ਾਪਾਂ ਅਟੈਂਡ ਕੀਤੀਆਂ ਗਈਆਂ। ਕਾਲਜ ਵਿੱਚ ਸਾਲ ਦੌਰਾਨ ਬਾਰਾਂ ਵਿਸ਼ੇਸ਼ ਭਾਸ਼ਣ ਕਰਵਾਏ ਗਏ। ਸਾਲ ਦੌਰਾਨ ਕਾਲਜ ਵਿੱਚ ਐਨ.ਐਸ.ਐਸ. ਦੇ ਪੰਜ ਯੂਨਿਟ ਹਨ ਜਿੰਨ੍ਹਾਂ ਵਿੱਚ ਤਿੰਨ ਲੜਕਿਆਂ ਦੇ ਦੋ ਲੜਕੀਆਂ ਦੇ ਹਨ। ਫੈਕਲਟੀ ਦੁਆਰਾ ਸਾਲ ਦੌਰਾਨ ਰਾਸ਼ਟਰੀ ਯੁਵਾ ਦਿਵਸ, ਵੋਟਰ ਦਿਵਸ, ਗਣਤੰਤਰ ਦਿਵਸ, ਕੈਂਸਰ ਦਿਵਸ, ਮਹਿਲਾ ਦਿਵਸ, ਕੰਧ ਪੱਤ੍ਰਿਕਾ ਦਾ ਉਦਘਾਟਨ, ਸਵਾਮੀ ਵਿਵੇਕਾਨੰਦ ਫ਼ਿਲਾਸਫ਼ੀਕਲ ਭਾਸ਼ਣ, ਪੋਸਟਰ ਮੇਕਿੰਗ ਮੁਕਾਬਲਾ, ਐਜੂਕੇਸ਼ਨ ਟੂਰ, ਕੈਰੀਅਰ ਗਾਈਡੈਂਸ ਪ੍ਰੋਗਰਾਮ, ਵਾਤਾਵਰਨ ਬਚਾਉ ਦਿਵਸ, ਐਨ.ਐਸ.ਐਸ. ਦਿਵਸ, ਸੁਤੰਤਰਤਾ ਦਿਵਸ, ਅਧਿਆਪਕ ਦਿਵਸ, ਲਿਟਰੇਸੀ ਡੇਅ, ਖ਼ੂਨਦਾਨ ਕੈਂਪ, ਗਾਂਧੀ ਜੈਯੰਤੀ, ਪਰਾਲੀ ਨੂੰ ਅੱਗ ਨਾ ਲਗਾਉਣ ਸੰਬੰਧੀ ਜਾਗਰੂਕ ਰੈਲੀ, ਨੈਤਿਕ ਸਿੱਖਿਆ ਇਮਤਿਹਾਨ, ਨਸ਼ਾ ਛਡਾਉ ਸਮਾਰੋਹ, ਸਵੱਛ ਭਾਰਤ ਮਿਸ਼ਨ, ਗੁਰੂ ਨਾਨਕ ਦੇਵ ਜੀ 550 ਸਲਾਨਾ ਦਿਵਸ, ਵੱਲਭ ਭਾਈ ਪਟੇਲ ਜਨਮ ਦਿਹਾੜਾ, ਰਾਸ਼ਟਰੀ ਏਕਤਾ ਦਿਵਸ, ਵਿਜੀਲੈਂਸ ਅਵੇਅਰਨੈੱਸ ਹਫ਼ਤਾ ਅਤੇ ਏਡਜ਼ ਦਿਵਸ ਨਾਲ ਸੰਬੰਧਿਤ ਪ੍ਰੋਗਰਾਮ ਕਰਵਾਏ ਗਏ। ਸਾਲ ਦੌਰਾਨ ਕਾਲਜ ਨੇ ਐਥਲੈਟਿਕਸ, ਹੈਂਡਬਾਲ, ਕ੍ਰਿਕਟ, ਤੈਰਾਕੀ, ਕੁਸ਼ਤੀ, ਤਾਈਕਵਾਂਡੋ, ਕਰਾਟੇ, ਕਬੱਡੀ, ਰਗਬੀ ਖੇਡਾਂ ਵਿੱਚ ਵੱਖ ਵੱਖ ਸਥਾਨ ਹਾਸਿਲ ਕੀਤੇ ਗਏ।

## ਮਾਤਾ ਮਾਈਸਰਖਾਨਾ ਕਾਲਜ ਆਫ ਐਜੂਕੇਸ਼ਨ (ਫਾਰ ਗਰਲਜ਼), ਮਾਈਸਰਖਾਨਾ

**ਪ੍ਰਿੰਸੀਪਲ:** ਡਾ. ਸਤਿੰਦਰ ਕੌਰ

ਅਧਿਆਪਕਾਂ ਦੀ ਕੁੱਲ ਗਿਣਤੀ 14 ਅਤੇ ਵਿਦਿਆਰਥੀਆਂ ਦੀ ਕੁੱਲ ਗਿਣਤੀ 169 ਹੈ। ਫੈਕਲਟੀ ਦੁਆਰਾ ਸਾਲ ਵਿੱਚ ਪ੍ਰਕਾਸ਼ਿਤ ਖੋਜ ਪੱਤਰ ਇੱਕ ਹੈ। ਫੈਕਲਟੀ ਦੁਆਰਾ ਸਾਲ ਵਿੱਚ ਅਟੈਂਡ ਕੀਤਾ ਸੈਮੀਨਾਰ ਇੱਕ ਹੈ। ਕਾਲਜ ਦੁਆਰਾ ਆਯੋਜਿਤ ਕੀਤੇ ਗਏ ਸੈਮੀਨਾਰਾਂ ਦੀ ਗਿਣਤੀ ਇੱਕ ਹੈ। ਕਾਲਜ ਦੁਆਰਾ ਲੋਹੜੀ, ਰਾਸ਼ਟਰੀ ਵੋਟਰ ਦਿਵਸ, ਗਣਤੰਤਰ ਦਿਵਸ, ਬਸੰਤ ਪੰਚਮੀ, ਵਿਦਿਅਕ ਟੂਰ, ਵਿਦਾਇਗੀ ਪਾਰਟੀ, ਅਧਿਆਪਕ ਦਿਵਸ, ਹਿੰਦੀ ਦਿਵਸ ਅਤੇ ਭਗਤ ਸਿੰਘ ਦਾ ਜਨਮ ਦਿਵਸ ਮਨਾਇਆ ਗਿਆ।

## ਕਰਨਲ ਕਾਲਜ ਆਫ ਫਿਜ਼ੀਕਲ ਐਜੂਕੇਸ਼ਨ, ਚੂੜਲ ਕਲਾਂ

**ਪ੍ਰਿੰਸੀਪਲ:** ਡਾ. ਸਹਿਲਜਾ ਗੌਤਮ

ਕਾਲਜ ਵਿੱਚ ਅਧਿਆਪਕਾਂ ਦੀ ਗਿਣਤੀ ਨੌਂ ਹੈ ਤੇ ਇਸ ਸੰਸਥਾ ਤੋਂ 269 ਵਿਦਿਆਰਥੀ ਸਿੱਖਿਆ ਪ੍ਰਾਪਤ ਕਰਦੇ ਹਨ। ਕਾਲਜ ਵਿੱਚ ਬੀ.ਪੀ.ਈ., ਬੀ.ਪੀ.ਐੱਡ ਅਤੇ ਐਮ.ਪੀ.ਐੱਡ ਕੋਰਸ ਕਰਵਾਏ ਜਾਂਦੇ ਹਨ। ਫੈਕਲਟੀ ਦੁਆਰਾ Use of Hath Yoga Camp, Raja Yoga Techniques in Modern Sports ਨਾਲ ਸੰਬੰਧਿਤ ਖੋਜ ਪੱਤਰ ਪ੍ਰਕਾਸ਼ਿਤ ਕਰਵਾਇਆ ਗਿਆ। ਫੈਕਲਟੀ ਦੁਆਰਾ ਸਾਲ ਵਿੱਚ ਇਕ ਸੈਮੀਨਾਰ ਅਟੈਂਡ ਕੀਤਾ ਗਿਆ। ਕਾਲਜ ਦੁਆਰਾ ਸਾਲ ਦੌਰਾਨ ਇੰਟਰਨੈਸ਼ਨਲ ਕਾਨਫ਼ਰੰਸ ਔਨ ਸਾਈਕੋਲੋਜੀ ਇਨ ਕਨਟੈਮਪਰੇਰੀ ਸਪੋਰਟਸ ਹੈਲਥ ਐਂਡ ਫਿਟਨੈੱਸ ਪਰਸਪੈਕਟਿਵ ਕਰਵਾਈ ਗਈ। ਕਾਲਜ ਦੇ ਵਿਦਿਆਰਥੀ ਵਿਸ਼ਾਲ ਚਤੁਰਭੁਜ ਨੇ ਤਾਈਕਵਾਂਡੋ ਵਿੱਚ ਇੰਟਰ ਯੂਨੀਵਰਸਿਟੀ ਗੋਲਡ ਮੈਡਲ ਹਾਸਿਲ ਕੀਤਾ। ਇਸ ਪ੍ਰਕਾਰ, ਵਿਦਿਆਰਥੀਆਂ ਦੁਆਰਾ ਜ਼ੋਨਲ, ਖੇਤਰੀ ਅਤੇ ਉਚੇਰੇ ਪੱਧਰ ਤੇ ਸੱਭਿਆਚਾਰਕ ਸਰਗਰਮੀਆਂ ਵਿੱਚ ਅਰੁਣ ਦੁਆਰਾ ਇੰਟਰ ਗੋਲਡ ਮੈਡਲ ਪ੍ਰਾਪਤ ਕੀਤਾ ਗਿਆ।

## ਸੈਫ਼ਰਨ ਕਾਲਜ ਲੜਕੀਆਂ, ਕੋਟਲਾ ਬਜਵਾੜਾ, ਫਤਿਹਗੜ੍ਹ ਸਾਹਿਬ

**ਪ੍ਰਿੰਸੀਪਲ:** ਡਾ. ਮੀਰਾ ਮੋਦੀ

ਅਧਿਆਪਕਾਂ ਦੀ ਕੁੱਲ ਗਿਣਤੀ 18 ਹੈ ਅਤੇ ਵਿਦਿਆਰਥੀਆਂ ਦੀ ਕੁੱਲ ਗਿਣਤੀ 267 ਹੈ। ਫੈਕਲਟੀ ਦੁਆਰਾ ਸਾਲ ਵਿੱਚ ਪ੍ਰਕਾਸ਼ਿਤ ਖੋਜ-ਪੱਤਰ 02 ਹਨ। ਆਯੋਜਿਤ ਕੀਤੇ ਸੈਮੀਨਾਰਾਂ ਦੀ ਗਿਣਤੀ 06 ਹੈ। ਸਾਲ ਵਿੱਚ ਆਯੋਜਿਤ ਕੀਤੇ ਗਏ ਮਹੱਤਵਪੂਰਨ ਸਮਾਰੋਹਾਂ ਅਤੇ ਕਾਰਜਾਂ ਵਿੱਚ ਸਪੋਰਟਸ ਡੇਅ, ਬੇਟੀ ਬਚਾਓ ਚੇਤਨਾ ਰੈਲੀ ਅਤੇ ਡਰੱਗ ਐਬਿਊਸ ਜਾਗਰੂਕਤਾ ਸਮਾਗਮ ਸ਼ਾਮਿਲ ਹਨ।

## ਯਾਦਵਿੰਦਰਾ ਕਾਲਜ ਆਫ਼ ਇੰਜੀਨੀਅਰਿੰਗ, ਤਲਵੰਡੀ ਸਾਬੋ

**ਪ੍ਰਿੰਸੀਪਲ:** ਡਾ. ਜਗਤਾਰ ਸਿੰਘ

ਮੌਜੂਦਾ ਫੈਕਲਟੀ ਵਿੱਚ 03 ਪ੍ਰੋਫ਼ੈਸਰ, 04 ਐਸੋਸੀਏਟ ਪ੍ਰੋਫ਼ੈਸਰ ਅਤੇ 54 ਸਹਾਇਕ ਪ੍ਰੋਫ਼ੈਸਰ ਹਨ। ਸਾਲ ਦੌਰਾਨ ਪ੍ਰਬੰਧਕੀ ਅਤੇ ਸਹਾਇਕ ਅਮਲੇ ਵਿੱਚ ਚਾਲੀ ਕਰਮਚਾਰੀ ਸ਼ਾਮਿਲ ਹਨ। ਸਾਲ ਦੌਰਾਨ ਦੋ ਪੀਐੱਚ.ਡੀ. ਦੀਆਂ ਡਿਗਰੀਆਂ ਅਵਾਰਡ ਹੋਈਆਂ ਅਤੇ ਅਠਾਰਾਂ ਵਿਦਿਆਰਥੀਆਂ ਦੀਆਂ ਪੀਐੱਚ.ਡੀ. ਵਿੱਚ ਰਜਿਸਟਰੇਸ਼ਨਾਂ ਹੋਈਆਂ। ਕਾਲਜ ਵਿੱਚ ਐਮ.ਫਿਲ ਦੇ ਵਿਦਿਆਰਥੀਆਂ ਦੀ ਗਿਣਤੀ ਛੇ ਦੇ ਕਰੀਬ ਹੈ। ਸਾਲ ਦੌਰਾਨ ਕਾਲਜ ਅਧਿਆਪਨ ਦੇ ਪ੍ਰਮੁੱਖ ਖੇਤਰ ਆਟੋਮੋਬਾਈਲ ਇੰਜੀਨੀਅਰਿੰਗ, ਨਿਰਮਾਣ ਪ੍ਰਕਿਰਿਆਵਾਂ, ਸੀ.ਏ.ਡੀ. ਕੈਂਪ, ਥਿਊਰੀ ਆਫ਼ ਮੈਕਨੀਜ਼, ਉਦਯੋਗਿਕ ਇੰਜੀਨੀਅਰਿੰਗ ਨਿਰਮਾਣ ਟੈਕਨੋਲੋਜੀ, ਕੁਝ ਗੁਣਵੱਤਵ ਪ੍ਰਬੰਧਨ, ਸੀ.ਏ.ਡੀ., ਐਨ.ਟੀ.ਐਮ., ਈ.ਜੀ.ਐਮ.ਡੀ., ਸੀ.ਏ.ਐਮ., ਸੀ ਏ ਡੀ ਐਮ, ਨਿਰਮਾਣ ਟੈਕਨੋਲੋਜੀ ਅਤੇ ਮਸ਼ੀਨਿੰਗ ਸਾਇੰਸ, ਡਿਜ਼ਾਈਨਿੰਗ ਅਤੇ ਖੋਜ ਵਿਧੀ, ਮੈਕੇਨੀਕਲ ਇੰਜੀਨੀਅਰਿੰਗ, ਮੈਨੂਫੈਕਚਰਿੰਗ ਇੰਜੀਨੀਅਰਿੰਗ, ਆਟੋਮੇਸ਼ਨ, ਰੋਬੋਟਿਕਸ, ਸੀ ਏ ਡੀ ਕੈਂਪ, ਐਚ.ਐਮ.ਟੀ. ਪਦਾਰਥ ਵਿਗਿਆਨ, ਕਵਿਤਾ, ਗਣਿਤ, ਭੌਤਿਕ ਵਿਗਿਆਨ, ਅਕਾਰਜਿਕ ਰਸਾਇਣ, ਭਾਸ਼ਾ ਅਤੇ ਸਾਹਿਤ, ਅਨੁਵਾਦ ਅਧਿਐਨ, ਪ੍ਰਬੰਧਨ, ਪੰਜਾਬੀ ਭਾਸ਼ਾ ਅਤੇ ਸਾਹਿਤ, ਉਪਰੇਟਿੰਗ ਸਿਸਟਮ, ਕੰਪਿਊਟਰ ਆਰਟੀਟੈਕਚਰ, ਸਾਫਰ ਕੰਪਿਉਟਿੰਗ, ਉਪਰੇਟਿੰਗ ਸਿਸਟਮ, ਐਸ ਪੀ ਐਮ, ਡੀ ਡਬਲਯੂ ਡੀ ਐਮ, ਡੀ ਬੀ ਐਮ ਐਸ, ਜਾਵਾ ਇਮੇਜ ਪ੍ਰੋਸੈਸਿੰਗ, ਡੀ ਬੀ ਐਮ ਐਸ ਅਤੇ ਉਪਰੇਟਿੰਗ ਸਿਸਟਮ ਹਨ। ਇਸੇ ਤਰ੍ਹਾਂ ਕਾਲਜ ਵਿੱਚ ਐੱਮ.ਐਕ (ਪੀ.ਈ., ਈ.ਪੀ.ਈ., ਐਮ.ਈ.) ਦੇ ਕੋਰਸ ਵੀ ਉਪਲੱਬਧ ਹਨ। ਫੈਕਲਟੀ ਦੁਆਰਾ ਸਾਲ ਦੌਰਾਨ ਪੰਜ ਪੁਸਤਕਾਂ ਅਤੇ ਸੱਤਰ ਖੋਜ ਪੱਤਰ ਪ੍ਰਕਾਸ਼ਿਤ ਕੀਤੇ ਗਏ। ਫੈਕਲਟੀ ਦੁਆਰਾ ਬਾਰਾਂ ਕਾਨਫ਼ਰੰਸਾਂ ਤੇ ਦੋ ਸੈਮੀਨਾਰਾਂ ਵਿੱਚ ਸ਼ਮੂਲੀਅਤ ਕੀਤੀ ਗਈ। ਇਸੇ ਤਰ੍ਹਾਂ ਹੀ ਸਾਲ ਦੌਰਾਨ ਕਾਲਜ ਵਿੱਚ ਇੱਕ ਭਾਸ਼ਣ ਆਯੋਜਿਤ ਕਰਵਾਇਆ ਗਿਆ ਤੇ ਤਿੰਨ ਸੱਦਾਗਤ ਭਾਸ਼ਣ ਕਰਵਾਏ ਗਏ।

## ਐਸ.ਐਸ.ਡੀ ਵਿਮੈਨਜ਼ ਇੰਸਟੀਚਿਊਟ ਆਫ ਟੈਕਨਾਲੋਜੀ, ਅਮਰੀਕ ਰੋਡ, ਬਠਿੰਡਾ

**ਪ੍ਰਿੰਸੀਪਲ:** ਡਾ. ਨੀਰੂ ਗਰਗ

ਅਧਿਆਪਕਾਂ ਦੀ ਕੁੱਲ ਗਿਣਤੀ 21 ਹੈ ਅਤੇ ਵਿਦਿਆਰਥੀਆਂ ਦੀ ਕੁੱਲ ਗਿਣਤੀ 316 ਹੈ। ਕਾਲਜ ਵਿੱਚ ਬੀ.ਸੀ.ਏ., ਬੀ.ਬੀ.ਏ., ਐਮ.ਸੀ.ਏ., ਐਮ.ਬੀ.ਏ, ਪੀ.ਜੀ.ਡੀ.ਸੀ.ਏ ਆਦਿ ਕੋਰਸ ਕਰਵਾਏ ਜਾਂਦੇ ਹਨ। ਕਾਲਜ ਦੁਆਰਾ ਸਾਲ ਵਿੱਚ ਚਾਰ ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ ਹਨ। ਕਾਲਜ ਦੇ ਅਧਿਆਪਕਾਂ ਦੁਆਰਾ ਸਾਲ ਵਿੱਚ 4 ਸੈਮੀਨਾਰਾਂ ਅਤੇ ਕਾਨਫ਼ਰੰਸ ਵਿੱਚ ਸ਼ਮੂਲੀਅਤ ਕੀਤੀ ਗਈ ਅਤੇ 4 ਹੀ ਕਾਲਜ ਵੱਲੋਂ ਆਯੋਜਿਤ ਕੀਤੇ ਗਏ। ਕਾਲਜ ਵਿੱਚ ਐਨ.ਐਸ.ਐਸ. ਯੂਨਿਟ ਹੈ। ਕਾਲਜ ਵਿੱਚ ਰੋਡ ਸੇਫਟੀ ਸਪਤਾਹ, ਪਤੰਗਬਾਜ਼ੀ, ਕਨਵੋਕੇਸ਼ਨ, ਮੈਗਾ ਜਾਬ ਫੈਸਟ, ਅੰਤਰਰਰਾਸ਼ਟਰੀ ਯੋਗਾ ਦਿਵਸ, ਫਰੈਸ਼ਰ ਪਾਰਟੀ ਆਦਿ ਪ੍ਰੋਗਰਾਮ ਆਯੋਜਿਤ ਕਰਵਾਏ ਗਏ।

## ਸ਼ਿਵਾਲਿਕ ਇੰਸਟੀਚਿਊਟ ਆਫ ਐਜੂਕੇਸ਼ਨ ਐਂਡ ਰਿਸਰਚ, ਫੇਜ਼-6, ਮੋਹਾਲੀ

**ਪ੍ਰਿੰਸੀਪਲ:** ਡਾ. ਜਯੋਤੀ ਸੋਨੀ

ਕਾਲਜ ਵਿੱਚ ਅਧਿਆਪਕਾਂ ਦੀ ਕੁੱਲ ਗਿਣਤੀ 7 ਅਤੇ ਵਿਦਿਆਰਥੀਆਂ ਦੀ ਕੁੱਲ ਗਿਣਤੀ 140 ਹੈ। ਕਾਲਜ ਵਿੱਚ ਬੀ.ਐਡ. ਦੋ ਸਾਲਾਂ ਕੋਰਸ ਕਰਵਾਇਆ ਜਾਂਦਾ ਹੈ। ਕਾਲਜ ਦੁਆਰਾ ਇਸ ਸਾਲ ਵਿੱਚ ਤਿੰਨ ਪੁਸਤਕਾਂ ਅਤੇ 10 ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਕਾਲਜ ਦੇ ਅਧਿਆਪਕਾਂ ਦੁਆਰਾ ਨੌਂ ਸੈਮੀਨਾਰ, ਅੱਠ ਵਰਕਸ਼ਾਪਾਂ ਅਤੇ ਇੱਕ ਕਾਨਫ਼ਰੰਸ ਵਿੱਚ ਸ਼ਮੂਲੀਅਤ ਕੀਤੀ। ਕਾਲਜ ਦੁਆਰਾ ਚਾਰ ਵਰਕਸ਼ਾਪਾਂ ਅਤੇ ਚਾਰ ਵਿਸ਼ੇਸ਼ ਲੈਕਚਰ ਆਯੋਜਿਤ ਕੀਤੇ ਗਏ। ਕਾਲਜ ਵਿੱਚ ਐਨ.ਐਸ.ਐਸ. ਯੂਨਿਟ ਹੈ। ਇਸ ਸਾਲ ਵਿੱਚ ਲੋਹੜੀ, ਜੈਂਡਰ, ਸੈਂਸਟਾਈਜੇਸ਼ਨ, ਰਿਪਬਲਿਕ ਡੇ, ਆਰਮਡ ਫੋਰਸਜ਼, ਆਜ਼ਾਦੀ ਦਿਵਸ ਅਤੇ ਗਣਤੰਤਰ ਦਿਵਸ ਆਦਿ ਸਮਾਰੋਹ ਆਯੋਜਿਤ ਕੀਤੇ ਗਏ। ਕਾਲਜ ਦੇ ਵਿਦਿਅਰਥੀਆਂ ਵੱਲੋਂ ਲੋਕ ਯੂਥ ਫੈਸਟੀਵਲ ਕਾਵਿ ਉਚਾਰਣ ਵਿੱਚ ਪਹਿਲਾ ਸਥਾਨ ਹਾਸਿਲ ਕੀਤਾ।

## ਯੂਨੀਵਰਸਿਟੀ ਕਾਲਜ, ਜੈਤੋ

**ਪ੍ਰਿੰਸੀਪਲ:** ਡਾ ਪਰਮਿੰਦਰ ਸਿੰਘ ਤੱਗੜ

ਕਾਲਜ ਵਿੱਚ ਇਸ ਸਾਲ ਦੌਰਾਨ ਇਕ ਪੀਐੱਚ.ਡੀ. ਦੀ ਰਜਿਸਟ੍ਰੇਸ਼ਨ ਹੋਈ ਅਤੇ ਇਕ ਡਿਗਰੀ ਅਵਾਰਡ ਹੋਈ ਹੈ। ਅੰਡਰ-ਗ੍ਰੈਜੂਏਟ ਕੋਰਸ ਇਨ ਹਿਊਮੈਨਟੀਜ਼, ਸਾਇੰਸ ਅਤੇ ਕਾਮਰਸ ਅਧਿਆਪਕ ਦੇ ਪ੍ਰਮੁੱਖ ਖੇਤਰ ਹਨ। ਕਾਲਜ ਦੇ ਅਧਿਆਪਕਾਂ ਦੁਆਰਾ ਇਕ ਵਰਕਸ਼ਾਪ ਅਤੇ ਇਕ ਕਾਨਫ਼ਰੰਸ ਵਿੱਚ ਸ਼ਮੂਲੀਅਤ ਕੀਤੀ ਗਈ। ਕਾਲਜ ਵਿੱਚ ਸਲਾਨਾ ਖੇਡ ਸਮਾਰੋਹ ਅਤੇ ਕੰਧ ਮੈਗਜ਼ੀਨ (ਇਰਸ਼ਾਦ) ਆਦਿ ਸਮਾਰੋਹ ਆਯੋਜਿਤ ਕੀਤੇ ਗਏ।

## ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ, ਖ਼ਾਲਸਾ ਕਾਲਜ, ਪਟਿਆਲਾ

**ਪ੍ਰਿੰਸੀਪਲ:** ਡਾ. ਧਰਮਿੰਦਰ ਸਿੰਘ ਉੱਭਾ

ਕਾਲਜ ਦੇ ਅਧਿਆਪਕਾਂ ਦੀ ਕੁੱਲ ਗਿਣਤੀ 174 ਅਤੇ ਵਿਦਿਆਰਥੀਆਂ ਦੀ ਕੁੱਲ ਗਿਣਤੀ 6301 ਹੈ। ਕਾਲਜ ਵਿੱਚ ਆਰਟਸ, ਕਾਮਰਸ ਐਂਡ ਮੈਨੇਜਮੈਂਟ, ਸਾਇੰਸ, ਐਗਰੀਕਲਚਰ, ਕੰਪਿਊਟਰ, ਡੀ.ਡੀ.ਯੂ. ਕੌਂਸਲ ਕੇਂਦਰ ਆਦਿ ਕੋਰਸ ਕਰਵਾਏ ਜਾਂਦੇ ਹਨ। ਕਾਲਜ ਦੇ ਅਧਿਆਪਕਾਂ ਵੱਲੋਂ 16 ਖੋਜ ਪੱਤਰ ਅਤੇ 13 ਪੁਸਤਕਾਂ ਪ੍ਰਕਾਸ਼ਿਤ ਕਰਵਾਈਆਂ ਗਈਆਂ ਹਨ। ਕਾਲਜ ਦੇ ਅਧਿਆਪਕਾਂ ਦੁਆਰਾ ਇਸ ਸਾਲ ਵਿੱਚ 34 ਸੈਮੀਨਾਰ ਅਤੇ ਕਾਨਫ਼ਰੰਸਾਂ ਵਿੱਚ ਸ਼ਮੂਲੀਅਤ ਕੀਤੀ ਗਈ। ਕਾਲਜ ਵੱਲੋਂ ਇਕ ਅੰਤਰਰਾਸ਼ਟਰੀ ਕਾਨਫ਼ਰੰਸ, ਦੋ ਰਾਸ਼ਟਰੀ ਸੈਮੀਨਾਰ, ਇੱਕ ਰਾਸ਼ਟਰੀ ਵਰਕਸ਼ਾਪ ਅਤੇ ਇਕ ਰਾਸ਼ਟਰੀ ਕਵੀ ਦਰਬਾਰ ਆਯੋਜਿਤ ਕੀਤਾ ਗਿਆ। ਕਾਲਜ ਵਿੱਚ ਐਨ. ਐਸ.ਐਸ. ਅਤੇ ਐਨ.ਸੀ.ਸੀ. ਯੂਨਿਟ ਹੈ। ਇਸ ਸਾਲ ਦੌਰਾਨ ਕੌਮੀ ਮੱਤਦਾਤਾ ਦਿਵਸ, ਅਰਦਾਸ ਦਿਵਸ, ਅੰਤਰਰਾਸ਼ਟਰੀ ਮਾਂ ਬੋਲੀ ਦਿਵਸ, ਯੋਗਾ ਦਿਵਸ, ਦੀਵਾਲੀ ਦਾ ਤਿਉਹਾਰ, ਰਾਸ਼ਟਰੀ ਏਕਤਾ ਦਿਵਸ ਆਦਿ ਸਮਾਰੋਹ ਆਯੋਜਿਤ ਕੀਤੇ ਗਏ। ਕਾਲਜ ਦੇ ਵਿਦਿਆਰਥੀ ਸੰਗਮਪ੍ਰੀਤ ਸਿੰਘ ਸ਼ਿਮਲਾ ਨੇ ਯੂਥ ਵਰਲਡ ਆਰਚਰੀ ਚੈਂਪੀਅਨਸ਼ਿਪ ਮੈਡਰਿਡ, ਸਪੇਨ ਵਿਖੇ ਭਾਰਤ ਦੀ ਪ੍ਰਤੀਨਿਧਤਾ ਕੀਤੀ ਅਤੇ ਬਰੌਂਜ਼ ਮੈਡਲ ਹਾਸਿਲ ਕੀਤਾ। ਪ੍ਰੀਤਇੰਦਰ ਕੌਰ ਨੇ 1 ਗੋਲਡ ਮੈਡਲ ਅਤੇ 1 ਬਰੌਂਜ਼ ਮੈਡਲ ਪ੍ਰਾਪਤ ਕੀਤਾ। ਖੇਤਰੀ ਯੁਵਕ ਮੇਲੇ ਵਿੱਚ ਕਾਲਜ ਓਵਰਆਲ ਚੈਂਪੀਅਨ ਰਿਹਾ।

## ਸਰਕਾਰੀ ਕਾਲਜ ਲੜਕੀਆਂ, ਪਟਿਆਲਾ

**ਪ੍ਰਿੰਸੀਪਲ:** ਡਾ. ਚਿਰੰਜੀਵ ਕੌਰ

ਅਧਿਆਪਕਾਂ ਦੀ ਕੁੱਲ ਗਿਣਤੀ 35 ਅਤੇ ਵਿਦਿਆਰਥੀਆਂ ਦੀ ਕੁੱਲ ਗਿਣਤੀ 2243 ਹੈ। ਕਾਲਜ ਵਿੱਚ ਆਰਟਸ ਅਤੇ ਸਾਇੰਸ ਨਾਲ ਸੰਬੰਧਿਤ ਕੋਰਸ ਕਰਵਾਏ ਜਾਂਦੇ ਹਨ। ਕਾਲਜ ਦੁਆਰਾ ਇਸ ਸਾਲ ਤਿੰਨ ਪੁਸਤਕਾਂ ਅਤੇ ਅੱਠ ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਕਾਲਜ ਦੇ ਅਧਿਆਪਕਾਂ ਦੁਆਰਾ ਨੌਂ ਸੈਮੀਨਾਰ, ਤਿੰਨ ਕਾਨਫਰੰਸਾਂ ਅਤੇ ਦੋ ਵਰਕਸ਼ਾਪਾਂ ਵਿੱਚ ਸ਼ਮੂਲੀਅਤ ਕੀਤੀ ਗਈ ਅਤੇ ਇਕ ਵਰਕਸ਼ਾਪ, ਚਾਰ ਵਿਸ਼ੇਸ਼ ਲੈਕਚਰ ਆਯੋਜਿਤ ਕੀਤੇ ਗਏ। ਕਾਲਜ ਵਿੱਚ ਐਨ.ਸੀ.ਸੀ. ਅਤੇ ਐਨ.ਐਸ.ਐਸ. ਯੂਨਿਟ ਹੈ। ਕਾਲਜ ਦੁਆਰਾ ਲੋਹੜੀ ਧੀਆਂ ਦੀ, ਰੱਸੀ-ਟੱਪਣਾ, ਸਟਾਪੂ, ਗਿੱਧਾ, ਗਾਂਧੀ ਜਯੰਤੀ ਆਦਿ ਸਮਾਰੋਹ ਆਯੋਜਿਤ ਕੀਤੇ ਗਏ। ਵਿਦਿਆਰਥੀਆਂ ਦੁਆਰਾ ਯੂਨੀਵਰਸਿਟੀ ਪੱਧਰ ਤੇ ਵਿਸ਼ੇਸ਼ ਪ੍ਰਾਪਤੀਆਂ ਕੀਤੀਆਂ ਗਈਆਂ ਹਨ। ਐਮ.ਏ. ਭਾਗ-ਦੂਜਾ (ਸੰਗੀਤ ਗਾਇਨ) ਦੀ ਹਿਮਾਂਸ਼ੂ ਦਾਨੀਆ ਨੇ ਯੂਨੀਵਰਸਿਟੀ ਵਿੱਚ ਪਹਿਲਾ ਸਥਾਨ ਹਾਸਿਲ ਕੀਤਾ। 5 ਸਤੰਬਰ 2019 ਨੂੰ (ਮੋਦੀ ਕਾਲਜ, ਵਿੱਚ ਬਾਕਸਿੰਗ ਦੇ ਅੰਤਰ ਕਾਲਜ ਮੁਕਾਬਲਿਆਂ ਵਿੱਚ ਜਸਪ੍ਰੀਤ ਕੌਰ (ਬੀ.ਏ. ਤੀਜਾ) ਤੇ ਕੋਮਲਪ੍ਰੀਤ ਨੇ ਕਾਂਸੀ ਦਾ ਤਮਗਾ ਜਿੱਤਿਆ।

## ਪੰਜਾਬ ਕਾਲਜ ਆਫ ਕਾਮਰਸ ਐਂਡ ਐਗਰੀਕਲਚਰ, ਪਿੰਡ ਸਰਕੱਪੜਾ, ਚੁੰਨੀ ਕਲਾਂ, ਫਤਿਹਗੜ੍ਹ

**ਪ੍ਰਿੰਸੀਪਲ:** ਡਾ. ਲੀਨਾ ਕੌਰ

ਕਾਲਜ ਵਿੱਚ ਅਧਿਆਪਕਾਂ ਦੀ ਕੁੱਲ ਗਿਣਤੀ 30 ਅਤੇ ਵਿਦਿਆਰਥੀਆਂ ਦੀ ਗਿਣਤੀ 453 ਹੈ। ਕਾਲਜ ਦੁਆਰਾ 03 ਕਾਨਫਰੰਸਾਂ ਅਟੈਂਡ ਕੀਤੀਆਂ ਗਈਆਂ ਅਤੇ 05 ਕਾਨਫਰੰਸਾਂ ਆਯੋਜਿਤ ਕੀਤੀਆਂ ਗਈਆਂ। ਕਾਲਜ ਵਿੱਚ ਐਨ.ਐਸ.ਐਸ. ਯੂਨਿਟ ਹੈ। ਇਸ ਸਾਲ ਦੌਰਾਨ ਰਾਸ਼ਟਰੀ ਵੋਟਰ ਦਿਵਸ, ਗਣਤੰਤਰ ਦਿਵਸ, ਮਾਤ ਭਾਸ਼ਾ ਦਿਵਸ, ਰਾਸ਼ਟਰੀ ਵਿਗਿਆਨ ਦਿਵਸ, ਤੰਬਾਕੂਨੋਸ਼ੀ ਦਿਵਸ, ਫਰੈਸ਼ਰ ਪਾਰਟੀ, ਕੁਇਜ਼ ਮੁਕਾਬਲਾ, ਖ਼ੂਨਦਾਨ ਕੈਂਪ ਆਦਿ ਸਮਾਰੋਹ ਆਯੋਜਿਤ ਕੀਤੇ ਗਏ। ਅੰਤਰਰਾਸ਼ਟਰੀ ਪੱਧਰ ਦੇ ਮੁਕਾਬਲੇ (27-29 ਸਤੰਬਰ, 2019 ਤੱਕ) ਟੇਬਲ ਫੁੱਟਬਾਲ ਵਿੱਚ ਤੀਸਰੀ ਪੁਜੀਸ਼ਨ। 20 ਅਕਤੂਬਰ, 2019 ਦੇ ਰਾਜ ਪੱਧਰੀ ਮੁਕਾਬਲੇ ਟੇਬਲ ਫੁਟਬਾਲ ਵਿੱਚ ਦੂਸਰਾ ਸਥਾਨ ਹਾਸਿਲ ਕੀਤਾ। ਜਿਲ੍ਹਾ ਪੱਧਰ ਤੇ ਪੱਖੀ ਮੇਕਿੰਗ ਯੂਥ ਫੈਸਟੀਵਲ ਵਿੱਚ ਸੈਕਿੰਡ ਪੁਜੀਸ਼ਨ, ਯੁਵਕ ਮੇਲੇ ਵਿੱਚ ਸੈਕਿੰਡ ਪੁਜੀਸ਼ਨ ਅਤੇ ਸਾਹਿਤਕ ਮੁਕਾਬਲੇ ਵਿੱਚ ਦੂਸਰਾ ਸਥਾਨ ਪ੍ਰਾਪਤ ਕੀਤਾ।

## ਸੰਤ ਬਾਬਾ ਸੇਵਾ ਮੈਮੋਰੀਅਲ ਸਰਕਾਰੀ ਕਾਲਜ, ਗੁਰੂ ਕਾ ਖੂਹ, ਮੁੰਨੇ, ਨੂਰਪੁਰ ਬੇਦੀ, ਰੋਪੜ

**ਪ੍ਰਿੰਸੀਪਲ:** ਇੰਚਾਰਜ

ਅਧਿਆਪਕਾਂ ਦੀ ਕੁੱਲ ਗਿਣਤੀ ਨੌਂ ਹੈ। ਵਿਦਿਆਰਥੀਆਂ ਦੀ ਕੁੱਲ ਗਿਣਤੀ 384 ਹੈ। ਕਰਵਾਏ ਜਾਂਦੇ ਕੋਰਸਾਂ ਵਿੱਚ ਬੀ.ਏ., ਬੀ.ਸੀ.ਏ., ਪੀ.ਜੀ.ਡੀ.ਸੀ.ਏ., ਐੱਮ.ਐੱਸ.ਸੀ.ਆਈ.ਟੀ. (ਲੇਟਰਲ ਐਂਟਰੀ) ਆਦਿ ਸ਼ਾਮਲ ਹਨ। ਕਾਲਜ ਫੈਕਲਟੀ ਦੁਆਰਾ ਸਾਲ ਵਿੱਚ ਇੱਕ ਖੋਜ ਪੱਤਰ ਪ੍ਰਕਾਸ਼ਿਤ ਕਰਵਾਇਆ ਗਿਆ। ਇਸ ਤੋਂ ਇਲਾਵਾ ਤਿੰਨ ਸੈਮੀਨਾਰ/ਵਰਕਸ਼ਾਪਾਂ ਅਟੈਂਡ ਕੀਤੀਆਂ ਗਈਆਂ ਹਨ। ਵਿਦਿਆਰਥੀਆਂ ਦੁਆਰਾ ਖੇਡਾਂ ਵਿੱਚ ਵੇਟ ਲਿਫਟਿੰਗ ਵਿੱਚ ਭਾਗ ਲਿਆ ਅਤੇ ਇੱਕ ਵਿਦਿਆਰਥੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਕਾਲਜ ਦੁਆਰਾ ਸਾਲ ਵਿੱਚ ਸੱਭਿਆਚਾਰਕ ਸਮਾਗਮ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਜਨਮ ਦਿਵਸ ਮਨਾਇਆ ਗਿਆ, ਜਲਿਆਂ ਵਾਲਾ ਬਾਗ 100ਵੇਂ ਸਾਲ ਵਿੱਚ ਰੈਲੀ ਕੱਢੀ ਗਈ, ਵੋਟਰ ਦਿਵਸ ਆਦਿ ਦਿਨ ਮਨਾਏ ਗਏ।

## ਪੰਜਾਬ ਡਿਗਰੀ ਕਾਲਜ, ਮਹਿਮੂਆਣਾ (ਫ਼ਰੀਦਕੋਟ)

**ਪ੍ਰਿੰਸੀਪਲ:** ਡਾ. ਅਜੀਤਪਾਲ ਸਿੰਘ

ਅਧਿਆਪਕਾਂ ਦੀ ਗਿਣਤੀ 32 ਅਤੇ ਵਿਦਿਆਰਥੀਆਂ ਦੀ ਕੁਲ ਗਿਣਤੀ 501 ਹੈ। ਕਰਵਾਏ ਜਾਂਦੇ ਕੋਰਸਾਂ ਵਿੱਚ ਬੀ.ਏ., ਬੀ.ਸੀ.ਏ., ਬੀ.ਕਾਮ, ਬੀ.ਬੀ.ਏ., ਬੀ.ਐੱਸ.ਸੀ. (ਨਾਨ ਮੈਡੀਕਲ, ਮੈਡੀਕਲ), ਬੀ.ਐੱਸ.ਸੀ. (ਆਨਰਜ਼ ਐਗਰੀਕਲਚਰ) ਆਦਿ ਸ਼ਾਮਲ ਹਨ। ਕਾਲਜ ਦੁਆਰਾ ਸਾਲ ਵਿੱਚ ਇਕ ਸੈਮੀਨਾਰ/ਵਰਕਸ਼ਾਪ/ਕਾਨਫ਼ਰੰਸ ਆਯੋਜਿਤ ਕਰਵਾਈ ਗਈ। ਸਾਲ ਵਿੱਚ ਆਯੋਜਿਤ ਮਹੱਤਵਪੂਰਨ ਸਮਾਰੋਹਾਂ ਵਿੱਚ ਤੀਆਂ ਦਾ ਤਿਉਹਾਰ, ਕੁੜੀਆਂ ਦੀ ਲੋਹੜੀ, ਕੁਇੰਜ਼ ਕੰਪੀਟੀਸ਼ਨ ਆਦਿ ਪ੍ਰੋਗਰਾਮ ਕਰਵਾਏ ਗਏ। ਇਸ ਤੋਂ ਇਲਾਵਾ ਕਾਲਜ ਵਿਦਿਆਰਥੀਆਂ ਨੇ ਕਾਲਜ ਦੇ ਯੂਥ ਫੈਸਟੀਵਲ ਵਿੱਚ ਗੀਤ ਅਤੇ ਗ਼ਜ਼ਲ ਚੋਂ ਤੀਜਾ ਸਥਾਨ ਪ੍ਰਾਪਤ ਕੀਤਾ।

## ਐੱਸ.ਐੱਸ.ਡੀ. ਗਰਲਜ਼ ਕਾਲਜ ਆਫ਼ ਐਜੂਕੇਸ਼ਨ, ਬਠਿੰਡਾ

**ਪ੍ਰਿੰਸੀਪਲ:** ਡਾ. ਅਨੂ ਮਲਹੋਤਰਾ

ਅਧਿਆਪਕਾਂ ਦੀ ਗਿਣਤੀ 13 ਅਤੇ ਵਿਦਿਆਰਥੀਆਂ ਦੀ ਕੁਲ ਗਿਣਤੀ 199 ਹੈ। ਉਪਲੱਬਧ ਸਟਰੀਮਜ਼ ਵਿੱਚ ਬੀ.ਐੱਡ. ਕੋਰਸ ਹੈ। ਫੈਕਲਟੀ ਦੁਆਰਾ ਸਾਲ ਵਿੱਚ ਤਿੰਨ ਪੁਸਤਕਾਂ ਪ੍ਰਕਾਸ਼ਿਤ ਕਰਵਾਈਆਂ ਅਤੇ 12 ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਕਾਲਜ ਦੁਆਰਾ ਆਯੋਜਿਤ ਕੀਤੇ ਗਏ ਸੈਮੀਨਾਰਾਂ/ਵਰਕਸ਼ਾਪਾਂ/ਕਾਨਫ਼ਰੰਸਾਂ ਵਿੱਚ ਪੰਦਰਾਂ ਦਿਨਾਂ ਸਿਵਲ ਡਿਫੈਂਸ ਵਰਕਸ਼ਾਪ ਸਰੀਰ ਅਤੇ ਰੋਗਾਣੂ ਨਾਸ਼ਕ ਦੇ ਪ੍ਰਭਾਵ ਤੇ ਲੈਕਚਰ, ਡਿਜ਼ੀਟਲ ਇੰਡੀਆ ਤੇ ਵਿਸਥਾਰਿਤ ਲੈਕਚਰ; '550 ਸਾਲਾਂ ਪ੍ਰਕਾਸ਼ ਉਤਸਵ ਗੁਰੂ ਨਾਨਕ ਦੇਵ ਜੀ' ਤੇ ਕੁਇਜ਼ ਪ੍ਰਤੀਯੋਗਤਾ, ਏਡਜ਼ ਤੇ ਵਿਸਥਾਰਿਤ ਲੈਕਚਰ ਅਤੇ ਵਰਕਸ਼ਾਪ ਆਦਿ ਪ੍ਰੋਗਰਾਮ ਕਰਵਾਏ। ਇਸ ਤੋਂ ਇਲਾਵਾ ਨਸ਼ਿਆਂ ਤੇ ਪੋਸਟਰ ਬਣਾਉਣਾ, ਰਾਸ਼ਟਰੀ ਸੁਰੱਖਿਆ ਦਿਨ, ਮਹਿਲਾ ਦਿਵਸ, ਭਗਤ ਸਿੰਘ ਸ਼ਹੀਦੀ ਦਿਵਸ ਆਦਿ ਪ੍ਰੋਗਰਾਮ ਆਯੋਜਿਤ ਕਰਵਾਏ ਗਏ।

## ਸਰਕਾਰੀ ਕਾਲਜ, ਡੇਰਾ ਬੱਸੀ, ਮੋਹਾਲੀ

**ਪ੍ਰਿੰਸੀਪਲ:** ਸ੍ਰੀਮਤੀ ਸਾਧਨਾ ਸੰਗਰ

ਕਾਲਜ ਵਿੱਚ ਅਧਿਆਪਕਾਂ ਦੀ ਕੁੱਲ ਗਿਣਤੀ 37 ਅਤੇ ਵਿਦਿਆਰਥੀਆਂ ਦੀ ਕੁੱਲ ਗਿਣਤੀ 1471 ਹੈ। ਕਾਲਜ ਵਿੱਚ ਬੀ.ਏ., ਬੀ.ਐਸ.ਸੀ., ਬੀ.ਕਾਮ., ਬੀ.ਕਾਮ. (ਆਨਰਜ਼), ਬੀ.ਸੀ.ਏ. ਆਦਿ ਕੋਰਸ ਕਰਵਾਏ ਜਾਂਦੇ ਹਨ। ਕਾਲਜ ਦੇ ਅਧਿਆਪਕਾਂ ਦੁਆਰਾ ਤਿੰਨ ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ ਹਨ। ਕਾਲਜ ਦੇ ਅਧਿਆਪਕਾਂ ਦੁਆਰਾ ਤਿੰਨ ਵਰਕਸ਼ਾਪਾਂ ਅਤੇ ਕਾਨਫ਼ਰੰਸਾਂ ਵਿੱਚ ਸ਼ਮੂਲੀਅਤ ਕੀਤੀ ਗਈ। ਕਾਲਜ ਵੱਲੋਂ ਇਕ ਸੈਮੀਨਾਰ, ਅੱਠ ਵਰਕਸ਼ਾਪਾਂ ਅਤੇ ਗਿਆਰਾਂ ਵਿਸ਼ੇਸ਼ ਭਾਸ਼ਣ ਆਯੋਜਿਤ ਕੀਤੇ ਗਏ। ਇਸ ਸਾਲ ਦੌਰਾਨ ਕਾਲਜ ਵਿੱਚ ਬਡੀ ਤੇ ਪ੍ਰੋਗਰਾਮ, ਵਾਈਬਰੈਂਟ ਸਟਰੋਕਸ, ਮਾਂ ਬੋਲੀ ਦਿਵਸ, 550 ਪ੍ਰਕਾਸ਼ ਉਤਸਵ, ਰਾਸ਼ਟਰੀ ਪੇਂਟਿੰਗ ਪ੍ਰਦਰਸ਼ਨੀ, ਪੌਸ਼ਟਿਕ ਅਤੇ ਸੰਤੁਲਿਤ ਅਹਾਰ ਵਿਸ਼ੇ ਤੇ ਸਮਾਰੋਹ ਆਯੋਜਿਤ ਕੀਤੇ ਗਏ। ਵਿਦਿਆਰਥੀ ਅਮਨਦੀਪ ਸਿੰਘ ਨੇ ਮਿਤੀ 4-6 ਜਨਵਰੀ 2019 ਨੂੰ ਆਸਾਮ (ਗੁਹਾਟੀ) ਵਿਖੇ ਹੋਈ 12ਵੀਂ Tehonk Ball Senior National Championship ਵਿੱਚ ਹਿੱਸਾ ਲਿਆ ਅਤੇ ਪਹਿਲਾ ਸਥਾਨ ਪ੍ਰਾਪਤ ਕੀਤਾ। ਬੀ.ਏ. ਭਾਗ ਦੂਜਾ ਦੀ ਵਿਦਿਆਰਥਣ ਆਂਚਲ ਕੌਰ ਨੇ ਮਲੇਸ਼ੀਆ ਵਿਖੇ ਹੋਈ ਇੰਟਰਨੈਸ਼ਨਲ ਵਰਲਡ ਕੱਪ Tehonk ਬਾਲ ਚੈਂਪੀਅਨਸ਼ਿਪ ਵਿੱਚ ਭਾਗ ਲਿਆ।

## ਸੰਤ ਨਾਮਦੇਵ ਕੰਨਿਆਂ ਮਹਾਂਵਿਦਿਆਲਾ, ਬਸੀ ਪਠਾਣਾਂ, ਫਤਿਹਗੜ੍ਹ ਸਾਹਿਬ

**ਪ੍ਰਿੰਸੀਪਲ:** ਡਾ. ਕੁਲਬੀਰ ਕੌਰ

ਕਾਲਜ ਵਿੱਚ ਅਧਿਆਪਕਾਂ ਦੀ ਕੁੱਲ ਗਿਣਤੀ 12 ਅਤੇ ਵਿਦਿਆਰਥੀਆਂ ਦੀ ਕੁੱਲ ਗਿਣਤੀ 58 ਹੈ। ਕਾਲਜ ਵਿੱਚ ਆਰਟਸ, ਕਾਮਰਸ ਅਤੇ ਕੰਪਿਊਟਰ ਸਾਇੰਸ ਨਾਲ ਸੰਬੰਧਤ ਕੋਰਸ ਕਰਵਾਏ ਜਾਂਦੇ ਹਨ। ਕਾਲਜ ਦੇ ਵਿਦਿਆਰਥੀਆਂ ਦੁਆਰਾ ਯੂਥ ਫੈਸਟੀਵਲ ਵਿੱਚ ਭਾਗ ਲਿਆ ਹੈ।

## ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ, ਭਗਤਾ ਭਾਈ ਕਾ (ਬਠਿੰਡਾ)

**ਪ੍ਰਿੰਸੀਪਲ:** ਇੰਚਾਰਜ

ਅਧਿਆਪਕਾਂ ਦੀ ਕੁੱਲ ਗਿਣਤੀ 35 ਅਤੇ ਵਿਦਿਆਰਥੀਆਂ ਦੀ ਕੁੱਲ ਗਿਣਤੀ 471 ਹੈ। ਕਾਲਜ ਵਿੱਚ ਆਰਟਸ, ਕਾਮਰਸ, ਸਾਇੰਸ, ਫੈਸ਼ਨ ਟੈਕਨਾਲੋਜੀ, ਕੰਪਿਊਟਰ ਸਾਇੰਸ ਆਦਿ ਕੋਰਸ ਕਰਵਾਏ ਜਾਂਦੇ ਹਨ। ਕਾਲਜ ਦੁਆਰਾ ਸਾਲ ਵਿੱਚ ਇਕ ਖੋਜ ਪੱਤਰ ਪ੍ਰਕਾਸ਼ਿਤ ਕਰਵਾਇਆ ਗਿਆ। ਕਾਲਜ ਵਿੱਚ ਐਨ.ਐਸ.ਐਸ. ਯੂਨਿਟ ਹੈ। ਇਸ ਸਾਲ ਦੌਰਾਨ ਕਾਲਜ ਵਿੱਚ ਪੁਸਤਕ ਮੇਲਾ, ਤੀਆਂ ਦਾ ਤਿਉਹਾਰ, ਅਧਿਆਪਕ ਦਿਵਸ, ਰਾਸ਼ਟਰੀ ਏਕਤਾ ਦਿਵਸ, ਪੋਸਟਰ ਮੁਕਾਬਲੇ ਅਤੇ ਵਿਸ਼ਵ ਏਡਜ਼ ਦਿਵਸ ਮਨਾਇਆ ਗਿਆ। ਕਾਲਜ ਦੇ ਵਿਦਿਆਰਥੀਆਂ ਦੁਆਰਾ ਰੱਸਾਕੱਸ਼ੀ, ਕਢਾਈ 'ਚ, ਪੁਗਦਾ ਬੁਣਾਈ 'ਚ ਪਹਿਲਾ ਸਥਾਨ, ਰਵਾਇਤੀ ਲੋਕ ਗੀਤ ਵਿੱਚ ਦੂਜਾ ਸਥਾਨ ਅਤੇ ਖਿੱਦੋ ਬੁਣਾਈ, ਚਿੱਤਰਕਾਰੀ ਗਿੱਧਾ, ਕਵਿਤਾ ਉਚਾਰਨ ਵਿੱਚ ਜ਼ੋਨਲ ਪੱਧਰ ਤੇ ਵਿਸ਼ੇਸ਼ ਪ੍ਰਾਪਤੀਆਂ ਹਨ।

## ਸ਼ਾਂਤੀ ਤਾਰਾ ਗਰਲਜ਼ ਕਾਲਜ, ਅਹਿਮਦਗੜ੍ਹ

**ਪ੍ਰਿੰਸੀਪਲ:** ਡਾ. ਨਰਿੰਦਰ ਕੌਰ ਬੱਤਰਾ

ਅਧਿਆਪਕਾਂ ਦੀ ਗਿਣਤੀ 35 ਅਤੇ ਵਿਦਿਆਰਥੀਆਂ ਦੀ ਗਿਣਤੀ 990 ਹੈ। ਉਪਲੱਬਧ ਸਟਰੀਮਜ਼ ਵਿੱਚ ਆਰਟਸ, ਕਾਮਰਸ, ਕੰਪਿਊਟਰ ਸਾਇੰਸ ਕੋਰਸ ਹਨ। ਫੈਕਲਟੀ ਦੁਅਰਾ ਇੱਕ ਖੋਜ-ਪੱਤਰ ਪ੍ਰਕਾਸ਼ਿਤ ਕਰਵਾਇਆ ਗਿਆ। ਪ੍ਰੋ. ਚਰਨਜੀਤ ਸਿੰਘ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਸੈਮੀਨਾਰ ਅਟੈਂਡ ਕੀਤਾ। ਕਾਲਜ ਦੁਆਰਾ ਆਯੋਜਿਤ ਕੀਤੇ ਗਏ ਮਹੱਤਵਪੂਰਨ ਸਮਾਰੋਹਾਂ ਵਿੱਚ ਤੀਜ ਫੈਸਟੀਵਲ, ਸੱਭਿਆਚਾਰ, ਮੇਲਾ, ਦੀਵਾਲੀ, ਲੋਹੜੀ ਦਾ ਤਿਉਹਾਰ, ਵੋਟਰ ਦਿਵਸ, ਮਾਤ ਭਾਸ਼ਾ ਦਿਵਸ ਆਦਿ ਸਮਾਗਮ ਕਰਵਾਏ ਗਏ। ਵਿਦਿਆਰਥੀਆਂ ਦੁਆਰਾ ਜ਼ੋਨਲ, ਖੇਤਰੀ ਅਤੇ ਉਚੇਰੇ ਪੱਧਰ 'ਤੇ ਸੱਭਿਆਚਾਰਕ ਸਰਗਰਮੀਆਂ ਵਿੱਚੋਂ ਗਿੱਧਾ ਵਿੱਚ ਦੂਜਾ ਸਥਾਨ, ਮਾਈਮ ਵਿੱਚ ਤੀਜਾ ਸਥਾਨ, ਅੰਤਰ ਕਾਲਜ ਯੁਵਕ ਮੇਲੇ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਭਾਗ ਲਿਆ।

## ਗੁਰੂਕੁਲ ਕਾਲਜ, ਰਿੰਗ ਰੋਡ, ਫੇਸ-2, ਮਲੋਟ ਰੋਡ, ਬਠਿੰਡਾ

**ਪ੍ਰਿੰਸੀਪਲ:** ਡਾ. ਦੀਵਾਨ ਚੰਦ

ਕਾਲਜ ਵਿੱਚ ਅਧਿਆਪਕਾਂ ਦੀ ਕੁੱਲ ਗਿਣਤੀ 16 ਅਤੇ ਵਿਦਿਆਰਥੀਆਂ ਦੀ ਕੁੱਲ ਗਿਣਤੀ 38 ਹੈ। ਕਾਲਜ ਵਿੱਚ ਬੀ.ਏ., ਬੀ.ਬੀ.ਏ., ਬੀ.ਸੀ.ਏ., ਬੀ.ਕਾਮ., ਬੀ.ਐਸ.ਸੀ. ਅਤੇ ਪੀ.ਜੀ.ਡੀ.ਸੀ.ਏ. ਆਦਿ ਕੋਰਸ ਕਰਵਾਏ ਜਾਂਦੇ ਹਨ। ਕਾਲਜ ਵਿੱਚ ਐਨ.ਐਸ.ਐਸ. ਯੂਨਿਟ ਹੈ। ਇਸ ਸਾਲ ਦੌਰਾਨ ਕਾਲਜ ਵਿੱਚ ਮਹੱਤਵਪੂਰਨ ਸਮਾਰੋਹ ਆਯੋਜਿਤ ਕੀਤੇ ਗਏ।

## ਸੰਤ ਬਾਬਾ ਅਤਰ ਸਿੰਘ ਖਾਲਸਾ ਕਾਲਜ, ਸੰਦੌੜ (ਸੰਗਰੂਰ)

**ਪ੍ਰਿੰਸੀਪਲ:** ਡਾ. ਪਰਮਜੀਤ ਕੌਰ

ਅਧਿਆਪਕਾਂ ਦੀ ਕੁੱਲ ਗਿਣਤੀ ਪੱਚੀ ਅਤੇ ਵਿਦਿਆਰਥੀਆਂ ਦੀ ਗਿਣਤੀ 320 ਹੈ। ਉਪਲੱਬਧ ਸਟ੍ਰੀਮਸ ਵਿੱਚ ਆਰਟਸ, ਕਾਮਰਸ, ਕੰਪਿਊਟਰ ਸਾਇੰਸ ਆਦਿ ਸ਼ਾਮਲ ਹਨ। ਕਾਲਜ ਫੈਕਲਟੀ ਦੁਆਰਾ ਸਾਲ ਵਿੱਚ ਇੱਕ ਪੁਸਤਕ ਪ੍ਰਕਾਸ਼ਿਤ ਕਰਵਾਈ ਅਤੇ ਚਾਰ ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਕਾਲਜ ਦੁਆਰਾ ਸਾਲ ਵਿੱਚ ਦੋ ਸੈਮੀਨਾਰ/ਕਾਨਫ਼ਰੰਸਾਂ ਆਯੋਜਿਤ ਕਰਵਾਈਆਂ ਗਈਆਂ ਹਨ। ਕਾਲਜ ਫੈਕਲਟੀ ਦੁਆਰਾ ਇੱਕ ਸੈਮੀਨਾਰ ਅਤੇ ਦੋ ਵਿਸ਼ੇਸ਼ ਭਾਸ਼ਣ ਅਟੈਂਡ ਕੀਤੇ ਗਏ। ਇਸ ਤੋਂ ਇਲਾਵਾ ਮਹੱਤਵਪੂਰਨ ਸਮਾਰੋਹਾਂ ਵਿੱਚ ਪ੍ਰਤਿਭਾ ਖੋਜ ਮੁਕਾਬਲਾ, ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੂਰਬ ਤੇ ਸਲਾਨਾ ਖੇਡ ਸਮਾਗਮ ਕਰਵਾਏ ਗਏ।

## ਡੀ.ਏ.ਵੀ. ਕਾਲਜ, ਬਠਿੰਡਾ

**ਪ੍ਰਿੰਸੀਪਲ:** ਪ੍ਰੋ. ਪਰਵੀਨ ਕੁਮਾਰ ਗਰਗ

ਅਧਿਆਪਕਾਂ ਦੀ ਗਿਣਤੀ 87 ਅਤੇ ਵਿਦਿਅਰਾਥੀਆਂ ਦੀ ਗਿਣਤੀ 82908 ਹੈ। ਉਪਲੱਬਧ ਸਟ੍ਰੀਮਸ ਵਿੱਚ ਆਰਟਸ, ਸਾਇੰਸ, ਕੰਪਿਊਟਰ, ਕਾਮਰਸ ਅਤੇ ਮੈਨੇਜਮੈਂਟ ਸ਼ਾਮਲ ਹਨ। ਕਾਲਜ ਫੈਕਲਟੀ ਦੁਆਰਾ ਸਾਲ ਵਿੱਚ ਦੋ ਪੁਸਤਕਾਂ ਤੇ 16 ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਕਾਲਜ ਫੈਕਲਟੀ ਦੁਆਰਾ ਸਾਲ ਵਿੱਚ 46 ਸੈਮੀਨਾਰ/ਵਰਕਸ਼ਾਪਾਂ ਅਟੈਂਡ ਕੀਤੀਆਂ ਗਈਆਂ। ਕਾਲਜ ਵਿੱਚ ਇਕ ਵਰਕਸ਼ਾਪ ਅਤੇ ਪੰਦਰਾਂ ਸਪੈਸ਼ਲ (ਵਿਸਥਾਰ ਭਾਸ਼ਣ) ਆਯੋਜਿਤ ਕਰਵਾਏ ਗਏ। ਕਾਲਜ ਵਿਦਿਆਰਥੀਆਂ ਦੁਆਰਾ ਖੇਡਾਂ ਵਿੱਚੋਂ ਰਾਸ਼ਟਰੀ ਅੰਤਰ ਕਾਲਜ ਕੁਸ਼ਤੀ ਮੁਕਾਬਲਾ (86 ਕਿਲੋਗ੍ਰਾਮ ਭਾਰ) ਵਿੱਚ ਸੋਨ ਤਮਗਾ ਅਤੇ ਸਾਰੇ ਮੁਕਾਬਲਿਆਂ ਵਿੱਚੋਂ ਸੱਤ ਮੁਕਾਬਲੇ ਜਿੱਤੇ ਅਤੇ 37 ਕਿਲੋਗ੍ਰਾਮ ਵਿੱਚੋਂ ਸਾਰੇ ਸੱਤ ਮੁਕਾਬਲੇ ਜਿੱਤ ਅਤੇ ਸੋਨ ਤਮਗਾ ਹਾਸਿਲ ਕੀਤਾ। ਭੂਟਾਨ ਇੰਟਰਨੈਸ਼ਨਲ ਓਪਨ ਕਰਾਟੇ ਚੈਂਪੀਅਸ਼ਿਪ ਵਿੱਚ ਦੋ ਕਾਂਸੀ ਤਗਮੇ ਜਿੱਤੇ। 33ਵੇਂ ਭਰਾਤ ਕੇਸਰੀ ਕੁਸ਼ਤੀ ਮੁਕਾਬਲੇ ਵਿੱਚ ਭਰਤ ਕੁਮਾਰ ਅਵਾਰਡ ਜਿੱਤਿਆ ਫੈਡਰੇਸ਼ਨ ਕੱਪ ਪਾਵਰ ਲਿਫਟਿੰਗ ਚੈਂਪੀਅਨਸ਼ਿਪ 2019 ਵਿੱਚ ਸੋਨ ਤਗਮਾ ਜਿੱਤਿਆ। 79 ਕਿਲੋਗ੍ਰਾਮ ਭਾਰ ਰੈਸਲਿੰਗ ਵਰਗ ਵਿੱਚ ਸੋਨ ਤਗਮਾ ਜਿੱਤਿਆ। ਇਸ ਤੋਂ ਇਲਾਵਾ ਅੰਤਰ ਕਾਲਜ ਪੈਨਕੇਕ ਸੀਲੇਟ ਟੂਰਨਾਮੈਂਟ ਵਿੱਚ ਸੋਨ ਤਗਮਾ ਜਿੱਤਿਆ। ਵਿਦਿਅਰਾਥੀਆਂ ਦੁਆਰਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੁਆਰਾ ਆਯੋਜਿਤ ਜ਼ੋਨਲ ਯੂਥ ਫੈਸਟੀਵਲ ਵਿੱਚ ਓਵਰ ਆਲ ਫਾਈਨ ਆਰਟਸ ਅਤੇ ਡਾਂਸ ਟਰਾਫ਼ੀ ਜਿੱਤੀ।

## ਭਾਈ ਗੁਰਦਾਸ ਕਾਲਜ ਆਫ ਲਾਅ, ਸੰਗਰੂਰ

**ਪ੍ਰਿੰਸੀਪਲ:** ਡਾ. ਪ੍ਰੀਤ ਸਿੰਘ

ਅਧਿਆਪਕਾਂ ਦੀ ਗਿਣਤੀ 13 ਹੈ ਅਤੇ ਵਿਦਿਆਰਥੀਆਂ ਦੀ ਗਿਣਤੀ 663 ਹੈ। ਕਰਵਾਏ ਜਾਂਦੇ ਕੋਰਸਾਂ ਵਿੱਚ ਬੀ.ਏ.ਐੱਲ.ਐੱਲ.ਬੀ./ਐੱਲ.ਐੱਲ.ਬੀ. ਆਦਿ ਕੋਰਸ ਸ਼ਾਮਲ ਹਨ। ਕਾਲਜ ਫੈਕਲਟੀ ਦੁਆਰਾ ਸਾਲ ਵਿੱਚ ਅੱਠ ਨੈਸ਼ਨਲ ਸੈਮੀਨਾਰ ਅਤੇ ਦੋ ਵਰਕਸ਼ਾਪਾਂ ਅਟੈਂਡ ਕੀਤੀਆਂ ਗਈਆਂ। ਕਾਲਜ ਦੁਆਰਾ ਸਾਲ ਵਿੱਚ ਆਯੋਜਿਤ ਕੀਤੇ ਸੈਮੀਨਾਰਾਂ/ਭਾਸ਼ਣਾਂ ਵਿੱਚ ਤਿੰਨ ਸੈਮੀਨਾਰ ਲੀਗਲ ਏਡ ਅਤੇ ਅਸੈੱਸ, ਟੂ ਜਸਟਿਸ ਫਾਰ ਆਲ ਆਦਿ ਕਰਵਾਏ ਗਏ। ਅਕਾਦਮਿਕ ਪ੍ਰਾਪਤੀਆਂ ਵਿੱਚ ਨੈਸ਼ਨਲ ਲੈਵਲ ਸੈਮੀਨਾਰ ਅਤੇ ਮੂਟ ਕੋਰਟ ਕੰਪੀਟੀਸ਼ਨ ਵਿੱਚ ਭਾਗ ਲਿਆ।

## ਸ਼ਹੀਦ ਊਧਮ ਸਿੰਘ ਕਾਲਜ ਆਫ਼ ਐਜੂਕੇਸ਼ਨ, ਮਹਿਲਾ ਚੌਂਕ, ਸੰਗਰੂਰ

**ਪ੍ਰਿੰਸੀਪਲ:** ਡਾ. ਮਨਜੀਤ ਕੌਰ

ਅਧਿਆਪਕਾਂ ਦੀ ਗਿਣਤੀ ਛੱਤੀ ਅਤੇ ਵਿਦਿਆਰਥੀਆਂ ਦੀ ਗਿਣਤੀ 271 ਹੈ। ਕਰਵਾਏ ਜਾਂਦੇ ਕੋਰਸਾਂ ਵਿੱਚ ਬੀ.ਐੱਡ, ਐੱਮ.ਏ. ਐਜੂਕੇਸ਼ਨ ਆਦਿ ਸ਼ਾਮਲ ਹਨ। ਕਾਲਜ ਦੁਆਰਾ ਸਾਲ ਵਿੱਚ ਦੋ ਨੈਸ਼ਨਲ ਅਤੇ ਦੋ

ਇੰਟਰਨੈਸ਼ਨਲ ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਕਾਲਜ ਦੁਆਰਾ ਇੱਕ ਵਰਕਸ਼ਾਪ, ਤਿੰਨ ਕਾਨਫ਼ਰੰਸਾਂ ਅਟੈਂਡ ਕੀਤੀਆਂ ਗਈਆਂ ਅਤੇ ਇੱਕ ਸੈਮੀਨਾਰ ਅਤੇ ਛੇ ਵਿਸ਼ੇਸ਼ ਭਾਸ਼ਣ ਆਯੋਜਿਤ ਕਰਵਾਏ ਗਏ। ਇਸ ਤੋਂ ਇਲਾਵਾ ਸਾਲ ਵਿੱਚ ਕੀਤੇ ਗਏ ਮਹੱਤਵਪੂਰਨ ਸਮਾਰੋਹਾਂ ਵਿੱਚ ਲੋਹੜੀ ਸਮਾਰੋਹ, ਗਣਤੰਤਰ ਦਿਵਸ ਸਮਾਰੋਹ, ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ, ਅੰਤਰਰਾਸ਼ਟਰੀ ਮਹਿਲਾ ਦਿਵਸ, ਯੋਗਾ ਕੈਂਪ, ਹਿੰਦੀ ਦਿਵਸ ਸਮਾਰੋਹ, ਗੁਰਪੂਰਬ ਸਮਾਰੋਹ ਅਧਿਆਪਕ ਦਿਵਸ ਆਦਿ ਮਨਾਏ ਗਏ। ਕਾਲਜ ਵਿਦਿਆਰਥੀਆਂ ਦੁਆਰਾ ਅਕਾਦਮਿਕ ਖੇਤਰ ਵਿੱਚ ਇੱਕ ਵਿਦਿਆਰਥੀ ਨੇ ਯੂਨੀਵਰਸਿਟੀ ਮੈਰਿਟ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਗਿਆ। ਖੇਡਾਂ ਵਿੱਚ ਵਿਦਿਆਰਥੀਆਂ ਨੇ ਯੂਥ ਫੈਸਟੀਵਲ ਵਿੱਚ ਛਿੱਕੂ ਬਣਾਉਣ 'ਚ ਤੀਜਾ ਸਥਾਨ ਪ੍ਰਾਪਤ ਕੀਤਾ।

## ਐੱਸ.ਬੀ.ਆਰ.ਐੱਸ. ਕਾਲਜ ਫਾਰ ਵਿਮੈਨ, ਘੱਦੂਵਾਲਾ (ਸਾਦਿਕ) ਫਰੀਦਕੋਟ

**ਪ੍ਰਿੰਸੀਪਲ:** ਪ੍ਰੋ. ਜਸਵਿੰਦਰ ਕੌਰ

ਅਧਿਆਪਕਾਂ ਦੀ ਗਿਣਤੀ ਪੱਚੀ ਅਤੇ ਵਿਦਿਆਰਥੀਆਂ ਦੀ ਗਿਣਤੀ 314 ਹੈ। ਉਪਲੱਬਧ ਸਟ੍ਰੀਮਸ ਵਿੱਚ ਆਰਟਸ, ਕਾਮਰਸ, ਸਾਇੰਸ, ਕੰਪਿਊਟਰ ਸਾਇੰਸ, ਫੈਸ਼ਨ ਡਿਜ਼ਾਇਨ ਆਦਿ ਸ਼ਾਮਲ ਹਨ। ਕਾਲਜ ਦੁਆਰਾ ਸਾਲ ਵਿੱਚ ਪੱਚੀ ਸੈਮੀਨਾਰ/ਕਾਨਫ਼ਰੰਸਾਂ ਅਤੇ ਵਿਸ਼ੇਸ਼ ਭਾਸ਼ਣ ਆਯੋਜਿਤ ਕਰਵਾਏ ਗਏ। ਕਾਲਜ ਦੁਆਰਾ ਸਾਲ ਵਿੱਚ ਆਯੋਜਿਤ ਸਮਾਰੋਹਾਂ ਵਿੱਚ ਐਥਲੇਟਿਕਸ ਮੀਟ, ਨਸ਼ਿਆਂ ਵਿਰੁੱਧ ਸੈਮੀਨਾਰ, ਅੱਖਾਂ ਦਾ ਕੈਂਪ, ਗੁਰੂ ਪੂਰਬ ਆਦਿ ਪ੍ਰੋਗਰਾਮ ਕਰਵਾਏ ਗਏ। ਇਸ ਤੋਂ ਇਲਾਵਾ ਵਿਸ਼ੇਸ਼ ਗਤੀਵਿਧੀਆਂ ਵਿੱਚ 'ਲੋਹੜੀ ਦਾ ਤਿਉਹਾਰ', ਵਿਵੇਕਾਨੰਦ ਜਯੰਤੀ, ਗਣਤੰਤਰ ਦਿਵਸ, ਰਾਸ਼ਟਰੀ ਵੋਟਰ ਦਿਵਸ, ਭਗਤ ਰਵੀਦਾਸ ਜੈਯੰਤੀ, ਵਿਸਾਖੀ ਦਾ ਤਿਉਹਾਰ, ਅਧਿਆਪਵਕ ਦਿਵਸ, ਰਾਸ਼ਟਰੀ ਏਕਤਾ ਦਿਵਸ ਆਦਿ ਪ੍ਰੋਗਰਾਮ ਕਰਵਾਏ ਗਏ। ਵਿਦਿਆਰਥੀਆਂ ਦੁਆਰਾ ਸੱਭਿਆਚਾਰਕ ਸਰਗਰਮੀਆਂ ਵਿੱਚ ਵੱਖ-ਵੱਖ ਕੋਰਸਾਂ ਵਿੱਚ ਸਥਾਨ ਪ੍ਰਾਪਤ ਹੋਏ।

## ਸ੍ਰੀ ਗੁਰੂ ਤੇਗ਼ ਬਹਾਦਰ ਖ਼ਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ, ਜਿਲ੍ਹਾ ਰੂਪਨਗਰ

**ਪ੍ਰਿੰਸੀਪਲ:** ਡਾ. ਜਸਵੀਰ ਸਿੰਘ

ਕਾਲਜ ਦੇ ਅਧਿਆਪਕਾਂ ਦੀ ਕੁੱਲ ਗਿਣਤੀ 148 ਅਤੇ ਵਿਦਿਆਰਥੀਆਂ ਦੀ ਕੁੱਲ ਗਿਣਤੀ 3243 ਹੈ। ਕਾਲਜ ਵਿੱਚ ਸਾਇੰਸ, ਆਰਟਸ, ਕਾਮਰਸ, ਐਗਰੀਕਲਚਰ, ਕੰਪਿਊਟਰ ਸਾਇੰਸ ਕੋਰਸ ਕਰਵਾਏ ਜਾਂਦੇ ਹਨ। ਕਾਲਜ ਦੁਆਰਾ ਇਸ ਸਾਲ ਵਿੱਚ 6 ਪੁਸਤਕਾਂ ਅਤੇ 61 ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਕਾਲਜ ਦੇ ਅਧਿਆਪਕਾਂ ਦੁਆਰਾ ਇਸ ਸਾਲ ਵਿੱਚ 168 ਸੈਮੀਨਾਰ, ਵਰਕਸ਼ਾਪਾਂ ਅਤੇ ਕਾਨਫ਼ਰੰਸਾਂ ਵਿੱਚ ਸ਼ਮੂਲੀਅਤ ਕੀਤੀ ਗਈ। ਕਾਲਜ ਵੱਲੋਂ 34 ਸੈਮੀਨਾਰ ਅਤੇ ਵਰਕਸ਼ਾਪਾਂ ਆਯੋਜਿਤ ਕੀਤੀਆਂ ਗਈਆਂ। ਕਾਲਜ ਵਿੱਚ ਐਨ.ਐਸ.ਐਸ. ਯੂਨਿਟ ਅਤੇ ਐਨ.ਸੀ.ਸੀ. ਯੂਨਿਟ ਹੈ। ਇਸ ਸਾਲ ਵਿੱਚ ਸਲਾਨਾ ਖੇਡ ਸਮਾਗਮ, ਜੋਨਲ ਯੂਥ ਫੈਸਟੀਵਲ, ਪਲੇਸਮੈਂਟ ਡਰਾਈਵ, ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਗੁਰਪੁਰਬ, ਗੁਰੂ ਨਾਨਕ ਫ਼ਿਲਾਸਫ਼ੀ ਤੇ ਅੰਤਰਰਾਸ਼ਟਰੀ ਕਾਨਫ਼ਰੰਸ ਅਤੇ ਅੰਤਰ ਯੂਨੀਵਰਸਿਟੀ ਵੇਟ ਲਿਫ਼ਟਿੰਗ ਮੁਕਾਬਲੇ ਆਦਿ ਸਮਾਰੋਹ ਆਯੋਜਿਤ ਕੀਤੇ ਗਏ। ਆਲ ਇੰਡੀਆ ਅੰਤਰ ਯੂਨੀਵਰਸਿਟੀ ਵਿੱਚ ਵਿਦਿਆਰਥਣ ਅੰਮ੍ਰਿਤ ਕੌਰ ਨੇ ਅਥਲੈਟਿਕਸ ਵਿੱਚ ਤੀਜਾ ਸਥਾਨ ਪ੍ਰਾਪਤ ਕੀਤੀ। ਅੰਤਰ ਕਾਲਜ ਵਿੱਚ ਪ੍ਰਵੀਨ ਕੁਮਾਰ ਪਹਿਲਾ (100 ਮੀਟਰ), ਨਰਿੰਦਰ ਕੌਰ ਦੂਜਾ (ਕਬੱਡੀ), ਕਰਨਵੀਰ ਸਿੰਘ ਤੀਜਾ (ਵੇਟ ਲਿਫ਼ਟਿੰਗ) ਆਦਿ ਵਿਦਿਆਰਥੀਆਂ ਨੇ ਵਿਸ਼ੇਸ਼ ਪ੍ਰਾਪਤੀਆਂ ਕੀਤੀਆਂ। ਵਿਦਿਆਰਥੀਆਂ ਦੁਆਰਾ ਰਾਸ਼ਟਰੀ 2, ਸਟੇਟ ਚਾਰ ਅਤੇ ਇੰਟਰ ਕਾਲਜ ਪੱਧਰ ਤੇ ਵੀ ਵਿਸ਼ੇਸ਼ ਪ੍ਰਾਪਤੀਆਂ ਕੀਤੀਆਂ ਗਈਆਂ।

## ਸਵਿਫਟ ਟੈਕਨੀਕਲ ਕੈਂਪਸ

**ਪ੍ਰਿੰਸੀਪਲ:** ਡਾ. ਅਨੀਤਾ ਸੋਨੀ

ਕਾਲਜ ਵਿੱਚ ਵਿਸ਼ਵ ਸਟੈਟਿਸਟਿਕਸ ਦਿਵਸ, ਅੰਤਰਰਾਸ਼ਟਰੀ ਯੁਵਕ ਦਿਵਸ, ਹਿੰਦੀ ਦਿਵਸ, ਗੈਸਟ ਲੈਕਚਰ, ਅੰਤਰ ਕਾਲਜ ਵਿਦਿਅਕ ਮੇਲਾ, ਸ਼ਖਸੀਅਤ ਉਸਾਰੀ ਸੈਸ਼ਨ ਆਦਿ ਐਕਸਟੈਨਸ਼ਨ ਲੈਕਚਰ ਕਰਵਾਏ ਗਏ। ਕਾਲਜ ਵੱਲੋਂ Sveep ਅਧੀਨ ਵੋਟਰਾਂ ਨੂੰ ਜਾਗਰੂਕ ਕਰਨ ਹਿੱਤ ਜਾਗਰੂਕ ਮੁਹਿੰਮ, ਸੱਭਿਆਚਾਰਕ ਪ੍ਰੋਗਰਾਮ 'ਬਰਿਸਕਰਸ' ਵਾਤਾਵਰਣ ਚੇਤਨਾ ਮੁਹਿੰਮ ਅਤੇ ਇਕ ਰੋਜ਼ਾ ਐਨ.ਐਸ.ਐਸ. ਕੈਂਪ, ਦਸਤਾਰ ਬੰਦੀ, ਮਹਿੰਦੀ, ਮੈਕਅੱਪ, ਦੀਵਾਲੀ, ਰੰਗੋਲੀ, ਵਿਸ਼ਵ ਏਡਜ਼ ਦਿਵਸ ਆਦਿ ਸਮਾਰੋਹ ਆਯੋਜਿਤ ਕੀਤੇ ਗਏ।

## ਮੁਲਤਾਨੀ ਮੱਲ ਮੋਦੀ ਕਾਲਜ, ਲੋਅਰ ਮਾਲ, ਨੇੜੇ ਸੁਨਾਮੀ ਗੇਟ, ਪਟਿਆਲਾ

**ਪ੍ਰਿੰਸੀਪਲ:** ਡਾ. ਖੁਸ਼ਵਿੰਦਰ ਕੁਮਾਰ

ਕਾਲਜ ਵਿੱਚ ਅਧਿਆਪਕਾਂ ਦੀ ਕੁੱਲ ਗਿਣਤੀ 123 ਅਤੇ ਵਿਦਿਆਰਥੀਆਂ ਦੀ ਕੁੱਲ ਗਿਣਤੀ 3957 ਹੈ। ਕਾਲਜ ਵਿੱਚ ਆਰਟਸ, ਸਾਇੰਸ, ਕਾਮਰਸ, ਕੰਪਿਊਟਰ ਸਾਇੰਸ, ਬਿਜ਼ਨਸ ਮੈਨੇਜਮੈਂਟ ਅਦਿ ਕੋਰਸ ਕਰਵਾਏ ਜਾਂਦੇ ਹਨ। ਕਾਲਜ ਦੁਆਰਾ ਇਸ ਸਾਲ ਵਿੱਚ 43 ਪੁਸਤਕਾਂ ਅਤੇ 26 ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਕਾਲਜ ਵੱਲੋਂ 52 ਸੈਮੀਨਾਰ, ਵਰਕਸ਼ਾਪ ਕਾਨਫ਼ਰੰਸ ਅਤੇ ਸੱਤ ਐਕਸਟੈਨਸ਼ਨ ਲੈਕਚਰਾਂ ਵਿੱਚ ਸ਼ਮੂਲੀਅਤ ਕੀਤੀ ਗਈ। ਇਸ ਸਾਲ ਵਿੱਚ ਕਾਲਜ ਵੱਲੋਂ ਇਕ ਰਾਸ਼ਟਰੀ ਅਤੇ 20 ਖੇਤਰੀ ਸੈਮੀਨਾਰ ਆਯੋਜਿਤ ਕੀਤੇ ਗਏ। ਕਾਲਜ ਵਿੱਚ ਐਨ.ਐਸ.ਐਸ. ਯੂਨਿਟ ਅਤੇ ਐਨ.ਸੀ.ਸੀ. ਯੂਨਿਟ ਵੀ ਹੈ। ਇਸ ਸਾਲ ਦੌਰਾਨ ਕਾਲਜ ਵਿੱਚ ਕਰੀਏਸ਼ਨ, ਰਾਸ਼ਟਰੀ ਵੋਟਰ ਦਿਵਸ, ਮੋਦੀ ਜਯੰਤੀ, ਫੋਟੋਗ੍ਰਾਫ਼ੀ ਵੀਕ, ਐਨ.ਐਸ.ਐਸ. ਕੈਂਪ, ਸੰਯੁਕਤ ਰਾਸ਼ਟਰ ਦਿਵਸ, ਲੇਖ ਲਿਖਣ ਦਾ ਮੁਕਾਬਲਾ, ਸਲਾਨਾ ਇਨਾਮ ਵੰਡ ਸਮਾਰੋਹ ਅਤੇ ਕਨਵੋਕੇਸ਼ਨ ਆਦਿ ਸਮਾਰੋਹ ਆਯੋਜਿਤ ਕਰਵਾਏ ਗਏ। ਕਾਲਜ ਦੇ 7 ਖਿਡਾਰੀਆਂ ਨੇ ਅੰਤਰ-ਰਾਸ਼ਟਰੀ ਪ੍ਰਤਿਯੋਗਤਾਵਾਂ ਵਿੱਚ ਭਾਗ ਲਿਆ। ਕਾਲਜ ਦੇ ਖਿਡਾਰੀਆਂ ਨੇ 28 ਯੂਨੀਵਰਸਿਟੀ ਚੈਂਪੀਅਨਸ਼ਿਪਜ਼ ਜਿੱਤੀਆਂ ਅਤੇ 15 ਚੈਂਪੀਅਨਸ਼ਿਪਜ਼ ਵੀ ਪ੍ਰਾਪਤੀ ਕੀਤੀਆਂ। ਮਿਤੀ 11 ਅਕਤੂਬਰ 2019 ਤੋਂ ਜੀ.ਐਸ.ਐਸ.ਡੀ. ਖਾਲਸਾ ਕਾਲਜ, ਪਟਿਆਲਾ ਵਿਖੇ ਆਯੋਜਿਤ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਆਯੋਜਿਤ ਖੇਤਰੀ ਯੁਵਕ ਮੇਲੇ ਵਿੱਚ ਪਹਿਲਾ ਸਥਾਨ, ਦੂਜੇ ਸਥਾਨ, ਤੀਜਾ ਸਥਾਨ ਵਿਅਕਤੀਗਤ ਮੁਕਾਬਲਿਆਂ ਵਿੱਚ ਦੂਜਾ ਸਥਾਨ ਅਤੇ ਟੀਮ ਮੁਕਾਬਲਿਆਂ ਵਿੱਚ 4 ਤੀਜਾ ਸਥਾਨ ਹਾਸਿਲ ਕੀਤਾ।

## ਮਾਡਰਨ ਕਾਲਜ, ਬੀਰ ਕਲਾਂ (ਸੰਗਰੂਰ)

**ਪ੍ਰਿੰਸੀਪਲ:** ਡਾ. ਬੀ.ਕੇ. ਰਾਏ

ਅਧਿਆਪਕਾਂ ਦੀ ਕੁੱਲ 19 ਅਤੇ ਵਿਦਿਆਰਥੀਆਂ ਦੀ ਕੁੱਲ ਗਿਣਤੀ 320 ਹੈ। ਕਾਲਜ ਵਿੱਚ ਆਰਟਸ, ਕਾਮਰਸ ਨਾਲ ਸੰਬੰਧਿਤ ਕੋਰਸ ਕਰਵਾਏ ਜਾਂਦੇ ਹਨ। ਕਾਲਜ ਦੁਆਰਾ ਇਸ ਸਾਲ ਵਿੱਚ 8 ਸੈਮੀਨਾਰ ਆਯੋਜਿਤ ਕੀਤੇ ਗਏ। ਕਾਲਜ ਵਿੱਚ ਐਨ.ਐਸ.ਐਸ. ਯੂਨਿਟ ਹੈ। ਇਸ ਸਾਲ ਜ਼ਿਲ੍ਹਾ ਪੱਧਰੀ ਯੁਵਕ ਮੇਲਾ 22, 23 ਮਾਰਚ, 2019 ਨੂੰ ਆਯੋਜਿਤ ਕੀਤਾ ਗਿਆ।

## ਮਾਡਰਨ ਕਾਲਜ ਆਫ਼ ਐਜੂਕੇਸ਼ਨ, ਬੀਰ ਕਲਾਂ (ਸੰਗਰੂਰ)

**ਪ੍ਰਿੰਸੀਪਲ: ਇੰਚਾਰਜ**

ਕਾਲਜ ਦੇ ਅਧਿਆਪਕਾਂ ਦੀ ਕੁੱਲ ਗਿਣਤੀ 16 ਅਤੇ ਵਿਦਿਆਰਥੀਆਂ ਦੀ ਕੁੱਲ ਗਿਣਤੀ 179 ਹੈ। ਕਾਲਜ ਵਿੱਚ ਬੀ.ਐਡ. ਅਤੇ ਐਮ.ਐਡ ਦੇ ਕੋਰਸ ਕਰਵਾਏ ਜਾਂਦੇ ਹਨ। ਕਾਲਜ ਦੁਆਰਾ ਸਾਲ ਵਿੱਚ ਅੱਠ ਸੈਮੀਨਾਰ ਆਯੋਜਿਤ ਕੀਤੇ ਗਏ। ਕਾਲਜ ਵਿੱਚ ਐਨ.ਐਸ.ਐਸ. ਯੂਨਿਟ ਹੈ। ਇਸ ਸਾਲ ਵਿੱਚ ਜਿਲ੍ਹਾ ਪੱਧਰੀ ਯੁਵਕ ਮੇਲਾ

22, 23 ਮਾਰਚ, 2019 ਨੂੰ ਆਯੋਜਿਤ ਕਰਵਾਇਆ ਗਿਆ। ਕਾਲਜ ਦੇ ਵਿਦਿਆਰਥੀ ਜਿਲ੍ਹਾ ਪੱਧਰੀ ਯੁਵਕ ਮੇਲੇ ਵਿੱਚ ਗਿੱਧੇ ਦੀ ਟੀਮ ਨੇ ਦੂਸਰੀ ਪੁਜੀਸ਼ਨ ਹਾਸਿਲ ਕੀਤੀ।

## ਮਾਤਾ ਸਾਹਿਬ ਕੌਰ ਗਰਲਜ਼ ਕਾਲਜ, ਗਹਿਲ (ਬਰਨਾਲਾ)

**ਪ੍ਰਿੰਸੀਪਲ:** ਡਾ. ਗੁਰਵੀਰ ਸਿੰਘ

ਅਧਿਆਪਕਾਂ ਦੀ ਕੁੱਲ ਗਿਣਤੀ 21 ਅਤੇ ਵਿਦਿਆਰਥੀਆਂ ਦੀ ਕੁੱਲ ਗਿਣਤੀ 123 ਹੈ। ਫੈਕਲਟੀ ਦੁਆਰਾ ਸਾਲ ਵਿੱਚ ਅਟੈਂਡ ਕੀਤੇ ਸੈਮੀਨਾਰ (08), ਕਾਨਫ਼ਰੰਸਾਂ (04) ਅਤੇ ਵਰਕਸ਼ਾਪ (01) ਹੈ। ਫੈਕਲਟੀ ਦੁਆਰਾ ਸਾਲ ਵਿੱਚ ਆਯੋਜਿਤ ਕੀਤੇ ਸੈਮੀਨਾਰ (01) ਅਤੇ ਵਿਸ਼ੇਸ਼ ਭਾਸ਼ਣ (07) ਹਨ। ਕਾਲਜ ਵਿੱਚ ਐਨ.ਐਸ.ਐਸ ਦੇ ਦੋ ਯੂਨਿਟ ਚਲ ਰਹੇ ਹਨ।

## ਐਸ.ਡੀ. ਕਾਲਜ, ਬਰਨਾਲਾ

**ਪ੍ਰਿੰਸੀਪਲ:** ਡਾ. ਰਮਾ ਸ਼ਰਮਾ

ਅਧਿਆਪਕਾਂ ਦੀ ਕੁੱਲ ਗਿਣਤੀ 76 ਅਤੇ ਵਿਦਿਆਰਥੀਆਂ ਦੀ ਕੁੱਲ ਗਿਣਤੀ 2406 ਹੈ।ਫੈਕਲਟੀ ਦੁਆਰਾ ਸਾਲ ਵਿੱਚ ਪ੍ਰਕਾਸ਼ਿਤ ਪੁਸਤਕਾਂ 11 ਹਨ ਅਤੇ ਪ੍ਰਕਾਸ਼ਿਤ ਖੋਜ-ਪੱਤਰ 15 ਹਨ। ਅਟੈਂਡ ਕੀਤੇ ਗਏ ਸੈਮੀਨਾਰਾਂ, ਵਰਕਸ਼ਾਪਾਂ ਅਤੇ ਕਾਨਫ਼ਰੰਸਾਂ ਦੀ ਗਿਣਤੀ 16 ਹੈ। ਆਯੋਜਿਤ ਕੀਤੇ ਸੈਮੀਨਾਰਾਂ, ਵਰਕਸ਼ਾਪਾਂ, ਕਾਨਫਰੰਸਾਂ ਅਤੇ ਵਿਸ਼ੇਸ਼ ਭਾਸ਼ਣਾਂ ਦੀ ਗਿਣਤੀ 16 ਹੈ। ਐਨ.ਐਸ.ਐਸ.. ਯੂਨਿਟ ਦੀ ਗਿਣਤੀ 06 ਹੈ। ਸਾਲ ਵਿੱਚ ਆਯੋਜਿਤ ਕੀਤੇ ਗਏ ਮਹੱਤਵਪੂਰਨ ਸਮਾਰੋਹਾਂ ਵਿੱਚ ਸਲਾਨਾ ਖੇਡਾਂ, ਤੰਬਾਕੂ ਵਿਰੋਧੀ ਜਾਗਰੂਕਤਾ ਸੈਮੀਨਾਰ, ਸ੍ਰੀ ਦਵਿੰਦਰ ਸਤਿਆਰਥੀ ਰਾਸ਼ਟਰੀ ਸੈਮੀਨਾਰ, ਕੌਮੀ ਨਸ਼ਾ ਵਿਰੋਧੀ ਪ੍ਰਦੂਸ਼ਣ ਜਾਗਰੂਕਤਾ ਰੈਲੀ ਅਤੇ ਸੈਮੀਨਾਰ, ਐਨ.ਐਸ.ਐਸ ਵਿਭਾਗ ਵੱਲੋਂ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਵਿਦਿਆਰਥੀਆਂ ਦੁਆਰਾ ਖੇਡਾਂ ਵਿੱਚ ਰਾਜ, ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪੱਧਰ ਤੇ ਵਿਸ਼ੇਸ਼ ਪ੍ਰਾਪਤੀਆਂ ਵਿੱਚ ਕਾਲਜ ਦੀ ਸ਼ਤਰੰਜ ਟੀਮ ਨੇ ਅੰਤਰ ਕਾਲਜ ਮੁਕਾਬਲਿਆਂ ਦੀ ਚੈਂਪੀਅਨ ਯੂਨੀਵਰਸਿਟੀ ਦੀ ਟੀਮ ਲਈ ਚੁਣੇ ਗਏ। ਪੈਨਿਕ ਸਲਾਟ ਮੁਕਾਬਲਿਆਂ ਵਿੱਚ (ਅੰਤਰ ਕਾਲਜ) ਦੋ ਬਰੋਂਜ਼ ਮੈਡਲ ਤੇ ਇਕ ਗੋਲਡ ਮੈਡਲ ਪ੍ਰਾਪਤ ਕੀਤਾ। ਕਬੱਡੀ ਵਿੱਚ ਅੰਤਰ ਕਾਲਜ ਮੁਕਾਬਲਿਆਂ ਵਿੱਚ ਬਰੋਂਜ ਮੈਡਲ ਹਾਸਲ ਕੀਤਾ। ਵਿਦਿਆਰਥੀਆਂ ਦੁਆਰਾ ਜ਼ੋਨਲ, ਖੇਤਰੀ ਅਤੇ ਉਚੇਰੇ ਪੱਧਰ ਤੇ ਸੱਭਿਆਚਾਰਕ ਸਰਗਰਮੀਆਂ ਵਿੱਚ ਵਿਸ਼ੇਸ਼ ਪ੍ਰਾਪਤੀ ਵਿੱਚ ਕਲੀ ਗਾਇਨ, ਵਾਰ ਗਾਇਨ, ਰੱਸਾ ਟੱਪਣਾ, ਗੀਟੇ ਖੇਡਣੇ, ਨਾਲਾ ਬੁਨਣਾ, ਰੱਸਾ ਵੱਟਣਾ, ਲੋਕ ਮੀਡ, ਲਘੂ ਫਿਲਮ ਲੋਕ ਸਾਜ਼ 'ਚ ਪਹਿਲੀ ਪੁਜੀਸ਼ਨ ਪ੍ਰਾਪਤ ਕੀਤੀ। ਖਿੱਦੋ ਬਨਾਉਣਾ, ਗੀਤ/ਗਜ਼ਲ, ਕੁਇਜ਼, ਰੰਗੋਲੀ, ਭਾਸ਼ਣ, ਸਕਿੱਟ, ਝੂੰਮਰ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਰੱਸਾਕਸ਼ੀ, ਨੁਕੜ ਨਾਟਕ, ਪੋਸਟਰ ਮੇਕਿੰਗ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ।

## ਯੂਨੀਵਰਸਲ ਕਾਲਜ ਆਫ਼ ਐਜੂਕੇਸ਼ਨ ਬਲੌਪੁਰ, ਲਾਲੜੂ, ਜਿਲ੍ਹਾ-ਮੋਹਾਲੀ

**ਪ੍ਰਿੰਸੀਪਲ:** ਕੋਮਲ ਵਧਾਵਨ

ਅਧਿਆਪਕਾਂ ਦੀ ਸੰਖਿਆ 13 ਹੈ ਅਤੇ ਵਿਦਿਆਰਥੀਆਂ ਦੀ ਸੰਖਿਆ 150 ਹੈ। ਅਧਿਆਪਕਾਂ ਦੁਆਰਾ 9 ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਕਾਲਜ ਦੇ ਅਧਿਆਪਕਾਂ ਦੁਆਰਾ ਤਿੰਨ ਵਰਕਸ਼ਾਪਾਂ ਵਿੱਚ ਸ਼ਮੂਲੀਅਤ ਕੀਤੀ ਗਈ। ਇਸ ਸਾਲ ਦੌਰਾਨ ਕਾਲਜ ਵਿੱਚ ਅੰਤਰਰਾਸ਼ਟਰੀ ਔਰਤ ਦਿਵਸ, ਖ਼ਾਸ ਸ਼ਖਸੀਅਤਾਂ ਦੇ ਭਾਸ਼ਣ, ਸੈਮੀਨਾਰ ਅਲਰਟ ਟੂਡੇ, ਅਲਾਇਵ ਟੂਮਾਰੋ, ਗਣਤੰਤਰ ਦਿਵਸ, ਹੋਲੀ, ਤੀਆਂ ਦਾ ਤਿਉਹਾਰ, ਹਿੰਦੀ ਦਿਵਸ, ਫਰੈਸ਼ਰ ਪਾਰਟੀ, ਅਧਿਆਪਕ ਦਿਵਸ, ਰੱਖੜੀ ਦਾ ਤਿਉਹਾਰ, ਸੰਗੀਤ ਦਿਵਸ, ਦੁਸਹਿਰਾ ਅਤੇ ਲੋਹੜੀ ਆਦਿ ਸਮਾਰੋਹ ਆਯੋਜਿਤ ਕੀਤੇ ਗਏ।

## ਯੂਨੀਵਰਸਲ ਕਾਲਜ ਆਫ਼ ਕਾਮਰਸ ਐਂਡ ਸਾਇੰਸ, ਬਲੌਪੁਰ, ਲਾਲੜੂ

**ਪ੍ਰਿੰਸੀਪਲ:** ਕੋਮਲ ਵਧਾਵਨ

ਕਾਲਜ ਦੇ ਅਧਿਆਪਕਾਂ ਦੀ ਸੰਖਿਆ 14 ਅਤੇ ਵਿਦਿਆਰਥੀਆਂ ਦੀ ਕੁੱਲ ਸੰਖਿਆ 151 ਹੈ। ਅਧਿਆਪਕਾਂ ਦੁਆਰਾ ਦੋ ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਕਾਲਜ ਵਿੱਚ ਐਨ.ਐਸ.ਐਸ. ਯੂਨਿਟ ਹੈ। ਇਸ ਸਾਲ ਦੌਰਾਨ ਕਾਲਜ ਵਿੱਚ ਲੋਹੜੀ, ਗਣਤੰਤਰ ਦਿਵਸ, ਪੌਦੇ ਲਗਾਉਣ, ਇਸ਼ਤਿਹਾਰ ਬਣਾਉ ਮੁਕਾਬਲਾ, ਬਸੰਤ ਪੰਚਮੀ, ਨਵਾਂ ਸਲਾਨਾ ਖੇਡ ਮੇਲਾ, ਹੋਲੀ, ਉਦਯੋਗਿਕ ਯਾਤਰਾ, ਵਿਸਾਖੀ ਸੈਮੀਨਾਰ, ਮਾਂ ਦਿਵਸ, ਸਥਾਪਨਾ ਦਿਵਸ ਅਤੇ ਦੀਵਾਲੀ ਆਦਿ ਸਮਾਰੋਹ ਆਯੋਜਿਤ ਕੀਤੇ ਗਏ।

## ਗੁਰੂ ਨਾਨਕ ਕਾਲਜ ਆਫ਼ ਐਜੂਕੇਸ਼ਨ ਫਾਰ ਗਰਲਜ਼ ਧਨੌਲਾ ਰੋਡ, ਭੀਖੀ

**ਪ੍ਰਿੰਸੀਪਲ:** ਰਾਜਨ ਸੇਠੀ

ਅਧਿਆਪਕਾਂ ਦੀ ਗਿਣਤੀ ਸੋਲ੍ਹਾਂ ਅਤੇ ਵਿਦਿਆਰਥੀਆਂ ਦੀ ਗਿਣਤੀ 100 ਹੈ। ਬੀ.ਐੱਡ ਦਾ ਕੋਰਸ ਕਰਵਾਇਆ ਜਾਂਦਾ ਹੈ। ਇਸ ਤੋਂ ਇਲਾਵਾ ਸਾਲ ਵਿੱਚ ਅਧਿਆਪਕ ਦਿਵਸ, ਗਾਂਧੀ ਦਿਵਸ, ਦੀਵਾਲੀ ਸਮਾਗਮ ਆਦਿ ਮਨਾਏ ਗਏ।

## ਗੁਰੂ ਨਾਨਕ ਦੇਵ ਖਾਲਸਾ ਗਰਲਜ਼ ਕਾਲਜ ਬਠਿੰਡਾ

**ਪ੍ਰਿੰਸੀਪਲ:** ਇੰਚਾਰਜ

ਅਧਿਆਪਕਾਂ ਦੀ ਗਿਣਤੀ 22 ਅਤੇ ਵਿਦਿਆਰਥੀਆਂ ਗਿਣਤੀ 274 ਹੈ। ਉਪਲਬਧ ਸਟ੍ਰੀਮਸ ਵਿੱਚ ਆਰਟਸ, ਕਾਮਰਸ ਅਤੇ ਕੰਪਿਊਟਰ ਸ਼ਾਮਲ ਹੈ। ਕਾਲਜ ਦੁਆਰਾ ਸਾਲ ਵਿੱਚ ਚਾਰ ਸੈਮੀਨਾਰ/ਵਰਕਸ਼ਾਪਾਂ ਆਯੋਜਿਤ ਕਰਵਾਏ ਗਏ। ਕਾਲਜ ਵਿੱਚ ਮਹੱਤਵਪੂਰਨ ਸਮਾਰੋਹਾਂ ਵਿੱਚ ਤੀਆਂ ਦਾ ਤਿਉਹਾਰ, ਲੋਹੜੀ ਦਾ ਤਿਉਹਾਰ ਆਦਿ ਮਨਾਏ ਗਏ। ਖੇਡਾਂ ਵਿੱਚ ਅੰਤਰ ਯੂਨੀਵਰਸਿਟੀ ਕਰਾਟੇ ਪ੍ਰਤੀਯੋਗਤਾ ਵਿੱਚ ਤੀਜੀ ਪੁਜੀਸ਼ਨ ਹਾਸਲ ਕੀਤੀ ਗਈ।ਇਸ ਤੋਂ ਇਲਾਵਾ ਲਾਇਵ ਪੇਂਟਿੰਗ ਅਤੇ ਕੋਲਾਜ਼ ਮੇਕਿੰਗ ਵਿੱਚ ਜ਼ੋਨਲ ਯੂਥ ਫੈਸਟੀਵਲ ਵਿੱਚ ਪਹਿਲੀ ਤੇ ਦੂਸਰੀ ਪੁਜ਼ੀਸ਼ਨ ਹਾਸਲ ਕੀਤੀ।

## ਸੰਤ ਮਹੇਸ਼ ਮੁਨੀ ਜੀ ਗਰਲਜ਼ ਕਾਲਜ, ਭਗਤਾ ਭਾਈ ਕਾ

**ਪ੍ਰਿੰਸੀਪਲ:** ਡਾ. ਦਲਜੀਤ ਸਿੰਘ

ਅਧਿਆਪਕਾਂ ਦੀ ਗਿਣਤੀ ਅਠਾਰ੍ਹਾਂ ਅਤੇ ਵਿਦਿਆਰਥੀਆਂ ਦੀ ਗਿਣਤੀ 141 ਹੈ। ਉਪਲਬਧ ਸਟ੍ਰੀਮਸ ਵਿੱਚ ਆਰਟਸ, ਕਾਮਰਸ ਅਤੇ ਸਾਇੰਸ ਸ਼ਾਮਲ ਹਨ। ਕਾਲਜ ਫੈਕਲਟੀ ਦੁਆਰਾ ਸਾਲ ਵਿੱਚ ਦੋ ਸੈਮੀਨਾਰ/ਵਰਕਸ਼ਾਪਾਂ ਅਟੈਂਡ ਕੀਤੀਆਂ ਅਤੇ ਇੱਕ ਸੈਮੀਨਾਰ ਆਯੋਜਿਤ ਕਰਵਾਇਆ। ਇਸ ਤੋਂ ਇਲਾਵਾ ਮਹੱਤਵਪੂਰਨ ਸਮਾਰੋਹਾਂ ਵਿੱਚ ਕਾਲਜ ਨੇ ਲੋਹੜੀ ਦਾ ਸਮਾਗਮ ਤੇ ਸਲਾਨਾ ਸਮਾਰੋਹ ਕਰਵਾਇਆ। ਖੇਡਾਂ ਅਤੇ ਸੱਭਿਆਚਾਰ ਸਮਰਗਰਮੀਆਂ ਵਿੱਚ ਯੂਥ ਫੈਸਟੀਵਲ ਵਿੱਚ ਰੰਗੋਲੀ ਮੁਕਾਬਲੇ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ।

## ਐੱਸ.ਡੀ. ਕਾਲਜ ਆਫ਼ ਐਜੂਕੇਸ਼ਨ, ਬਰਨਾਲਾ

**ਪ੍ਰਿੰਸੀਪਲ:** ਡਾ. ਤਪਨ ਕੁਮਾਰ ਸਾਹੂ

ਅਧਿਆਪਕਾਂ ਦੀ ਕੁੱਲ ਗਿਣਤੀ 19 ਅਤੇ ਵਿਦਿਆਰਥੀਆਂ ਦੀ ਕੁੱਲ ਗਿਣਤੀ 261 ਹੈ। ਉਪਲਬਧ ਸਟ੍ਰੀਮਸ ਵਿੱਚ ਬੀ.ਐੱਡ ਅਤੇ ਐੱਮ.ਐਡ ਕੋਰਸ ਸ਼ਾਮਲ ਹਨ। ਕਾਲਜ ਫੈਕਲਟੀ ਦੁਆਰਾ ਸਾਲ ਵਿੱਚ ਇੱਕ ਪੁਸਤਕ

ਪ੍ਰਕਾਸ਼ਿਤ ਕਰਵਾਈ ਅਤੇ ਚਾਰ ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਕਾਲਜ ਫੈਕਲਟੀ ਦੁਆਰਾ ਸਾਲ ਵਿੱਚ ਇਕੱਤੀ ਸੈਮੀਨਾਰ/ਵਰਕਸ਼ਾਪਾਂ ਅਤੇ ਕਾਨਫ਼ਰੰਸਾਂ ਅਟੈਂਡ ਕੀਤੀਆਂ ਗਈਆਂ ਅਤੇ ਇੱਕ ਸੈਮੀਨਾਰ/ਵਰਕਸ਼ਾਪ ਆਯੋਜਿਤ ਕਰਵਾਈ ਗਈ। ਕਾਲਜ ਦੁਆਰਾ ਆਯੋਜਿਤ ਕਰਵਾਏ ਗਏ ਮਹੱਤਵਪੂਰਨ ਸਮਾਰੋਹਾਂ ਵਿੱਚ ਅੰਤਰ ਕਾਲਜੀ ਸਾਲਾਨਾ ਖੇਡਾਂ: ਓਜ਼ੋਨ ਦਿਵਸ, ਹਿੰਦੀ ਪਖਵਾੜਾ, ਖ਼ੂਨਦਾਨ ਕੈਂਪ ਆਦਿ ਪ੍ਰੋਗਰਾਮ ਕਰਵਾਏ ਗਏ। ਖੇਡਾਂ ਵਿੱਚ ਨੈੱਟ ਬਾਲ ਵਿੱਚ ਰਾਸ਼ਟਰੀ ਪੱਧਰ ਤੇ ਕਾਲਜ ਨੇ ਤੀਜੀ ਪੁਜ਼ੀਸ਼ਨ ਹਾਸਲ ਕੀਤੀ। ਇਸ ਤੋਂ ਇਲਾਵਾ ਜ਼ੋਨਲ ਪੱਧਰ ’ਤੇ ਕਾਲਜ ਨੇ ਓਵਰਆਲ ਦੂਜੀ ਪੁਜੀਸ਼ਨ ਅਤੇ ਇੰਟਰ ਜ਼ੋਨਲ ਪੱਧਰ ’ਤੇ ਪਿੱਠੂ ਵਿੱਚ ਪਹਿਲੀ ਪੁਜ਼ੀਸ਼ਨ, ਮਿੱਟੀ ਦੇ ਖਿਡੌਣੇ ਬਣਾਉਣ ਵਿੱਚ ਤੀਜੀ ਪੁਜੀਸ਼ਨ ਪ੍ਰਾਪਤ ਕੀਤੀ।

## ਦੇਸ਼ ਭਗਤ ਕਾਲਜ, ਬਰੜਵਾਲ, ਧੂਰੀ

**ਪ੍ਰਿੰਸੀਪਲ:** ਡਾ. ਬੀਰਇੰਦਰ ਕੌਰ ਭਿੰਡਰ

ਅਧਿਆਪਕਾਂ ਦੀ ਗਿਣਤੀ 63 ਅਤੇ ਵਿਦਿਆਰਥੀਆਂ ਦੀ ਕੁਲ ਗਿਣਤੀ 2186 ਹੈ। ਉਪਲਬਧ ਸਟ੍ਰੀਮਸ ਵਿੱਚ ਆਰਟਸ, ਕਾਮਰਸ ਅਤੇ ਸਾਇੰਸ ਸ਼ਾਮਲ ਹਨ। ਕਾਲਜ ਫੈਕਲਟੀ ਦੁਆਰਾ ਸਾਲ ਵਿੱਚ ਤਿੰਨ ਪੁਸਤਕਾਂ ਪ੍ਰਕਾਸ਼ਿਤ ਕਰਵਾਈਆਂ ਗਈਆਂ ਅਤੇ ਦੋ ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਕਾਲਜ ਫੈਕਲਟੀ ਦੁਆਰਾ ਸਾਲ ਵਿੱਚ 28 ਸੈਮੀਨਾਰ/ਵਰਕਸ਼ਾਪਾਂ ਅਟੈਂਡ ਕੀਤੀਆਂ ਗਈਆਂ ਅਤੇ ਸਾਲ ਵਿੱਚ 3 ਸੈਮੀਨਾਰ/ਕਾਨਫ਼ਰੰਸਾਂ/ਵਿਸ਼ੇਸ਼ ਭਾਸ਼ਣ ਆਯੋਜਿਤ ਕਰਵਾਏ ਗਏ। ਮਹੱਤਵਪੂਰਨ ਸਮਾਰੋਹਾਂ ਵਿੱਚ ਰਾਸ਼ਟਰੀ ਯੋਗ ਦਿਵਸ, ਰਾਸ਼ਟਰੀ ਏਡਜ਼ ਦਿਵਸ, ਆਜ਼ਾਦੀ ਦਿਵਸ, ਖ਼ੂਨਦਾਨ ਕੈਂਪ, ਰਾਸ਼ਟਰੀ ਮਹਿਲਾ ਦਿਵਸ ਆਦਿ ਕਰਵਾਏ ਗਏ। ਕਾਲਜ ਨੇ ਅਕਾਦਮਿਕ ਖੇਤਰ ਵਿੱਚ ਐੱਮ.ਐੱਸ.ਸੀ. (ਮੈਥਮੈਟਿਕਸ) ਵਿੱਚ ਯੂਨੀਵਰਸਿਟੀ ਵਿੱਚੋਂ ਦੂਸਰਾ ਸਥਾਨ ਅਤੇ ਛੇਵਾਂ ਸਥਾਨ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਪੰਜਾਬੀ ਯੂਨੀਵਰਸਿਟੀ ਵਿੱਚੋਂ ਖੇਡਾਂ ਚੋਂ ਓਵਰ ਆਲ ਦੂਸਰਾ ਸਥਾਨ ਪ੍ਰਾਪਤ ਕੀਤਾ। ਜ਼ੋਨਲ ਪੱਧਰ ਤੇ ਮਿਮਕਰੀ ਵਿੱਚੋਂ ਪਹਿਲਾ ਅਤੇ ਲੋਕ ਗੀਤ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਗਿਆ।

## ਸਰਕਾਰੀ ਰਿਪੁਦਮਨ ਕਾਲਜ, ਨਾਭਾ

**ਪ੍ਰਿੰਸੀਪਲ:** ਰਾਜ ਕੁਮਾਰੀ

ਕਾਲਜ ਦੇ ਅਧਿਆਪਕਾਂ ਦੀ ਕੁੱਲ ਗਿਣਤੀ 70 ਅਤੇ ਵਿਦਿਆਰਥੀਆਂ ਦੀ ਕੁੱਲ ਗਿਣਤੀ 2946 ਹੈ। ਕਾਲਜ ਵਿੱਚ ਆਰਟਸ, ਸਾਇੰਸ, ਕਾਮਰਸ ਅਤੇ ਕੰਪਿਊਟਰ ਨਾਲ ਸੰਬੰਧਿਤ ਕੋਰਸ ਕਰਵਾਏ ਜਾਂਦੇ ਹਨ। ਕਾਲਜ ਦੁਆਰਾ ਚਾਰ ਪੁਸਤਕਾਂ ਅਤੇ ਚਾਰ ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਗਏ। ਕਾਲਜ ਦੇ ਅਧਿਆਪਕਾਂ ਦੁਆਰਾ ਸਾਲ ਵਿੱਚ 6 ਸੈਮੀਨਾਰਾਂ, ਵਰਕਸ਼ਾਪਾਂ ਅਤੇ ਕਾਨਫ਼ਰੰਸਾਂ ਵਿੱਚ ਸ਼ਮੂਲੀਅਤ ਕੀਤੀ ਗਈ ਹੈ ਅਤੇ 10 ਸੈਮੀਨਾਰ ਅਤੇ ਵਰਕਸ਼ਾਪਾਂ ਖੁਦ ਆਯੋਜਿਤ ਕੀਤੇ ਗਏ ਹਨ। ਕਾਲਜ ਵਿੱਚ ਐਨ.ਐਸ.ਐਸ. ਅਤੇ ਐਨ.ਸੀ.ਸੀ. ਯੂਨਿਟ ਹੈ। ਇਸ ਸਾਲ ਦੌਰਾਨ ਕਾਲਜ ਵਿੱਚ ਸਟੇਟ ਲੈਵਲ ਭਾਈ ਘਨੱਈਆ ਮਾਨਵ ਸੇਵਾ ਦਿਵਸ, ਵਿਜੀਲੈਂਸ ਅਵੇਅਰਨੈਸ ਵੀਕ, ਰਾਸ਼ਟਰੀ ਏਕਤਾ ਦਿਵਸ, ਸੰਵਿਧਾਨ ਦਿਵਸ, ਆਰਮਡ ਫੋਰਸਜ਼ ਡੇ, ਅੰਗੀਕਾਰ ਦਿਵਸ, ਪੋਸ਼ਨ ਮਾਹ, ਏਕ ਭਾਰਤ ਸਰੇਸ਼ਟ ਭਾਰਤ ਸਮਾਰੋਹ ਆਯੋਜਿਤ ਕੀਤੇ। 5 ਵਿਦਿਆਰਥੀਆਂ ਨੇ ਇੰਟਰ ਕਾਲਜ ਕੁਸ਼ਤੀ ਮੁਕਾਬਲੇ ਵਿੱਚ ਮੈਡਲ ਜਿੱਤਿਆ ਅਤੇ ਇਕ ਵਿਦਿਆਰਥੀ ਨੇ ਇੰਟਰ ਕਾਲਜ ਕੁਸ਼ਤੀ ਮੁਕਾਬਲੇ ਵਿੱਚ ਸਿਲਵਰ ਮੈਡਲ ਜਿੱਤਿਆ। ਆਵਰਆਲ ਦੂਜਾ ਸਥਾਨ (ਖੇਤਰੀ ਯੁਵਕ ਮੇਲਾ), ਸਿਲਵਰ ਮੈਡਲ ਇਨ ਫਾਇਨ ਆਰਟਸ, ਫੋਟੋਗ੍ਰਾਫ਼ੀ, ਕਲੇਅ ਮਾਡਲਿੰਗ (ਅੰਤਰ ਖੇਤਰੀ ਯੁਵਕ ਮੇਲਾ) ਵਿੱਚ ਵਿਸ਼ੇਸ਼ ਪ੍ਰਾਪਤੀਆਂ ਕੀਤੀਆਂ।

## ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ, ਬੇਲਾ ਰੋਪੜ, ਪੰਜਾਬ

**ਪ੍ਰਿੰਸੀਪਲ:** ਸੁਰਮੁਖ ਸਿੰਘ

ਅਧਿਆਪਕਾਂ ਦੀ ਕੁੱਲ ਗਿਣਤੀ 53 ਅਤੇ ਵਿਦਿਆਰਥੀਆਂ ਦੀ ਕੁੱਲ ਗਿਣਤੀ 1089 ਹੈ। ਫੈਕਲਟੀ ਦੁਆਰਾ ਸਾਲ ਵਿੱਚ ਪ੍ਰਕਾਸ਼ਿਤ ਖੋਜ ਪੱਤਰਾਂ ਦੀ ਗਿਣਤੀ 32 ਹੈ। ਕਾਲਜ ਵਿੱਚ ਐਨ.ਐਸ.ਐਸ. ਦੀਆਂ 2 ਯੂਨਿਟਾਂ ਹਨ। ਆਯੋਜਿਤ ਕੀਤੇ ਗਏ ਮਹੱਤਵਪੂਰਨ ਸਮਾਰੋਹਾਂ ਅਤੇ ਕਾਰਜਾਂ ਵਿੱਚ ਨਸ਼ਿਆਂ ਖਿਲਾਫ ਸਾਈਕਲ ਰੈਲੀ ਕੱਢੀ ਗਈ, ਗਣਤੰਤਰ ਦਿਵਸ, ਰਾਸ਼ਟਰੀ ਬਾਲੜੀ ਦਿਵਸ, ਰੁਜ਼ਗਾਰ ਮੇਲਾ, ਵਿਸ਼ਵ ਵਾਤਾਵਰਣ ਦਿਵਸ, ਆਈਪੀਆਰ ’ਤੇ ਵਰਕਸ਼ਾਪ, ਰੈਡ ਕਰਾਸ ਡੇ, ਸਮਾਜਿਕ ਮੁੱਦਿਆਂ ’ਤੇ ਜਾਗਰੂਕਤਾ ਰੈਲੀ, ਰਾਸ਼ਟਰੀ ਪੋਸ਼ਣ ਹਫ਼ਤਾ, ਰਾਸ਼ਟਰੀ ਏਕਤਾ ਦਿਵਸ, ਜਲ ਸ਼ਕਤੀ ਅਭਿਆਨ, ਪਾਣੀ ਦੀ ਬਚਤ ਦਿਵਸ, ਆਜ਼ਾਦੀ ਦਿਵਸ, ਇੱਕ ਹਫ਼ਤਾ ਐਨ.ਐਸ.ਐਸ ਕੈਂਪ ਲਗਵਾਇਆ ਗਿਆ। ਵਿਦਿਆਰਥੀਆਂ ਦੁਆਰਾ ਖੇਡਾਂ ਵਿੱਚ ਰਾਜ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ’ਤੇ ਵਿਸ਼ੇਸ਼ ਪ੍ਰਾਪਤੀਆਂ ਕੀਤੀਆਂ ਗਈਆਂ ਜਿਹਨਾਂ ਵਿੱਚ ਜੂਡੋ ਵਿੱਚ ਕਾਂਸੀ ਦਾ ਤਗਮਾ (ਅੰਤਰ ਕਾਲਜ), 1 ਗੋਲਡ ਮੈਡਲ (ਅੰਤਰ-ਕਾਲਜ ਕੁਸ਼ਤੀ) ਵਿੱਚ ਪ੍ਰਾਪਤ ਕੀਤਾ। ਸਭਿਆਚਾਰਕ ਸਰਗਰਮੀਆਂ ਵਿੱਚ ਕਢਾਈ ਵਿੱਚ ਤੀਸਰਾ ਸਥਾਨ ਪ੍ਰਾਪਤ ਕੀਤਾ। ਅੰਤਰ-ਯੂਨੀਵਰਸਿਟੀ ਪੱਧਰ ਵਿੱਚ ਪੱਛਮੀ ਸੋਲੋ ਇੰਸਟਰੂਮੈਂਟ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ।

## ਆਰੀਅਨਜ਼ ਗਰੁੱਪ ਆਫ਼ ਕਾਲਜਿਜ਼ ਰਾਜਪੁਰਾ, ਨੇੜੇ ਚੰਡੀਗੜ੍ਹ

**ਪ੍ਰਿੰਸੀਪਲ:** ਇੰਚਾਰਜ

ਆਰੀਅਨਜ਼ ਕਾਲਜ ਆਫ਼ ਇੰਜੀਨੀਅਰਿੰਗ, ਆਰੀਅਨਜ਼ ਇੰਸਟੀਚਿਊਟ ਆਫ਼ ਨਰਸਿੰਗ, ਆਰੀਅਨਜ਼ ਡਿਗਰੀ ਕਾਲਜ, ਆਰੀਅਨਜ਼ ਕਾਲਜ ਆਫ਼ ਲਾਅ, ਆਰੀਅਨਜ਼ ਕਾਲਜ ਆਫ਼ ਐਜੂਕੇਸ਼ਨ, ਆਰੀਅਨਜ਼ ਬਿਜ਼ਨਸ ਸਕੂਲ, ਆਰੀਅਨਜ਼ ਕਾਲਜ ਆਫ਼ ਫਾਰਮੇਸੀ, ਆਰੀਅਨਜ਼ ਗਰੁੱਪ ਆਫ਼ ਕਾਲਜਿਜ਼ ਦੇ ਅਧੀਨ ਆਉਂਦੇ ਹਨ। ਆਰੀਅਨਜ਼ ਗਰੁੱਪ ਆਫ਼ ਕਾਲਜਿਜ਼ ਦੇ ਵਿਦਿਆਰਥੀਆਂ ਨੇ ਸਾਲ 2019 ਵਿੱਚ ਵਿਦਿਅਕ ਖੇਤਰ ਵਿੱਚ ਸ਼ਾਨਦਾਰ ਨਤੀਜੇ ਦੇ ਕੇ ਰਿਕਾਰਡ ਕਾਇਮ ਕੀਤਾ। ਕਾਲਜ ਦੇ ਵਿਦਿਆਰਥੀਆਂ ਦੁਆਰਾ ਸੋਲਰ ਕਿਸ਼ਤੀ, ਰਾਮਾਧਾਨ ਐਪ, eMunshi-ਐਡਵੋਕੇਟ ਡਾਇਰੀ ਐਪ ਲਾਂਚ ਕੀਤੇ। ਕਾਲਜ ਵਿੱਚ ਫਾਰਮਾਸਿਸਟ ਦਿਵਸ, ਅੰਤਰਰਾਸ਼ਟਰੀ ਯੋਗ ਦਿਵਸ, ਇਫਤਾਰ ਪਾਰਟੀ ਵਿਸ਼ੇਸ਼ ਸਮਾਰੋਹ ਆਯੋਜਿਤ ਕੀਤੇ। ਰਾਜਪਾਲ ਛੱਤੀਸਗੜ੍ਹ ਨੇ ਆਦੀਵਾਸੀ ਵਿਦਿਆਰਥੀਆਂ ਦੀ ਆਰੀਅਨਜ਼ ਦੀ ਵਿਸ਼ੇਸ਼ ਸਕਾਲਰਸ਼ਿਪ ਦੀ ਸ਼ੁਰੂਆਤ ਕੀਤੀ। ਆਰੀਅਨਜ਼ ਕੈਂਪਸ ਵਿਖੇ ਆਰਟ ਆਫ ਲਿਵਿੰਗ ’ਤੇ ਵਰਕਸ਼ਾਪ ਲਗਾਈ ਗਈ। ਆਰੀਅਨਜ਼ ਦੇ ਸਿਵਲ ਇੰਜੀਨੀਅਰਿੰਗ ਦੇ ਵਿਦਿਆਰਥੀਆਂ ਨੇ ਮੋਹਾਲੀ ਵਿਖੇ ਆਰ.ਐਮ.ਸੀ. ਪਲਾਂਟ ਅਤੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਦਾ ਦੌਰਾ ਕੀਤਾ।